# ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ

# ਸਟੀਕ

## ਚੌਬੀਸ ਅਵਤਾਰ (੧-੧੯)

ਟੀਕਾਕਾਰ - ਸਵਾਮੀ ਹਰਿਨਾਮ ਦਾਸ ਉਦਾਸੀਨ

ਸੰਪਾਦਕ - ਭਜਨ ਸਿੰਘ

ਪ੍ਰਕਾਸ਼ਕ - ਵਿਸ਼ਵ ਨਾਮਧਾਰੀ ਸੰਗਤ

ਸ੍ਰੀ ਭੈਣੀ ਸਾਹਿਬ, ਲਧਿਆਣਾ (ਪੰਜਾਬ)

**ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥ ਪਾਤਿਸਾਹੀ ੧੦॥**

**ਅਥ ਚਉਬੀਸ ਅਉਤਾਰ॥ ਚਉਪਈ॥**

**ਅਬ ਚਉਬੀਸ ਉਚਰੋਂ ਅਵਤਾਰਾ॥ ਜਿਹ ਬਿਧਿ ਤਿਨ ਕਾ ਲਖਾ ਅਖਾਰਾ॥**

**ਸੁਨੀਅਹੁ ਸੰਤ ਸਬੈ ਚਿਤ ਲਾਈ॥ ਬਰਨਤ ਸਯਾਮ ਜਥਾ ਮਤਿ ਭਾਈ॥੧॥**

***ਪਦਾਰਥ:–*** ੴ – ਸਭ ਦੀ ਰੱਖਿਆ ਕਰਨ ਵਾਲਾ, ਪਰਮੇਸ਼ਰ ਇੱਕ ਹੈ। (ਅ) ਇਸ ਤੋਂ ਉਪਰੰਤ, ਮੰਗਲ ਤੋਂ ਬਾਅਦ।

***ਭਾਵਾਰਥ:–*** ਸ੍ਰੀ ਗੁਰੂ ਨਾਨਕ ਦੇਵ ਹੀ ਅਤੇ ਪਰਮੇਸਰ (ਸਿਮਰਨ ਵਾਲੇ) ਵਾਹਿਦ (ਇੱਕ) ਗੁਰੂ ਜੀ ਦੀ ਹੀ ਜਿੱਤ ਹੈ। (ਪਾਤਸ਼ਾਹ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ (ਉਪਰੋਕਤ) ਮੰਗਲ ਤੋਂ ਉਪਰੰਤ ਚੌਵੀ ਅਵਤਾਰਾਂ (ਦਾ ਵਰਣਨ ਕਰਦੇ ਹਨ)। ਹੁਣ ਮੈਂ ਚੌਵੀ ਅਵਤਾਰ ਕਹਿੰਦਾ ਹਾਂ। ਜਿਸ ਤਰ੍ਹਾਂ ਉਨ੍ਹਾਂ ਦਾ (ਅਖਾਰਾ) ਕੌਤਕ (ਪੁਰਾਣ 'ਚੋਂ) ਵੇਖਿਆ ਹੈ। ਹੇ ਸੰਤ ਜਨੋ! ਸਾਰੇ ਦਿਲ ਲਾ ਕੇ ਸੁਣਿਓ। ਹੇ ਭਾਈ! ਸਿਆਮ ਕਵੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਆਪਣੀ ਬੁੱਧੀ ਅਨੁਸਾਰ ਕਹਿੰਦਾ ਹਾਂ॥੧॥

**ਚਉਪਈ॥**

**ਜਬ ਜਬ ਹੋਤ ਅਰਿਸ੍ਟਿ ਅਪਾਰਾ॥ ਤਬ ਤਬ ਦੇਹ ਧਰਤ ਅਵਤਾਰਾ॥**

**ਕਾਲ ਸਬਨ ਕੋ ਪੇਖ ਤਮਾਸਾ॥ ਅੰਤਹ ਕਾਲ ਕਰਤ ਹੈ ਨਾਸਾ॥੨॥**

***ਭਾਵਾਰਥ:–*** ਜਦੋਂ ਜਦੋਂ ਬਹੁਤੇ (ਅਰਿਸਟ– ਵੈਰ ਹੀ ਜਿਨ੍ਹਾਂ ਦਾ ਇਸ਼ਟ ਹੈ) ਦੈਂਤ (ਉਪਦ੍ਰਵ) ਹੁੰਦੇ ਹਨ। ਉਦੋਂ ਹੀ ਅਵਤਾਰ ਦੇਹ ਧਾਰਦੇ ਹਨ। ਕਾਲ (ਭਗਵਾਨ) ਸਾਰਿਆਂ ਦਾ (ਤਮਾਸਾ) ਖੇਲ ਵੇਖ ਕੇ (ਅੰਤਹਕਾਲ) ਅੰਤ ਵੇਲੇ ਨਾਸ ਕਰਦਾ ਹੈ॥੨॥

**ਚੌਪਈ॥**

**ਕਾਲ ਸਭਨ ਕਾ ਕਰਤ ਪਸਾਰਾ॥ ਅੰਤ ਕਾਲ ਸੋਈ ਖਾਪਨਹਾਰਾ॥**

**ਆਪਨ ਰੂਪ ਅਨੰ ਤਨ ਧਰਹੀ॥ ਆਪਹਿ ਮਧਜ ਲੀਨ ਪੁਨ ਕਰਹੀ॥੩॥**

***ਭਾਵਾਰਥ:–*** (ਕਾਲ) ਭਗਵਾਨ ਹੀ ਸਾਰਿਆਂ ਦਾ (ਪਸਾਰਾ) ਫੈਲਾਉ ਕਰਦਾ ਹੈ। (ਅਤੇ) ਓਹੋ ਹੀ ਅਖੀਰ ਵੇਲੇ (ਖਾਪਨ ਹਾਰਾ) ਨਾਸ ਕਰਨ ਵਾਲਾ ਹੈ। ਆਪਣੇ ਸਰੂਪ ਦਾ ਦੂਜਾ (ਹੋਰ) ਸਰੀਰ ਧਾਰਦਾ ਹੈ, ਫੇਰ ਆਪੇ ਹੀ (ਲੀਨ) ਲੈਅ ਕਰ ਲੈਂਦਾ ਹੈ॥੩॥

**ਚਉਪਈ॥**

**ਇਨ ਮਹਿ ਸ੍ਰਿਸ੍ਟਿ ਸੁ ਦਸ ਅਵਤਾਰਾ॥ ਜਿਨ ਮਹਿ ਰਮਿਯਾ ਰਾਮ ਹਮਾਰਾ॥**

**ਅਨਤ ਚਤੁਰਦਸ ਗਨ ਅਵਤਾਰੂ॥ ਕਹੋ ਜੁ ਤਿਨ ਤਿਨ ਕੀਏ ਅਖਾਰੂ॥੪॥**

***ਭਾਵਾਰਥ:–*** ਇਹਨਾਂ ਵਿੱਚ ਸ੍ਰੇਸ਼ਟ ਦਸ ਅਵਤਾਰ ਹਨ। ਜਿਨ੍ਹਾਂ ਵਿੱਚ ਮੇਰਾ (ਰਮਿਆ ਰਾਮ) ਰਾਮ ਰਮਣ ਕਰਦਾ ਰਿਹਾ ਹੈ। ਚੌਦਾਂ ਹੋਰ ਅਵਤਾਰ ਗਿਣਦਾ ਹਾਂ। ਜੋ ਉਨ੍ਹਾਂ ਅਵਤਾਰਾਂ ਨੇ (ਅਖਾਰੂ) ਖੇਲ (ਕੌਤਕ) ਕੀਤੇ ਹਨ (ਉਹ) ਕਹਿੰਦਾ ਹਾਂ॥੪॥

**ਚਉਪਈ॥**

**ਕਾਲ ਆਪਨੋ ਨਾਮੁ ਛਪਾਈ॥ ਅਵਰਨ ਕੇ ਸਿਰਿ ਦੈ ਬੁਰਿਆਈ॥**

**ਆਪਨ ਰਹਤ ਨਿਰਾਲਮ ਜਗ ਤੇ॥ ਜਾਨ ਲਏ ਜਾਨਾ ਮੈ ਤਬ ਤੇ॥੫॥**

***ਭਾਵਾਰਥ:–*** (ਕਾਲ) ਭਗਵਾਨ ਆਪਣਾ ਨਾਂ ਲੁਕਾਉਂਦਾ ਹੋਇਆ ਹੋਰਨਾਂ ਦੇ ਸਿਰ ’ਤੇ ਬੁਰਿਆਈ ਦੇ ਦੇਂਦਾ ਹੈ। ਸੰਸਾਰ ਤੋਂ ਆਪ ਅਲਹਿਦਾ ਰਹਿੰਦਾ ਹੈ। (ਜਾਨ) ਜ਼ਿੰਦਗੀ ਲੈ ਲੈਂਦਾ ਹੈ (ਮੌਤ ਆ ਜਾਂਦੀ ਹੈ), ਮੈਂ (ਏਸ ਹੀ ਵਿਚਾਰ ਨਾਲ) ਉਦੋਂ ਤੋਂ ਜਾਣਿਆ ਹੈ॥੫॥

**ਚਉਪਈ॥**

**ਆਪ ਰਚੈ ਆਪੇ ਕਲ ਘਾਏ॥ ਅਵਰਨ ਕੈ ਦੈ ਮੂੰਡ ਹਤਾਏ॥**
**ਆਪ ਨਿਰਾਲਮੁ ਰਹਾ ਨ ਪਾਯਾ॥ ਤਾਂ ਤੇ ਨਾਮੁ ਬਿਅੰਤ ਕਹਾਯਾ॥੬॥**

***ਭਾਵਾਰਥ:–*** (ਕਲ) ਕਾਲ (ਸਮਾਂ, ਮੌਤ) ਪਰਮੇਸ਼ਰ ਆਪ ਹੀ ਬਣਾਉਂਦਾ ਹੈ ਆਪ ਹੀ (ਘਾਏ) ਨਾਸ ਕਰਦਾ ਹੈ। (ਪਰ) ਹੋਰਨਾਂ ਦੇ ਸਿਰ ’ਤੇ (ਦੋਸ਼) ਦੇ ਕੇ ਮਰਵਾਉਂਦਾ ਹੈ। ਉਹ ਆਪ (ਬਾਕੀ) ਨਿਰਾਲਮ (ਸੰਸਾਰ) ਤੋਂ ਰਹਿੰਦਾ ਹੈ ਪਰ (ਉਸ ਦਾ ਪਾਰਾਵਾਰ) ਨਹੀਂ ਪਾਇਆ ਜਾਂਦਾ। ਏਸੇ ਵਾਸਤੇ (ਉਹਦਾ) ‘ਬੇਅੰਤ’ ਨਾਮ (ਕਹਾਯਾ) ਕਿਹਾ ਜਾਂਦਾ ਹੈ॥੬॥

**ਚਉਪਈ॥**

**ਜੋ ਚਉਬੀਸ ਅਵਤਾਰ ਕਹਾਏ॥ ਤਿਨ ਭੀ ਤੁਮ ਪ੍ਰਭ ਤਨਕ ਨ ਪਾਏ॥**
**ਸਭ ਹੀ ਜਗ ਭਰਮੇ ਭਵਰਾਯੰ॥ ਤਾ ਤੇ ਨਾਮੁ ਬਿਅੰਤ ਕਹਾਯੰ॥੭॥**

***ਭਾਵਾਰਥ:–*** ਜਿਹੜੇ ਚਵੀ ਅਵਤਾਰ ਕਹਾਉਂਦੇ ਰਹੇ। ਹੇ ਪ੍ਰਭੂ! ਉਨ੍ਹਾਂ ਵੀ ਤੈਨੂੰ (ਤਨਕ) ਰਤਾ ਭਰ (ਜ਼ਰਾ ਜਿੰਨਾ) ਨਹੀਂ ਜਾਣਿਆ। ਸਾਰੇ ਸੰਸਾਰ ਨੂੰ ਭਰਮ ਦੇ ਚੱਕਰ ਵਿੱਚ ਭੁਆ ਰਿਹਾ ਹੈ। ਉਸੇ ਤੋਂ ਹੀ (ਤੂੰ!) ਬੇਅੰਤ ਨਾਮ ਵਾਲਾ ਕਹਾਇਆ ਹੈ॥੭॥

**ਚਉਪਈ॥**

**ਸਭ ਹੀ ਛਲਤ ਨ ਆਪ ਛਲਾਯਾ॥ ਤਾ ਤੇ ਛਲੀਆ ਆਪ ਕਹਾਯਾ॥**
**ਸੰਤਨ ਦੁਖੀ ਨਿਰਖਿ ਅਕੁਲਾਵੈ॥ ਦੀਨਬੰਧੁ ਤਾ ਤੇ ਕਹਲਾਵੈ॥੮॥**

***ਭਾਵਾਰਥ:–*** ਸਾਰਿਆਂ ਨੂੰ ਹੀ ਛਲ ਲੈਂਦਾ ਹੈ ਪਰ ਆਪ ਨੂੰ (ਓਸ ਕਦੀ) ਨਹੀਂ ਛਲਵਾਇਆ (ਭਾਵ– ਆਪ ਨਹੀਂ ਛਲਿਆ ਜਾਂਦਾ)। ਏਸ ਵਾਸਤੇ ਹੀ ਆਪ ‘ਛਲੀਆ’ ਕਹਾਉਂਦਾ ਹੈ। ਸੰਤਾਂ ਨੂੰ ਦੁਖੀ ਵੇਖ ਕੇ (ਅਕੁਲਾਵੈ) ਦੁਖੀ ਹੋ ਜਾਂਦਾ ਹੈ। ਏਸ ਵਾਸਤੇ ਹੀ (ਦੀਨਬੰਧੁ) ਗ਼ਰੀਬ ਦਾ ਸਹਾਇਕ ਕਹਾਉਂਦਾ ਹੈ॥੮॥

**ਚਉਪਈ॥**

**ਅੰਤ ਕਰਤ ਸਭ ਜਗ ਕੋ ਕਾਲਾ॥ ਨਾਮੁ ਕਾਲ ਤਾ ਤੇ ਜਗ ਡਾਲਾ॥**
**ਸਮੈ ਸੰਤ ਪਰ ਹੋਤ ਸਹਾਈ॥ ਤਾ ਤੇ ਸੰਖਯਾ ਸੰਤ ਸੁਨਾਈ॥੯॥**

***ਭਾਵਾਰਥ:–*** ਸਮੇਂ ਅਨੁਸਾਰ (ਭਗਵਾਨ) ਸਾਰੇ ਸੰਸਾਰ ਦਾ ਨਾਸ ਕਰ ਦੇਂਦਾ ਹੈ। ਸੰਸਾਰ ਨੇ ਏਸ ਵਾਸਤੇ ਹੀ ‘ਕਾਲ’ ਨਾਮ ਪਾਇਆ ਹੈ। ਸੰਤਾਂ ’ਤੇ (ਦੁੱਖ ਵੇਲੇ) ਸਹਾਇਕ ਹੁੰਦਾ ਹੈ। ਏਸੇ ਵਾਸਤੇ (ਸੰਖਯਾ) ਗਿਣਤੀ ‘ਸੰਤ’ (ਨਾਮ ਦੀ ਵੀ ਮੈਂ) ਸੁਣਾਈ ਹੈ॥੯॥

**ਚਉਪਈ॥**

**ਨਿਰਖ ਦੀਨ ਪਰ ਹੋਤ ਦਯਾਰਾ॥ ਦੀਨਬੰਧੁ ਹਮ ਤਬੈ ਬਿਚਾਰਾ॥**

**ਸੰਤਨ ਪਰ ਕਰੁਣਾ ਰਸ ਢਰਈ॥ ਕਰੁਣਾਨਿਧਿ ਜਗ ਤਬੈ ਉਚਰਈ॥੧੦॥**

***ਭਾਵਾਰਥ:–*** ਗ਼ਰੀਬ ਨੂੰ ਵੇਖ ਕੇ (ਉਸ) ਪਰ (ਦਿਆਰਾ) ਦਇਆਲ ਹੁੰਦਾ ਹੈ। (ਹਮ) ਅਸਾਂ (ਸੰਸਾਰੀਆਂ, ਵਿਦਵਾਨਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਤਾਂ ਹੀ ਗ਼ਰੀਬ ਦਾ ਸਹਾਇਕ ਸਮਝਿਆ ਹੈ। ਸੰਤਾਂ ਉੱਤੇ ਉਸ ਕਰੁਣਾ ਰਸ (ਢਰਈ) ਡੁੱਲ੍ਹਦਾ ਹੈ। ਤਾਂ ਹੀ ਸੰਸਾਰ (ਕਰੁਣਾਨਿਧਿ) (ਮਿਹਰ ਦਾ ਭੰਡਾਰ) ਕਹਿੰਦਾ ਹੈ॥੧੦॥

**ਚਉਪਈ॥**

**ਸੰਕਟ ਹਰਤ ਸਾਧਵਨ ਸਦਾ॥ ਸੰਕਟ ਹਰਨ ਨਾਮੁ ਭਯੋ ਤਦਾ॥**
**ਦੁਖ ਦਾਹਤ ਸੰਤਨ ਕੇ ਆਯੋ॥ ਦੁਖ ਦਾਹਨ ਪ੍ਰਭੁ ਤਦਿਨ ਕਹਾਯੋ॥੧੧॥**

***ਭਾਵਾਰਥ:–*** ਹਮੇਸ਼ਾ ਸਾਧੂਆਂ ਦੇ (ਸੰਕਟ) ਦੁੱਖ (ਕਸ਼ਟ) ਦੂਰ ਕਰਦਾ ਹੈ। (ਤਦਾ) ਤਾਂ ਉਦੋਂ ਤੋਂ ਹੀ (ਸੰਕਟ ਹਰਨ) ਦੁੱਖਾਂ ਨੂੰ ਨਾਸ ਕਰਨ ਵਾਲਾ ਨਾਮ ਹੋਇਆ ਹੈ। ਸੰਤਾਂ ਦੇ ਦੁੱਖ (ਸਦਾ) (ਦਾਹਤ) ਸਾੜਦਾ (ਨਾਸ ਕਰਦਾ) ਆਇਆ ਹੈ। (ਤਦਿਨ) ਉਸੇ ਦਿਨ (ਤੋਂ) ਹੀ (ਪ੍ਰਭੁ) ਪਰਮੇਸ਼ਰ ਦੁੱਖਾਂ ਨੂੰ ਨਾਸ ਕਰਨ ਵਾਲਾ ਕਹਾਇਆ ਹੈ॥੧੧॥

**ਚਉਪਈ॥**

**ਰਹਾ ਅਨੰਤ ਅੰਤ ਨਹੀ ਪਾਯੋ॥ ਯਾ ਤੇ ਨਾਮੁ ਬਿਅੰਤ ਕਹਾਯੋ॥**
**ਜਗ ਮੋ ਰੂਪ ਸਭਨ ਕੇ ਧਰਤਾ॥ ਯਾ ਤੇ ਨਾਮੁ ਬਖਨਿਯਤ ਕਰਤਾ॥੧੨॥**

***ਭਾਵਾਰਥ:–*** (ਪਰਮੇਸ਼ਰ ਹਮੇਸ਼ਾ) (ਅਨੰਤ) ਬੇਅੰਤ ਹੀ ਰਿਹਾ ਹੈ (ਉਸਦਾ) ਅੰਤ (ਕਦੇ) ਪਾਇਆ ਹੀ ਨਹੀਂ (ਗਿਆ)। ਏਸੇ ਵਾਸਤੇ 'ਬਿਅੰਤ' ਨਾਮ ਵਾਲਾ ਕਹਾਇਆ ਹੈ। ਸੰਸਾਰ ਵਿੱਚ ਸਭ (ਜੀਵਾਂ) ਦੇ ਰੂਪ ਬਣਾਉਂਦਾ ਹੈ। ਏਸੇ ਵਾਸਤੇ 'ਕਰਤਾ' (ਕਰਨ ਵਾਲਾ) ਨਾਮ ਕਿਹਾ ਜਾਂਦਾ ਹੈ॥੧੨॥

**ਚਉਪਈ॥**

**ਕਿਨਹੂੰ ਕਹੂੰ ਨ ਤਾਹਿ ਲਖਾਯੋ॥ ਇਹ ਕਰ ਨਾਮੁ ਅਲਖ ਕਹਾਯੋ॥**
**ਜੋਨਿ ਜਗਤ ਮੈ ਕਬਹੂੰ ਨ ਆਯਾ॥ ਯਾ ਤੇ ਸਭੋ ਅਜੋਨਿ ਬਤਾਯਾ॥੧੩॥**

***ਭਾਵਾਰਥ:–*** ਕਿਸੇ ਨੇ ਉਸ ਨੂੰ ਕਦੇ ਵੀ ਨਹੀਂ (ਲਖਾਯੋ) ਜਾਣਿਆ। ਇਸ ਵਾਸਤੇ (ਅਲਖ) ਨਾ ਜਾਨਣਯੋਗ ਨਾਮ ਵਾਲਾ ਅਖਵਾਇਆ ਹੈ। ਸੰਸਾਰ ਦੀਆਂ ਜੋਨੀਆਂ (ਚੁਰਾਸੀ ਲੱਖ ਜੂਨੀਆਂ) ਵਿੱਚ ਕਦੇ ਨਹੀਂ ਆਇਆ। ਏਸੇ ਵਾਸਤੇ ਸਾਰਿਆਂ (ਵਿਦਵਾਨਾਂ, ਗ੍ਰੰਥਾਂ) ਨੇ ਅਜੋਨੀ ਕਿਹਾ ਹੈ॥੧੩॥

**ਚਉਪਈ॥**

**ਬ੍ਰਹਮਾਦਿਕ ਸਬਹੀ ਪਚਹਾਰੇ॥ ਬਿਸਨੁ ਮਹੇਸ੍ਵਰ ਕਉਨ ਬਿਚਾਰੇ॥**
**ਚੰਦ ਸੂਰ ਜਿਨ ਕਰੇ ਬਿਚਾਰਾ॥ ਤਾ ਤੇ ਜਨਿਯਤ ਹੈ ਕਰਤਾਰਾ॥੧੪॥**

***ਭਾਵਾਰਥ:–*** ਬ੍ਰਹਮਾ ਆਦਿਕ ਸਾਰੇ ਹੀ (ਤੇਰਾ ਭੇਦ ਜਾਨਣ ਲਈ) (ਪਚਹਾਰੇ) ਥੱਕ ਗਏ ਹਨ। ਵਿਸ਼ਨੂੰ ਅਤੇ ਸ਼ਿਵ ਕੌਣ ਵਿਚਾਰੇ ਹਨ? ਜੀਹਨੇ ਵਿਚਾਰ ਨਾਲ ਹੀ ਸੰਦ੍ਰਮਾ ਅਤੇ ਸੂਰਜ ਕੀਤੇ ਹਨ। ਏਸੇ ਤੋਂ ਹੀ ਕਰਤਾਰ (ਨਾਮ ਵਾਲਾ) ਜਾਣਿਆ ਜਾਂਦਾ ਹੈ॥੧੪॥

**ਚਉਪਈ॥**

**ਸਦਾ ਅਭੇਖ ਅਭੇਖੀ ਰਹਈ॥ ਤਾ ਤੇ ਜਗਤ ਅਭੇਖੀ ਕਹਈ॥**
**ਅਲਖ ਰੂਪ ਕਿਨਹੂੰ ਨਹਿ ਜਾਨਾ॥ ਤਿਹ ਕਰ ਜਾਤਿ ਅਲੇਖ ਬਖਾਨਾ॥੧੫॥**

***ਭਾਵਾਰਥ:-*** ਸਦਾ ਅਭੇਖ (ਭੇਖ ਰਹਿਤ) ਹੈ (ਭਵਿੱਖ ਕਾਲ ਵਿੱਚ) ਅਭੇਖੀ ਹੀ ਰਹੇਗਾ। (ਏਸੇ ਵਾਸਤੇ) ਸੰਸਾਰ ਅਭੇਖੀ ਹੀ ਕਹਿੰਦਾ ਹੈ। ਕਿਸੇ ਨੇ (ਅਲਖ) ਨਾ ਜਾਨਣ ਯੋਗ ਰੂਪ ਨੂੰ ਜਾਣਿਆ ਹੀ ਨਹੀਂ। ਏਸੇ ਵਾਸਤੇ 'ਅਲੇਖ' ਲੇਖੇ ਵਿੱਚ ਨਾ ਆਉਣ ਵਾਲਾ (ਜਾਤਿ) ਕਿਸਮ ਦਾ ਕਿਹਾ ਹੈ॥੧੫॥

**ਚੌਪਈ॥**

**ਰੂਪ ਅਨੂਪ ਸਰੂਪ ਅਪਾਰਾ॥ ਭੇਖ ਅਭੇਖ ਸਭਨ ਤੇ ਨਿਆਰਾ॥**
**ਦਾਇਕ ਸਭੋ ਅਜਾਚੀ ਸਭ ਤੇ॥ ਜਾਨ ਲਯੋ ਕਰਤਾ ਹਮ ਤਬ ਤੇ॥੧੬॥**

***ਭਾਵਾਰਥ:-*** (ਉਸ ਦੀ) ਸ਼ਕਲ ਅਦਭੁਤ ਬਹੁਤ ਸੁੰਦਰ ਹੈ। ਸਭ ਭੇਖਾਂ (ਧਰਮ) ਅਤੇ ਅਭੇਖਾਂ (ਨਾ ਧਰਮ) ਵਾਲਿਆਂ ਤੋਂ ਅੱਡ ਹੈ। ਸਭ ਦਾ ਦਾਤਾ ਅਤੇ ਕਿਸੇ ਤੋਂ ਮੰਗਣ ਵਾਲਾ ਨਹੀਂ ਹੈ। ਅਸਾਂ ਉਦੋਂ ਤੋਂ ਹੀ (ਉਹਨੂੰ) ਕਰਤਾ (ਪੁਰਖ ਕਰਕੇ) ਸਮਝ ਲਿਆ ਹੈ॥੧੬॥

**ਚੌਪਈ॥**

**ਲਗਨ ਸਗਨ ਤੇ ਰਹਤ ਨਿਰਾਲਮ॥ ਹੈ ਯਹ ਕਥਾ ਜਗਤ ਮੈ ਮਾਲਮ॥**
**ਜੰਤ੍ਰ ਮੰਤ੍ਰ ਤੰਤ੍ਰ ਨ ਰਿਝਾਯਾ॥ ਭੇਖ ਕਰਤ ਕਿਨਹੂੰ ਨਹਿ ਪਾਯਾ॥੧੭॥**

***ਭਾਵਾਰਥ:-*** ਸ਼ਕੁਨ ਅਤੇ ਲਗਨ (ਜਯੋਤਿਸ਼ ਸ਼ਾਸਤਰ) ਤੋਂ ਅੱਡ ਹੀ ਰਹਿੰਦਾ ਹੈ। ਇਹ ਕਥਾ ਸੰਸਾਰ ਵਿੱਚ ਜਾਣੀ ਜਾਂਦੀ ਹੈ। ਯੰਤਰ ਮੰਤਰ ਤੰਤਰਾਂ ਨੇ ਵੀ ਖੁਸ਼ ਨਹੀਂ ਕੀਤਾ। ਕਿਸੇ (ਭੇਖ ਕਰਤ) ਭੇਖਧਾਰੀ ਨੇ ਵੀ ਨਹੀਂ ਪਾਇਆ॥੧੭॥

**ਚੌਪਈ॥**

**ਜਗ ਆਪਨ ਆਪਨ ਉਰਝਾਨਾ॥ ਪਾਰਬ੍ਰਹਮ ਕਾਹੂ ਨ ਪਛਾਨਾ॥**
**ਇਕ ਮੜੀਅਨ ਕਬਰਨ ਵੇ ਜਾਂਹੀ॥ ਦੁਹੂੰਅਨ ਮੈ ਪਰਮੇਸੂਰ ਨਾਹੀ॥੧੮॥**

***ਭਾਵਾਰਥ:-*** ਸੰਸਾਰ ਆਪਣੇ ਆਪਣੇ (ਖ਼ਿਆਲ) ਵਿੱਚ ਹੀ ਫਸਿਆ ਹੋਇਆ ਹੈ। ਕਿਸੇ ਵੀ (ਪਾਰਬ੍ਰਹਮ) ਦੂਰ ਤੱਕ ਵਿਆਪਕ ਨੂੰ (ਪ੍ਰਭੂ) ਨਹੀਂ (ਪਛਾਨਾ) ਸਮਝਿਆ। (ਇਕ) ਕੁਝ (ਹਿੰਦੂ) ਮੜ੍ਹੀਆਂ ਵਿੱਚ ਅਤੇ (ਵੇ) ਉਹ (ਮੁਸਲਮਾਨ) ਕਬਰਸਤਾਨ ਵਿੱਚ ਜਾਂਦੇ ਹਨ। ਪਰ (ਮੜ੍ਹੀਆਂ ਅਤੇ ਕਬਰਾਂ) ਦੋਹਾਂ ਵਿੱਚ ਹੀ ਪਰਮੇਸ਼ਰ ਨਹੀਂ ਹੈ॥੧੮॥

**ਚੌਪਈ॥**

**ਏ ਦੋਊ ਮੋਹ ਬਾਦ ਮੋ ਪਚੇ॥ ਇਨ ਤੇ ਨਾਥ ਨਿਰਾਲੇ ਬਚੇ॥**
**ਜਾ ਤੇ ਛੂਟਿ ਗਯੋ ਭ੍ਰਮ ਉਰ ਕਾ॥ ਤਿਹ ਆਗੈ ਹਿੰਦੂ ਕਿਆ ਤੁਰਕਾ॥੧੯॥**

***ਭਾਵਾਰਥ:-*** ਇਹ ਦੋਵੇਂ (ਹਿੰਦੂ-ਮੁਸਲਮਾਨ) ਆਪਸ ਵਿੱਚ (ਮੋਹ ਬਾਦ) ਝਗੜਾ ਕਰਨ ਵਾਲੇ ਖ਼ਿਆਲ ਵਿੱਚ ਹੀ (ਪਚੇ) ਰੁੱਝੇ ਹੋਏ ਹਨ। (ਨਾਥ) ਸਾਧੂ (ਲੋਕ) ਏਨ੍ਹਾਂ ਤੋਂ ਅੱਡ ਹੋ ਕੇ ਬਚਦੇ ਹਨ। ਜਿਸ (ਸਾਧੂ) ਦੇ ਹਿਰਦੇ ਦਾ ਭਰਮ (ਛੂਟਿ) ਦੂਰ ਹੋ ਗਿਆ ਹੈ। ਉਹਦੇ ਅੱਗੇ (ਖ਼ਿਆਲ ਵਿੱਚ) ਕੀ ਹਿੰਦੂ ਅਤੇ ਕੀ ਮੁਸਲਮਾਨ?॥੧੯॥

**ਚੌਪਈ॥**

**ਇਕ ਤਸਬੀ ਇਕ ਮਾਲਾ ਧਰਹੀ॥ ਏਕ ਕੁਰਾਨ ਪੁਰਾਨ ਉਚਰਹੀ॥**

**ਕਰਤ ਬਿਰੁੱਧ ਗਏ ਮਰ ਮੂੜਾ॥ ਪ੍ਰਭੁ ਕੋ ਰੰਗੁ ਨ ਲਾਗਾ ਗੂੜਾ॥੨੦॥**

***ਭਾਵਾਰਥ:-*** (ਅਨੂਯ) ਇੱਕ (ਮੁਸਮਲਾਨ) ਤਸਬੀ ਪਕੜਦੇ ਹਨ ਅਤੇ ਇੱਕ ਕੁਰਾਨ ਹੀ ਪੜ੍ਹਦੇ ਹਨ, ਇੱਕ (ਹਿੰਦੂ) ਮਾਲਾ ਨੂੰ ਫੜਦੇ ਅਤੇ ਪੁਰਾਣ ਹੀ ਪੜ੍ਹਦੇ ਹਨ। ਪਰ (ਮੂੜਾ) ਮੂਰਖ (ਲੋਗ ਆਪੋ ਵਿੱਚ ਦੀ) ਵਿਰੋਧ ਕਰਦੇ ਮਰ ਗਏ ਅਤੇ (ਪ੍ਰਭੁ) ਪਰਮੇਸ਼ਰ ਦੀ ਭਗਤੀ ਦਾ ਗੂੜ੍ਹਾ ਰੰਗ ਨਾ ਲੱਗ ਸਕਿਆ॥੨੦॥

**ਚੌਪਈ॥**

**ਜੋ ਜੋ ਰੰਗ ਏਕ ਕੇ ਰਾਚੇ॥ ਤੇ ਤੇ ਲੋਕ ਲਾਜ ਤਜਿ ਨਾਚੇ॥**

**ਆਦਿ ਪੁਰਖ ਜਿਨ ਏਕ ਪਛਾਨਾ॥ ਦੁਤੀਆ ਭਾਵ ਨ ਮਨ ਮਹਿ ਆਨਾ॥੨੧॥**

***ਭਾਵਾਰਥ:-*** ਜਿਹੜੇ ਜਿਹੜੇ (ਮਹਾਂਪੁਰਖ) ਇੱਕ (ਬ੍ਰਹਮ) ਦੇ ਰੰਗ ਵਿੱਚ ਰਚੇ ਹਨ, ਉਹ ਉਹ ਹੀ (ਲੋਕ ਲਾਜ) ਸੰਸਾਰ ਦੀ ਸ਼ਰਮ ਛੱਡ ਕੇ ਨੱਚੇ ਹਨ। ਜਿਨ੍ਹਾਂ ਇੱਕ (ਆਦਿ ਪੁਰਖ) ਪਾਰਬ੍ਰਹਮ ਨੂੰ ਸਮਝਿਆ ਹੈ। ਉਹਨਾਂ (ਸੰਤਾਂ) ਨੇ (ਦੁਤੀਆ ਭਾਵ) ਦ੍ਵੈਤ ਦੇ ਭਾਵ ਨੂੰ ਮਨ ਵਿੱਚ ਨਹੀਂ ਲਿਆਂਦਾ॥੨੧॥

**ਚੌਪਈ॥**

**ਜੋ ਜੋ ਭਾਵ ਦੁਤਿਯ ਮਹਿ ਰਾਚੇ॥ ਤੇ ਤੇ ਮੀਤ ਮਿਲਨ ਤੇ ਬਾਚੇ॥**

**ਏਕ ਪੁਰਖ ਜਿਨ ਨੈਕ ਪਛਾਨਾ॥ ਤਿਨ ਹੀ ਪਰਮ ਤੱਤ ਕਹ ਜਾਨਾ॥੨੨॥**

***ਭਾਵਾਰਥ:-*** ਜਿਹੜੇ ਜਿਹੜੇ (ਬੰਦੇ) ਦੁਤੀਆ ਭਾਵ (ਪਰਮੇਸ਼ਰ ਨੂੰ ਆਪਣੇ ਨਾਲੋਂ ਅਲੱਗ ਸਮਝਣਾ) ਵਿੱਚ ਰਚੇ ਹੋਏ ਹਨ, ਉਹ ਉਹ (ਮੀਤ) ਪਰਮੇਸ਼ਰ ਦੇ ਮਿਲਣ ਤੋਂ (ਬਾਚੇ) ਖਾਲੀ ਰਹਿ ਗਏ। ਜਿਨ੍ਹਾਂ ਨੇ ਇੱਕ ਪੁਰਖ (ਪਾਰਬ੍ਰਹਮ) ਨੂੰ ਥੋੜ੍ਹਾ ਜਿੰਨਾ ਵੀ ਪਛਾਣਿਆ ਹੈ, ਉਹਨਾਂ ਹੀ (ਪਰਮ ਤੱਤ) ਆਤਮ ਗਿਆਨ ਨੂੰ ਸਮਝਿਆ ਹੈ॥੨੨॥

**ਚੌਪਈ॥**

**ਜੋਗੀ ਸੰਨਿਆਸੀ ਹੈ ਜੇਤੇ॥ ਮੁੰਡੀਆ ਮੁਸਲਮਾਨ ਗਨ ਕੇਤੇ॥**

**ਭੇਖ ਧਰੇ ਲੂਟਤ ਸੰਸਾਰਾ॥ ਛਪਤ ਸਾਧ ਜਿਹ ਨਾਮੁ ਅਧਾਰਾ॥੨੩॥**

***ਭਾਵਾਰਥ:-*** ਜਿੰਨੇ ਵੀ ਯੋਗੀ ਤੇ ਸਿੰਨਿਆਸੀ ਹਨ। (ਮੁੰਡੀਆ) ਵੈਰਾਗੀ ਅਤੇ (ਕੇਤੇ) ਕਈ (ਗਨ) ਸਾਰੇ (ਜੋ) ਮੁਸਲਮਾਨ ਹਨ, ਭੇਖ ਧਾਰ ਕੇ ਸੰਸਾਰ ਨੂੰ ਲੁੱਟ ਰਹੇ ਹਨ। ਜਿਨ੍ਹਾਂ ਨੂੰ ਨਾਮ (ਸਿਮਰਨ) ਦਾ ਆਸਰਾ ਹੈ ਉਹ ਸਾਧੂ ਤਾਂ ਲੁਕਦੇ (ਰਹਿੰਦੇ) ਹਨ॥੨੩॥

**ਚੌਪਈ॥**

**ਪੇਟ ਹੇਤ ਨਰ ਡਿੰਭੁ ਦਿਖਾਹੀਂ॥ ਡਿੰਭੁ ਕਰੇ ਬਿਨੁ ਪਈਯਤ ਨਾਹੀਂ॥**

**ਜਿਨ ਨਰ ਏਕ ਪੁਰਖ ਕਹ ਧਯਾਯੋ॥ ਤਿਨ ਕਰਿ ਡਿੰਭ ਨ ਕਿਸੀ ਦਿਖਾਯੋ॥੨੪॥**

***ਭਾਵਾਰਥ:-*** ਢਿੱਡ (ਭਰਨ) ਦੇ ਵਾਸਤੇ ਆਦਮੀ (ਡਿੰਭੁ) ਪਾਖੰਡ ਵਿਖਾਉਂਦੇ ਹਨ, ਭੇਖ ਕੀਤੇ ਤੋਂ ਬਿਨਾਂ (ਧਨ) ਨਹੀਂ ਪਾਇਆ ਜਾਂਦਾ। ਜਿਸ ਬੰਦੇ ਨੇ (ਏਕ ਪੁਰਖ) ਪਰਮੇਸ਼ਰ ਨੂੰ ਸਿਮਰਿਆ ਹੈ ਓਸ ਬੰਦੇ ਨੇ ਕਿਸੇ ਨੂੰ ਭੇਖ ਕਰਕੇ ਨਹੀਂ ਵਿਖਾਇਆ॥੨੪॥

**ਚੌਪਈ॥**

**ਡਿੰਭ ਕਰੇ ਬਿਨੁ ਹਾਥਿ ਨ ਆਵੈ॥ ਕੋਊ ਨ ਕਾਹੂ ਸੀਸ ਨਿਵਾਵੈ॥**
**ਜੋ ਇਹੁ ਪੇਟ ਨ ਕਾਹੂ ਹੋਤਾ॥ ਰਾਵ ਰੰਕ ਕਾਹੂ ਕੋ ਕਹਤਾ॥੨੫॥**

***ਭਾਵਾਰਥ:-*** (ਡਿੰਭ) ਪਾਖੰਡ (ਭੇਖ) ਕੀਤੇ ਬਿਨਾਂ (ਹਾਥਿ- ਆਥਿ[੧]) ਮਾਇਆ ਨਹੀਂ ਆਉਂਦੀ। ਕੋਈ ਕਿਸੇ ਨੂੰ (ਸੀਸ) ਮੱਥਾ ਨਹੀਂ (ਨਿਵਾਵੈ) ਟੇਕਦਾ। ਜੇ ਕਿਸੇ ਨੂੰ ਇਹ ਢਿੱਡ ਨਾ (ਲੱਗਾ) ਹੁੰਦਾ। ਤਾਂ ਰਾਜਾ ਅਤੇ ਕੰਗਾਲ ਕੌਣ ਕਿਸੇ ਨੂੰ ਕਹਿੰਦਾ? (ਭਾਵ- ਢਿੱਡ ਨੇ ਹੀ ਰਾਜੇ ਅਤੇ ਕੰਗਾਲ ਬਣਾਏ ਹੋਏ ਹਨ)॥੨੫॥

**ਚੌਪਈ॥**

**ਜਿਨਿ ਪ੍ਰਭੁ ਏਕ ਵਹੈ ਠਹਰਾਯੋ॥ ਤਿਨ ਕਰ ਡਿੰਭ ਨ ਕਿਸੂ ਦਿਖਾਯੋ॥**
**ਸੀਸ ਦਿਯੋ ਉਨ ਸਿਰਰ ਨ ਦੀਨਾ[੨]॥ ਰੰਚ ਸਮਾਨ ਦੇਹ ਕਰਿ ਚੀਨਾ[੩]॥੨੬॥**

***ਭਾਵਾਰਥ:-*** ਜੀਹਨੇ ਓਸ ਇੱਕ ਪ੍ਰਭੂ ਨੂੰ ਹੀ ਮੰਨਿਆ ਹੈ, ਉਹਨੇ ਕਿਸੇ ਨੂੰ ਡਿੰਭ (ਭੇਖ, ਪਾਖੰਡ) ਕਰ ਕੇ ਨਹੀਂ ਵਿਖਾਇਆ। ਉਹਨੇ ਤਾਂ ਸਿਰ ਦੇ ਦਿੱਤਾ ਹੈ ਪਰ (ਸਿਰਰ) ਸਿਰੜ ਮਨ ਦਾ ਨਿਸਚਾ ਨਹੀਂ (ਦੀਨਾ) ਛੱਡਿਆ। (ਆਪਣੇ) ਸਰੀਰ ਨੂੰ (ਰੰਚੁ) ਤੁੱਛ ਮਾਤਰ ਕਰ ਕੇ ਹੀ ਸਮਝਿਆ ਹੈ॥੨੬॥

**ਚੌਪਈ॥**

**ਕਾਨ ਛੇਦ ਜੋਗੀ ਕਹਵਾਯੋ॥ ਅਤਿ ਪ੍ਰਪੰਚ ਕਰਿ ਬਨਹਿ ਸਿਧਾਯੋ॥**
**ਏਕ ਨਾਮੁ ਕੋ ਤੱਤੁ ਨ ਲਯੋ॥ ਬਨ ਕੋ ਭਯੋ ਨ ਗ੍ਰਿਹ ਕੋ ਭਯੋ॥੨੭॥**

***ਭਾਵਾਰਥ:-*** ਜੇ ਕੰਨ (ਛੇਦ) ਪੜਵਾ ਕੇ (ਕੋਈ) ਯੋਗੀ ਸਦਵਾਇਆ ਹੈ। (ਅਤੇ) ਬਹੁਤਾ (ਪ੍ਰਪੰਚ) ਛਲ (ਲੋਕ ਦਿਖਾਵਾ) ਕਰ ਕੇ ਜੰਗਲ ਨੂੰ ਤੁਰ ਵੀ ਗਿਆ, (ਅਤੇ) ਇੱਕ ਨਾਮ (ਸਿਮਰਨ) ਦਾ ਸਾਰ ਨਹੀਂ ਅਪਣਾਇਆ (ਤਾਂ ਉਹ ਯੋਗੀ) ਨਾ ਜੰਗਲ ਦਾ ਹੋਇਆ ਅਤੇ ਨਾ ਹੀ ਘਰ ਦਾ ਹੋਇਆ (ਭਾਵ- ਉਹ ਯੋਗ ਕਿਰਿਆ ਨਿਸਫ਼ਲ ਹੈ)॥੨੭॥

**ਚੌਪਈ॥**

**ਕਹਾ ਲਗੈ ਕਬਿ ਕਥੈ ਬਿਚਾਰਾ॥ ਰਸਨਾ ਏਕ ਨ ਪਇਯਤ ਪਾਰਾ॥**

---

[੧] 'ਹਾਥਿ' ਸ਼ਬਦ ਦਾ ਅਰਥ 'ਹੱਥ' ਕਰਨ ਤੋਂ 'ਮਾਇਆ' ਸ਼ਬਦ ਦਾ ਅਧਜਾਹਾਰ ਕਰਨਾ ਪੈਂਦਾ ਹੈ, ਤਾਂ ਹੀ ਪ੍ਰਕਰਣਾਨੁਸਾਰ ਲਾਵੰਤਾ ਠੀਕ ਬਹਿੰਦੀ ਹੈ। ਵਿਦਵਾਨਾਂ ਵਿੱਚ ਇਹ ਪ੍ਰਥਾ ਬੜੀ ਪੁਰਾਣੀ ਚੱਲੀ ਆ ਰਹੀ ਹੈ। ਲੱਗਦੀ ਵਾਹ ਅਧਜਾਹਾਰ ਨਹੀਂ ਕਰਨਾ, ਜੇ ਮਜ਼ਬੂਰੀ ਵੱਸ ਕਰਨਾ ਪਵੇ ਤਾਂ ਦੂਜੀ ਗੱਲ ਹੈ। ਏਸ ਵਾਸਤੇ ਮੇਰੀ ਵਿਚਾਰ ਅਨੁਸਾਰ ਇਹ ਪਾਠ ਲਿਖਾਰੀ ਤੋਂ 'ਆਥਿ' ਦੀ ਥਾਂ 'ਹਾਥਿ' ਹੋਇਆ ਹੋਇਆ ਹੈ। ਆਮ ਮੁਹਾਵਰੇ ਅਨੁਸਾਰ 'ਹਾਥਿ' ਪਾਠ ਤੋਂ ਵੀ ਅਰਥ 'ਹੱਥ ਵਿੱਚ ਧਨ' ਹੀ ਲਿਆ ਜਾਂਦਾ ਹੈ।

[੨] ਸੰਪ੍ਰਦਾਇਕ ਵਿਦਵਾਨ ਇਹਨਾਂ ਦੋਹਾਂ ਤੁਕਾਂ ਦਾ ਅਰਥ ਸੰਕੇਤਿਕ ਪ੍ਰਕ੍ਰਿਆ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲ ਲੈ ਜਾਂਦੇ ਹਨ ਪਰ ਏਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਕੋਈ ਪ੍ਰਕਰਣ ਨਹੀਂ ਹੈ, ਇਸ ਵਾਸਤੇ ਇਹ ਅਰਥ ਠੀਕ ਨਹੀਂ।

**ਜਿਹਬਾ ਕੋਟਿ ਕੋਟਿ ਕੋਊ ਧਰੈ॥ ਗੁਣ ਸਮੁੰਦ੍ਰ ਤੂ ਪਾਰ ਨ ਪਰੈ॥੨੮॥**

***ਭਾਵਾਰਥ:–*** (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਮੈਂ) ਕਵੀ ਕਿੱਥੋਂ ਤੱਕ (ਆਪਣੀ) ਵਿਚਾਰ ਕਥਨ ਕਰਾਂ? (ਮੇਰੀ) ਇੱਕ ਜੀਭ ਹੈ (ਜਿਸ ਕਾਰਨ) ਪਾਰ ਨਹੀਂ ਪਾਇਆ ਜਾਂਦਾ। ਜੇ ਕੋਈ ਕਰੋੜਾਂ ਦਰ ਕਰੋੜਾਂ ਜਿਹਵਾ ਵੀ (ਧਰੈ) ਰੱਖਦਾ ਹੋਵੇ। (ਹੇ ਪਾਰਬ੍ਰਹਮ!) ਤੇਰੇ ਗੁਣਾਂ ਰੂਪ ਸਮੁੰਦਰ ਤੋਂ (ਉਹ ਵੀ) ਪਾਰ ਨਹੀਂ ਪਾ ਸਕਦਾ॥੨੮॥

**ਚੌਪਈ॥**

**ਪ੍ਰਥਮ ਕਾਲ ਸਭ ਜਗ ਕੋ ਤਾਤਾ॥ ਤਾ ਤੇ ਭਯੋ ਤੇਜ ਬਿਖਜਾਤਾ॥**

**ਸੋਈ ਭਵਾਨੀ ਨਾਮੁ ਕਹਾਈ॥ ਜਿਨ ਸਿਗਰੀ ਯਹ ਸ੍ਰਿਸਟਿ ਉਪਾਈ॥੨੯॥**

***ਭਾਵਾਰਥ:–*** (ਹੁਣ ਸ੍ਰੀ ਗੁਰੂ ਜੀ ਸ੍ਰਿਸ਼ਟੀ ਰਚਨਾ ਬਾਰੇ ਪਰੰਪਰਾ ਦਾ ਵਰਣਨ ਕਰਦੇ ਹਨ ਕਿ) ਪਹਿਲਾਂ ਤਾਂ ਕਾਲ (ਅਕਾਲ ਪੁਰਖ) ਹੀ ਸਾਰੇ ਸੰਸਾਰ ਦਾ (ਤਾਤਾ) ਪਿਤਾ ਹੈ। ਓਸ ਤੋਂ ਹੀ 'ਤੇਜ' (ਬਿਖਜਾਤਾ) ਪ੍ਰਗਟ ਹੋਇਆ ਹੈ। ਉਹੋ (ਤੇਜਮਈ–ਕਾਲ ਹੀ) (ਭਵਾਨੀ) ਮਾਇਆ ਵਾਲੇ ਨਾਮ ਨਾਲ (ਆਪਣੇ ਆਪ ਨੂੰ) ਸਦਵਾਉਂਦਾ ਹੈ। ਜੀਹਨੇ ਇਹ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ॥੨੯॥

**ਚੌਪਈ॥**

**ਪ੍ਰਿਥਮੈ ਓਅੰਕਾਰ ਤਿਨ ਕਹਾ॥ ਸੋ ਧੁਨਿ ਪੂਰਿ ਜਗਤ ਮੋ ਰਹਾ॥**

**ਤਾ ਤੇ ਜਗਤ ਭਯੋ ਬਿਸਥਾਰਾ॥ ਪੁਰਖ ਪ੍ਰਕ੍ਰਿਤਿ ਜਬ ਦੁਹੂੰ ਬਿਚਾਰਾ॥੩੦॥**

***ਭਾਵਾਰਥ:–*** ਉਸਨੇ ਪਹਿਲੋਂ 'ਓਅੰ' ਸ਼ਬਦ ਬੋਲਿਆ, ਓਹੋ ਆਵਾਜ਼ (ਜਗਤ) ਸੰਸਾਰ ਵਿੱਚ (ਪੂਰਿ) ਪੂਰੀ ਤਰ੍ਹਾਂ ਫੈਲ ਗਈ। ਉਸ ਤੋਂ ਹੀ (ਜਗਤ) ਸੰਸਾਰ ਦਾ ਵਿਸਤਾਰ ਹੋਇਆ ਹੈ, ਜਦੋਂ (ਪੁਰਖ) ਅਕਾਲ ਪੁਰਖ ਅਤੇ (ਪ੍ਰਕ੍ਰਿਤਿ) ਮਾਇਆ ਦੋਹਾਂ ਨੇ ਕੀਤੀ ਹੈ॥੩੦॥

**ਚੌਪਈ॥**

**ਜਗਤ ਭਯੋ ਤਾ ਤੇ ਸਭ ਜਨਿਯਤ॥ ਚਾਰ ਖਾਨਿ ਕਰਿ ਪ੍ਰਗਟ ਬਖਨਿਯਤ॥**

**ਸਕਤਿ ਇਤੀ ਨਹਿ ਬਰਨ ਸੁਨਾਊਂ॥ ਭਿੰਨ ਭਿੰਨ ਕਰਿ ਨਾਮ ਬਤਾਊਂ॥੩੧॥**

***ਭਾਵਾਰਥ:–*** ਜਾਣਿਆ ਜਾਂਦਾ ਹੈ ਕਿ ਸਾਰਾ ਸੰਸਾਰ ਉਸੇ ਤੋਂ ਹੀ ਹੋਇਆ ਹੈ। ਜੀਵਾਂ ਦੀ ਉਪਜ ਦੇ ਚਾਰ ਭੇਦ ਪ੍ਰਗਟ ਕਰ ਕੇ ਕਹੇ ਜਾਂਦੇ ਹਨ। (ਓਸ ਚਾਰਖਾਨਿਮਯ ਜਗਤ ਨੂੰ) ਕਹਿ ਸੁਣਾਵਾਂ ਏਨੀ (ਮੇਰੇ ਵਿੱਚ) (ਸਕਤਿ) ਤਾਕਤ ਨਹੀਂ। (ਜੋ ਕਿ) ਅੱਡ ਅੱਡ ਕਰ ਕੇ ਨਾਮ ਦੱਸ ਸਕਾਂ)॥੩੧॥

**ਚੌਪਈ॥**

**ਬਲੀ ਅਬਲੀ ਦੋਊ ਉਪਜਾਏ॥ ਊਚ ਨੀਚ ਕਰ ਭਿੰਨ ਦਿਖਾਏ॥**

**ਬਪੁ ਧਰਿ ਕਾਲ ਬਲੀ ਬਲਵਾਨਾ॥ ਆਪਹ ਰੂਪ ਧਰਤ ਭਯੋ ਨਾਨਾ॥੩੨॥**

***ਭਾਵਾਰਥ:–*** ਤਾਕਤ ਅਤੇ ਨਾ–ਤਾਕਤੇ (ਕਮਜ਼ੋਰ) ਦੋਵੇਂ ਪੈਦਾ ਕਰ ਦਿੱਤੇ। (ਊਚ) ਧਨੀ ਅਤੇ (ਨੀਚ) ਕੰਗਾਲ ਵੀ ਅੱਡ ਕਰ ਕੇ ਵਿਖਾ ਦਿੱਤੇ। ਬਲੀ ਤੋਂ ਬਲੀ ਅਕਾਲ ਪੁਰਖ ਆਪ ਹੀ ਸਰੀਰ ਧਰ ਕੇ (ਨਾਨਾ) ਬੇਅੰਤ ਰੂਪ (ਧਰਤ ਭਯੋ) ਧਾਰੀ ਹੋ ਗਿਆ॥੩੨॥

**ਚੌਪਈ॥**

**ਭਿੰਨ ਭਿੰਨ ਜਿਮੁ ਦੇਹ ਧਰਾਏ॥ ਤਿਮੁ ਤਿਮੁ ਕਰਿ ਅਵਤਾਰ ਕਹਾਏ॥**
**ਪਰਮ ਰੂਪ ਜੋ ਏਕ ਕਹਾਯੋ॥ ਅੰਤ ਸਭੋ ਤਿਹ ਮਧਜ ਮਿਲਾਯੋ॥੩੩॥**

***ਭਾਵਾਰਥ:–*** ਜਿਵੇਂ ਜਿਵੇਂ ਅਕਾਲ ਪੁਰਖ ਨੇ (ਸੰਸਾਰੀ ਜੀਵਾਂ ਦੀਆਂ) ਅੱਡ ਅੱਡ ਦੇਹਾਂ (ਧਰਾਏ) ਧਾਰੀਆਂ ਤਿਵੇਂ ਤਿਵੇਂ (ਕਰਿ) ਉਹ ਅਵਤਾਰ ਦੇ ਰੂਪ ਵਿੱਚ ਪ੍ਰਸਿੱਧ ਹੋਏ ਭਾਵ ਅਵਤਾਰ[੧] ਕਹਾਉਂਦੇ ਰਹੇ ਹਨ। ਜੋ ਇੱਕ (ਪਰਮ) ਮਹਾਂ ਉੱਤਮ ਰੂਪ ਕਹਾਉਂਦਾ ਹੈ, ਆਖਰ ਨੂੰ ਸਾਰਿਆਂ ਨੂੰ (ਓਸੇ ਰੂਪ) ਵਿੱਚ ਮਿਲਾ ਲੈਂਦਾ ਹੈ॥੩੩॥

**ਚੌਪਈ॥**

**ਜਿਤਿਕ ਜਗਤਿ ਕੇ ਜੀਵ ਬਖਾਨੋ॥ ਏਕ ਜੋਤਿ ਸਭ ਹੀ ਮਹਿ ਜਾਨੋ॥**
**ਕਾਲ ਰੂਪ ਭਗਵਾਨ ਭਨੈਬੋ॥ ਤਾ ਮਹਿ ਲੀਨ ਜਗਤਿ ਸਭ ਹ੍ਵੈਬੋ॥੩੪॥**

***ਭਾਵਾਰਥ:–*** (ਜਗਤਿ) ਸ੍ਰਿਸ਼ਟੀ ਦੇ ਜਿੰਨੇ ਕੁ ਜੀਵ ਕਹੇ ਜਾਂਦੇ ਹਨ ਸਾਰਿਆਂ ਵਿੱਚ ਇੱਕ ਹੀ ਜੋਤਿ (ਬ੍ਰਹਮ) ਨੂੰ ਸਮਝੋ। ਭਗਵਾਨ ਜਿਸ ਨੂੰ ਕਾਲ ਰੂਪ ਕਿਹਾ ਜਾਂਦਾ ਹੈ। ਸਾਰੀ (ਜਗਤਿ) ਸ੍ਰਿਸ਼ਟੀ ਓਸ ਵਿੱਚ ਹੀ ਲੀਨ ਹੁੰਦੀ ਹੈ॥੩੪॥

**ਚੌਪਈ॥**

**ਜੋ ਕਿਛੁ ਦਿਸਟਿ ਅਗੋਚਰ ਆਵਤ॥ ਤਾ ਕਹੁ ਮਨ ਮਾਯਾ ਠਹਰਾਵਤ॥**
**ਏਕਹਿ ਆਪ ਸਭਨ ਮੋ ਬਿਆਪਾ॥ ਸਭ ਕੋਈ ਭਿੰਨ ਭਿੰਨ ਕਰਿ ਥਾਪਾ॥੩੫॥**

***ਭਾਵਾਰਥ:–*** ਜੋ ਕੁਝ (ਅਗੋਚਰ) ਨਾ ਦਿਸਣ ਵਾਲਾ (ਅਤੇ) (ਦਿਸਟਿ) ਦਿਸਣ ਵਾਲਾ ਹੈ। ਉਸ ਨੂੰ ਹੀ 'ਮਨ ਦੀ ਮਾਇਆ' ਕਰ ਕੇ ਮੰਨਿਆ ਜਾਂਦਾ ਹੈ। ਇੱਕ (ਪੁਰਖ) ਆਪ ਹੀ ਸਾਰਿਆਂ ਵਿੱਚ ਵਿਆਪਿਆ ਹੋਇਆ ਹੈ। (ਉਸੇ ਨੂੰ ਹੀ) ਹਰ ਕਿਸੇ ਨੇ ਅੱਡ-ਅੱਡ ਕਰਕੇ (ਥਾਪਾ) ਮੰਨਿਆ ਹੋਇਆ ਹੈ॥੩੫॥

**ਚੌਪਈ॥**

**ਸਭ ਹੀ ਮਹਿ ਰਮ ਰਹਯੋ ਅਲੇਖਾ॥ ਮਾਗਤ ਭਿੰਨ ਭਿੰਨ ਤੇ ਲੇਖਾ॥**
**ਜਿਨ ਨਰ ਏਕ ਵਹੈ ਠਹਰਾਯੋ॥ ਤਿਨ ਹੀ ਪਰਮ ਤੱਤੁ ਕਹ ਪਾਯੋ॥੩੬॥**

***ਭਾਵਾਰਥ:–*** (ਅਲੇਖਾ) ਲੇਖ ਰਹਿਤ (ਅਕਾਲ ਪੁਰਖ) ਸਾਰਿਆਂ ਵਿੱਚ ਹੀ (ਰਮ) ਵਿਆਪ ਰਿਹਾ ਹੈ। ਜੋ ਅੱਡ-ਅੱਡ (ਜੀਵਾਂ) ਤੋਂ ਲੇਖਾ ਮੰਗਦਾ ਹੈ। ਜਿਸ ਬੰਦੇ ਨੇ ਇੱਕ ਉਹੋ (ਅਕਾਲ ਪੁਰਖ) ਨੂੰ ਮੰਨਿਆ ਹੈ। ਉਸਨੇ ਹੀ ਆਤਮ ਗਿਆਨ ਨੂੰ ਪਾਇਆ ਹੈ॥੩੬॥

**ਚੌਪਈ॥**

**ਏਕਹ ਰੂਪ ਅਨੂਪ ਸਰੂਪਾ॥ ਰੰਕ ਭਯੋ ਰਾਵ ਕਹੂ ਭੂਪਾ॥**
**ਭਿੰਨ ਭਿੰਨ ਸਭਹਨ ਉਰਝਾਯੋ॥ ਸਭ ਤੇ ਜੁਦੋ ਨ ਕਿਨਹੂੰ ਪਾਯੋ॥੩੭॥**

---

[੧] 'ਅਵਤਾਰ' ਸ਼ਬਦ ਦਾ ਅਰਥ 'ਉਪਰ ਤੋਂ ਹੇਠ ਆਉਣਾ (ਜਨਮ ਲੈਣਾ)' ਹੈ। ਇਸ ਸ਼ਬਦ ਨੂੰ ਸ਼ਰਧਾਲੂਆਂ ਨੇ ਆਪੋ ਆਪਣੀ ਪ੍ਰਵਿਰਤੀ ਅਨੁਸਾਰ ਬਹੁਤ ਵਿਉਂਤਪੱਤੀਆਂ ਵਿੱਚ ਵੰਡ ਕੇ ਹੋਰ ਵੀ ਅਰਥ ਕੀਤੇ ਹੋਏ ਹਨ ਪਰ ਮੁਖ਼ਤਾਰਥ ਉਪਰੋਕਤ ਹੀ ਹੈ। ਇਹ ਪ੍ਰਕਰਣ ਵਿਵਾਦਗ੍ਰਸਤ ਹੈ, ਜਿਸ ਤੋਂ ਵਿਸ਼ੇਸ਼ ਨਿਰਣਾ ਨਹੀਂ ਲਿਖਿਆ।

***ਭਾਵਾਰਥ:–*** (ਅਕਾਲ ਪੁਰਖ ਦਾ) ਇੱਕ ਹੀ ਰੂਪ ਹੈ ਜੋ (ਅਨੂਪ) ਉਪਮਾ ਰਹਿਤ ਸਰੂਪ ਹੈ। ਕਿਤੇ ਗ਼ਰੀਬ ਕਿਤੇ ਅਮੀਰ ਅਤੇ ਕਿਤੇ ਰਾਜਾ ਹੋਇਆ ਹੋਇਆ ਹੈ। ਸਾਰਿਆਂ ਨੂੰ (ਅਕਾਲ ਪੁਰਖ ਨੇ) ਅੱਡ-ਅੱਡ (ਢੰਗਾਂ ਨਾਲ) ਫਸਾਇਆ ਹੋਇਆ ਹੈ। ਸਾਰਿਆਂ (ਜੀਵਾਂ) ਤੋਂ ਅੱਡਰਾ ਹੈ ਅਤੇ ਕਿਸੇ ਨੇ ਵੀ ਉਸਦਾ ਪਾਰਾਵਾਰ ਨਹੀਂ ਪਾਇਆ॥੩੭॥

**ਚੌਪਈ॥**

**ਭਿੰਨ ਭਿੰਨ ਸਭਹੂੰ ਉਪਜਾਯੋ॥ ਭਿੰਨ ਭਿੰਨ ਕਰ ਤਿਨੋ ਖਪਾਯੋ॥**
**ਆਪ ਕਿਸੂ ਕੋ ਦੋਸ ਨ ਲੀਨਾ॥ ਅਉਰਨ ਸਿਰਿ ਬੁਰਿਆਈ ਦੀਨਾ॥੩੮॥**

***ਭਾਵਾਰਥ:–*** (ਪਰਮਾਤਮਾ ਨੇ ਹੀ) ਸਭ ਨੂੰ ਅੱਡ-ਅੱਡ ਪੈਦਾ ਕੀਤਾ ਹੈ- (ਫੇਰ) ਉਨ੍ਹਾਂ ਨੂੰ ਅੱਡ-ਅੱਡ ਕਰ ਕੇ ਹੀ ਮਾਰਿਆ ਹੈ। ਪਰ ਕਿਸੇ ਦੇ (ਮਾਰਨ ਦਾ) ਦੋਸ਼ ਆਪਣੇ ’ਤੇ ਨਹੀਂ ਲਿਆ। ਹੋਰਨਾਂ ਦੇ ਸਿਰ ਹੀ ਬੁਰਿਆਈ ਦਿੱਤੀ ਹੈ॥੩੮॥

**ਚੌਪਈ॥**

**ਸੰਖਾਸੁਰ ਦਾਨਵ ਪੁਨਿ ਭਯੋ॥ ਬਹੁ ਬਿਧਿ ਕੈ ਜਗ ਕੋ ਦੁਖ ਦਯੋ॥**
**ਮੱਛ ਅਵਤਾਰ ਆਪ ਪੁਨਿ ਧਰਾ॥ ਆਪਨ ਜਾਪ ਆਪ ਮੋ ਕਰਾ॥੩੯॥**

***ਭਾਵਾਰਥ:–*** ਫੇਰ ਸੰਖਾਸੁਰ (ਨਾਮੀ) ਦੈਂਤ ਹੋਇਆ। (ਉਸਨੇ) ਸੰਸਾਰ ਨੂੰ ਬਹੁਤ ਤਰ੍ਹਾਂ ਨਾਲ ਦੁੱਖ ਦਿੱਤਾ। (ਅਕਾਲ ਪੁਰਖ ਨੇ) ਫਿਰ ਆਪ ਮੱਛ ਦਾ ਅਵਤਾਰ (ਰੂਪ) ਧਾਰਿਆ। ਆਪਣੇ ਨਿੱਜ ਸਰੂਪ ਦਾ (ਜਾਪ) ਸਿਮਰਨ (ਆਪ ਹੀ) ਪਾਣੀ ਵਿੱਚ ਕੀਤਾ[੧]॥੩੯॥

**ਚੌਪਈ॥**

**ਪ੍ਰਿਥਮੈ ਤੁੱਛ ਮੀਨ ਬਪੁ ਧਰਾ॥ ਪੈਠਿ ਸਮੁਦ੍ਰ ਝਕਝੋਰਨ ਕਰਾ॥**
**ਪੁਨਿ ਪੁਨਿ ਕਰਤ ਭਯੋ ਬਿਸਥਾਰਾ॥ ਸੰਖਾਸੁਰ ਤਬ ਕੋਪ ਬਿਚਾਰਾ॥੪੦॥**

***ਭਾਵਾਰਥ:–*** ਪਹਿਲਾਂ ਤਾਂ (ਤੁੱਛ) ਛੋਟੇ ਜਿਹੇ (ਮੀਨ) ਮੱਛ ਦਾ ਸਰੀਰ ਧਾਰਿਆ ਅਤੇ ਸਮੁੰਦਰ ਵਿੱਚ (ਪੈਠਿ) ਧਸ ਕੇ (ਸਮੁੰਦ੍ਰ ਨੂੰ) (ਝਕਝੋਰਨ) ਹਿਲਾਵਣ (ਮਥਨ) ਕੀਤਾ। ਫੇਰ ਫੇਰ ਭਾਵ ਹੌਲੀ ਹੌਲੀ (ਸਰੀਰ ਦਾ) (ਬਿਸਥਾਰਾ) ਫੈਲਾਉ ਕੀਤਾ। ਤਦੋਂ ਸੰਖਾਸੁਰ ਨੇ ਕ੍ਰੋਧ ਕੀਤਾ॥੪੦॥

**ਭੁਜੰਗ ਪ੍ਰਯਾਤ ਛੰਦ॥**

**ਤਬੈ ਕੋਪ ਗਰਜਯੋ ਬਲੀ ਸੰਖ ਬੀਰੰ॥ ਧਰੇ ਸਸਤ੍ਰ ਅਸਤ੍ਰੰ ਸਜੇ ਲੋਹ ਚੀਰੰ॥**
**ਚਤੁਰ ਬੇਦ ਪਾਤੰ ਕਿਯੋ ਸਿੰਧੁ ਮੱਧੰ॥ ਤ੍ਰਸਯੋ ਅਸ੍ਰਨੈਣੰ ਕਰਯੋ ਜਾਪੁ ਸੁੱਧੰ॥੪੧॥**

---

[੧] ਮਹਾਂਪੁਰਸ਼ਾਂ ਦਾ ਅਟੱਲ ਸਿਧਾਂਤ ਸਿਮਰਨ ਹੈ, ਏਸ ਸਿਮਰਨ ਨੂੰ ਕਿਸੇ ਵੀ ਹਾਲਤ ਵਿੱਚ ਮਹਾਂਪੁਰਸ਼ਾਂ ਨੇ ਨਹੀਂ ਤਿਆਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਏਸ ਸਿਧਾਂਤ ਦੇ ਅਨੁਸਾਰੀ ਹਨ। ਇਕ ਕਥਾ ਸ੍ਰੀਮਦ ਭਾਗਵਤ ਆਦਿਕ ਗ੍ਰੰਥਾਂ ’ਚੋਂ ਸ੍ਰੀ ਗੁਰੂ ਜੀ ਨੇ ਲਈ ਹੈ ਅਤੇ ਏਸੇ ਸਿਧਾਂਤ ਦੇ ਅਨੁਸਾਰ ਰੱਖੀ ਹੈ। ਕਿ ਭਾਵੇਂ ਅਕਾਲ ਪੁਰਖ ਦਾ ਅਵਤਾਰ ਹੀ ਮੱਛ ਹੈ ਪਰ ਉਹ ਵੀ ਆਪਣੇ ਅਨੁਭਵ ਨੂੰ (ਜਾਪ) ਜਾਨਣ ਵਾਸਤੇ ਪਾਣੀ ਵਿੱਚ ਹੀ ਸਿਮਰਨ ਕਰਦਾ ਰਿਹਾ ਹੈ। ਬਚਿਤ੍ਰ ਨਾਟਕ ਦੇ ਛੇਵੇਂ ਅਧਿਆਇ ਵਿੱਚ ਸ੍ਰੀ ਗੁਰੂ ਜੀ ਨੇ ਆਪ ਨੂੰ ਵੀ ਪੂਰਬ ਜਨਮ ਦਾ ਸਿਮਰਨ ਅਨੁਸਾਰੀ ਮੰਨਿਆ ਹੈ। ਜਨਮ ਸਾਖੀ ਵਿੱਚ ਯੁਗਾਵਲੀ ਪ੍ਰਕਰਣ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਰਲਯ ਕਾਲ ਵਿੱਚ ਵੀ ਸਿਮਰਨ ਅਨੁਸਾਰੀ ਲਿਖਿਆ ਹੋਇਆ ਹੈ।

***ਭਾਵਾਰਥ:–*** ਉਦੋਂ ਬਲਵਾਨ ਸੰਖ (ਨਾਮੀ) (ਬੀਰੰ) ਯੋਧਾ ਕ੍ਰੋਧ ਨਾਲ ਗੱਜਿਆ। ਸ਼ਸਤਰ ਅਸਤਰ ਪਹਿਨ ਲਏ ਅਤੇ (ਲੋਹ ਚੀਰ– ਲੋਹੇ ਦਾ ਕੱਪੜਾ) ਸੰਜੋਅ ਪਾ ਲਈ। ਚਹੁੰਆਂ ਵੇਦਾਂ ਨੂੰ (ਜਿਸ) ਸਮੁੰਦਰ ਵਿੱਚ (ਪਾਤੰ) ਸੁੱਟਿਆ, (ਜਿਸ ਤੋਂ) (ਅਸਟਨੈਣੰ[1]) ਬ੍ਰਹਮਾ (ਤ੍ਰਸਜੋ) ਡਰਿਆ ਅਤੇ (ਸੁੱਧੰ) ਪਵਿੱਤਰ (ਜਾਪੁ) ਸਿਮਰਨ ਕੀਤਾ ਸੀ (ਜਿਸ ਤੋਂ ਕਾਲ ਨੇ ਮੱਛ ਅਵਤਾਰ ਧਾਰਿਆ ਸੀ)॥੪॥

**ਭੁਜੰਗ ਪ੍ਰਯਾਤ ਛੰਦ॥**

**ਤਬੈ ਸੰਭਰੇ ਦੀਨ ਹੇਤੰ ਦਿਆਲੰ॥ ਧਰੇ ਲੋਹ ਕ੍ਰੋਹੰ ਕ੍ਰਿਪਾ ਕੈ ਕ੍ਰਿਪਾਲੰ॥**

**ਮਹਾ ਅਸਤ੍ਰ ਪਾਤੰ ਕਰੇ ਸਸਤ੍ਰ ਘਾਤੰ॥ ਟਰੇ ਦੇਵ ਸਰਬੰ ਗਿਰੇ ਲੋਕ ਸਾਤੰ॥੪੨॥**

***ਭਾਵਾਰਥ:–*** ਉਦੋਂ ਹੀ (ਦੀਨ ਹੇਤੰ ਦਿਆਲੰ) ਗ਼ਰੀਬਾਂ ਵਾਸਤੇ ਮਿਹਰਬਾਨ (ਭਗਵਾਨ) (ਸੰਭਰੇ) ਸਾਵਧਾਨ ਹੋ ਗਏ। ਕ੍ਰਿਪਾਲ ਨੇ ਕਿਰਪਾ ਕਰ ਕੇ ਕ੍ਰੋਧ ਨਾਲ (ਲੋਹ) ਸ਼ਸਤਰ ਧਾਰ ਲਏ। ਮਹਾਂ ਅਸਤਰ (ਪਾਤੰ) ਚਲਾਏ ਅਤੇ ਸ਼ਸਤਰਾਂ ਦੇ (ਘਾਤੰ) ਵਾਰ ਕੀਤੇ। ਸਾਰੇ ਦੇਵਤੇ (ਟਰੇ) ਹਿੱਲ ਗਏ ਅਤੇ ਸੱਤ ਲੋਕ (ਟਰੇ) ਡਿੱਗ ਪਏ॥੪੨॥

**ਭੁਜੰਗ ਪ੍ਰਯਾਤ ਛੰਦ॥**

**ਭਏ ਅਸਤ੍ਰਘਾਤੰ ਗਿਰੇ ਚਉਰ ਚੀਰੰ॥ ਰੁਲੇ ਤੱਛ ਮੁੱਛੰ ਉਠੇ[2] ਤਿੱਛ ਤੀਰੰ॥**

**ਗਿਰੇ ਰੁੰਡ ਮੁੰਡੰ ਰਣੰ ਭੀਮ ਰੂਪੰ॥ ਮਨੋ ਖੇਲ ਪਉਢੇ ਹਠੀ ਫਾਗ ਜੂਪੰ॥੪੩॥**

***ਭਾਵਾਰਥ:–*** ਅਸਤਰਾਂ (ਮੁਕਤ ਸ਼ਸਤਰਾਂ) ਦੇ (ਘਾਤ) ਵਾਰਾਂ (ਭਏ) ਨਾਲ ਚੌਰ ਅਤੇ ਕੱਪੜੇ ਡਿੱਗ ਪਏ, (ਯੋਧੇ) (ਤੱਛ ਮੁੱਛੰ) ਵੱਢੇ ਕੱਟੇ ਹੋਏ (ਧੂੜਿ ਵਿੱਚ) ਰੁਲ ਗਏ, ਤਿੱਖੇ ਤੀਰ (ਚਲ) ਉੱਠੇ। ਰੁੰਡ ਧੜ ਅਤੇ (ਮੁੰਡ) ਸਿਰ (ਭੀਮ ਰੂਪ) ਡਰਾਉਣੇ ਰੂਪ ਹੋ ਕੇ ਜੰਗ ਵਿੱਚ ਡਿੱਗੇ ਪਏ ਹਨ। ਮਾਨੋ ਕਿ ਹਠੀ (ਜੁਆਰੀਏ) (ਫਾਗ) ਹੋਲੀ ਵਿੱਚ (ਜੂਪੰ) ਜੂਆ ਖੇਲ ਕੇ (ਪਉਢੇ) ਲੰਮੇ ਪਏ ਹੋਏ ਹਨ॥੪੩॥

**ਭੁਜੰਗ ਪ੍ਰਯਾਤ ਛੰਦ॥**

**ਬਹੇ ਖੱਗਜੰ ਖੇਤ ਖਿੰਗੰ ਸੁਧੀਰੰ॥ ਸੁਭੈ ਸਸਤ੍ਰ ਸੰਜਾਨ ਸੋ ਸੂਰਬੀਰੰ॥**

**ਗਿਰੇ ਗਉਰ ਗਾਜੀ ਖੁਲੇ ਹੱਥਿ ਬੱਥੰ॥ ਨਚਯੋ ਰੁਦ੍ਰ ਰੁਦ੍ਰੰ ਨਚੇ ਮੱਛ ਮੱਥੰ॥੪੪॥**

***ਭਾਵਾਰਥ:–*** (ਖਿੰਗੰ) ਘੋੜਿਆਂ ਵਾਲਿਆਂ (ਸੁਧੀਰੰ) (ਯੋਧਿਆਂ) ਦੇ ਮੈਦਾਨੇ (ਜੰਗ) ਵਿੱਚ (ਖੱਗਜੰ) ਤੀਰ (ਖੜਗਾਂ) ਚੱਲੇ, ਸੂਰਵੀਰ (ਸੰਜਾਨ) ਸੰਜੋਆਂ ਅਤੇ ਸ਼ਸਤਰਾਂ ਨਾਲ (ਸੁਭੈ) ਸਜੇ ਹੋਏ ਹਨ। ਹੱਥਾਂ ਦੀਆਂ (ਬੱਥੰ) ਵਸਤੂਆਂ (ਭਾਵ– ਸ਼ਸਤਰਾਂ) ਤੋਂ (ਖੁਲੇ) ਖਾਲੀ ਹੋ ਕੇ (ਗਉਰ) ਮਹਾਂ (ਗਾਜੀ) ਯੋਧੇ ਡਿੱਗੇ ਪਏ ਹਨ। (ਰੁਦ੍ਰ) ਡਰਾਉਣਾ (ਰੁਦ੍ਰ) ਸ਼ਿਵ ਨੱਚਿਆ ਅਤੇ ਮੱਛ (ਅਵਤਾਰ ਜੀ ਵੀ) ਨੱਚ ਪਏ ਜਿਸ ਨਾਲ ਸਮੁੰਦਰ ਵੀ ਰਿੜਕਿਆ ਜਾਣ ਲੱਗ ਪਿਆ॥੪੪॥

**ਰਸਾਵਲ ਛੰਦ॥**

**ਮਹਾ ਬੀਰ ਗੱਜੇ॥ ਸੁਭੰ ਸਸਤ੍ਰ ਸੱਜੇ॥**

---

[1] ਬ੍ਰਹਮਾ ਦੇ ਚਾਰ ਮੂੰਹ ਹਨ ਅਤੇ ਮਨੁੱਖੀ ਪ੍ਰਕ੍ਰਿਤੀ ਅਨੁਸਾਰ ਇੱਕ-ਇੱਕ ਮੂੰਹ ਨਾਲ ਦੋ-ਦੋ ਅੱਖਾਂ ਦਾ ਸੰਬੰਧ ਹੈ, ਏਸ ਤੋਂ ਬ੍ਰਹਮਾ ਦੀਆਂ ਅੱਠ ਅੱਖਾਂ ਸਿੱਧ ਹੁੰਦੀਆਂ ਹਨ। ਏਸ ਕਿਰਿਆ ਤੋਂ ਬ੍ਰਹਮਾ ਦਾ ਨਾਮ (ਅਸਟਨੈਣੰ) ਅੱਠ ਅੱਖਾਂ ਵਾਲਾ ਬਣਾ ਲਿਆ ਗਿਆ ਹੈ।

[2] ਪ੍ਰਕਰਣ ਨੂੰ ਸੋਚਿਆਂ ਪਤਾ ਲੱਗਦਾ ਹੈ ਕਿ 'ਵੁਠੇ' ਦੀ ਥਾਂ ਲਿਖਾਰੀ ਤੋਂ 'ਉਠੇ' ਪਾਠ ਲਿਖਿਆ ਗਿਆ ਹੈ, ਜਿਸ ਦਾ ਸਿੱਧਾ ਅਰਥ 'ਤਿੱਖੇ ਤੀਰਾਂ ਦੇ ਵਰ੍ਹਨ ਤੋਂ ਤੁੱਛ ਮੁੱਛ ਹੋ ਕੇ (ਯੋਧੇ) ਰੁਲ ਗਏ' ਹੈ।

**ਬਧੇ ਗੱਜਗਾਹੰ॥ ਸੁਹੂਰੰ ਉਛਾਹੰ॥੪੫॥**

***ਭਾਵਾਰਥ:–*** ਮਹਾਨ ਯੋਧੇ (ਗੱਜੇ) ਬੜ੍ਹਕੇ। ਚੰਗੇ ਸ਼ਸਤਰ ਸਜਾਏ ਹੋਏ। (ਗਜ ਗਾਹੰ) ਕਲਗੀਆਂ (ਜਿਗ਼ਾਂ) ਬੰਨ੍ਹ ਕੇ ਉੱਤਮ ਹੂਰਾਂ (ਪਰੀਆਂ) ਲਈ ਉਤਸ਼ਾਹਿਤ ਹਨ॥੪੫॥

**ਰਸਾਵਲ ਛੰਦ॥**

**ਢਲਾ ਢੁੱਕ ਢਾਲੰ॥ ਝਮੀ ਤੇਗ ਕਾਲੰ॥**

**ਕਟਾ ਕਾਟ ਬਾਹੈਂ॥ ਉਭੈ ਜੀਤ ਚਾਹੈਂ॥੪੬॥**

***ਭਾਵਾਰਥ:–*** ਢਾਲਾਂ ਨੂੰ (ਢਲਾ) ਤਰੀਕੇ ਅਨੁਸਾਰ ਕਰ ਕੇ ਢੁੱਕਦੇ ਹਨ। ਕਾਲ (ਭਗਵਾਨ ਭਾਵ ਮੱਛ ਅਵਤਾਰ) ਦੀ ਤਲਵਾਰ ਚਮਕੀ। ਵੱਢਣ ਕੱਟਣ ਨੂੰ (ਤਲਵਾਰਾਂ) ਚਲਾਉਂਦੇ ਹਨ। ਦੋਵੇਂ ਹੀ ਜਿੱਤ ਨੂੰ ਚਾਹੁੰਦੇ ਹਨ॥੪੬॥

**ਰਸਾਵਲ ਛੰਦ॥**

**ਮੁਖੰ ਮੁੱਛ ਬੰਕੀ॥ ਤਮੰ ਤੇਗ ਤੰਕੀ[੧]॥**

**ਫਿਰੈਂ ਗਉਰ ਗਾਜੀ॥ ਨਚੈਂ ਤੁੰਦ ਤਾਜੀ॥੪੭॥**

***ਭਾਵਾਰਥ:–*** ਮੂੰਹਾਂ ਤੇ (ਬੰਕੀ) ਟੇਢੀਆਂ ਮੁੱਛਾਂ ਵਾਲਿਆਂ ਦੀ ਤਲਵਾਰ (ਤਮੰ) ਹਨ੍ਹੇਰੇ ਵਿੱਚ (ਤੰਕੀ) ਚਮਕੀ। (ਗਉਰ) ਮਹਾਨ ਯੋਧੇ ਫਿਰਦੇ ਹਨ। (ਤੁੰਦ) ਤੇਜ਼ (ਤਾਜੀ) ਘੋੜੇ ਨੱਚਦੇ ਹਨ॥੪੭॥

**ਭੁਜੰਗ ਛੰਦ॥**

**ਭਰਯੋ ਰੋਸ ਸੰਖਾਸੁਰੰ ਦੇਖ ਸੈਣੰ॥ ਤਪੇ ਬੀਰ ਬਕੱਤ੍ਰੰ ਕੀਏ ਰਕਤ ਨੈਣੰ॥**

**ਭੁਜਾ ਠੋਕ ਭੂਪੰ ਕਰਯੋ ਨਾਦ ਉੱਚੰ॥ ਸੁਣੇ ਗਰਭਣੀਆਨ ਕੇ ਗਰਭ ਮੁੱਚੰ॥੪੮॥**

***ਭਾਵਾਰਥ:–*** ਸੈਨਾ ਨੂੰ ਵੇਖ ਕੇ ਸੰਖਾਸੁਰ ਕ੍ਰੋਧ ਨਾਲ ਭਰ ਗਿਆ। ਯੋਧੇ ਦਾ (ਬਕਤ੍ਰ) ਮੂੰਹ (ਕ੍ਰੋਧ ਨਾਲ) ਤਪ ਗਿਆ ਅਤੇ ਅੱਖਾਂ (ਰਕਤ) ਲਾਲ ਕਰ ਲਈਆਂ। ਰਾਜੇ (ਸੰਖਾਸੁਰ) ਨੇ ਬਾਹਾਂ ਠੋਕ ਕੇ ਉੱਚੀ ਆਵਾਜ਼ ਕੀਤੀ। (ਜੀਹਨੂੰ) ਸੁਣ ਕੇ ਗਰਭਵੰਤੀਆਂ (ਇਸਤਰੀਆਂ) ਦੇ (ਗਰਭ) ਹਮਲ (ਮੁੱਚੰ) ਡਿੱਗ ਪਏ॥੪੮॥

**ਭੁਜੰਗ॥**

**ਲਗੇ ਠਾਮ ਠਾਮੰ ਦਮਾਮੰ ਦਮੰਕੇ॥ ਖੁਲੇ ਖੇਤ ਮੋ ਖੱਗ ਖੂਨੀ ਖਿਮੰਕੇ॥**

**ਭਏ ਕ੍ਰੂਰ ਭਾਂਤੰ ਕਮਾਣੰ ਕੜੱਕੇ॥ ਨਚੇ ਬੀਰ ਬੈਤਾਲ ਭੂਤੰ ਭੜੱਕੇ॥੪੯॥**

***ਭਾਵਾਰਥ:–*** ਥਾਂ ਪਰ ਥਾਂ (ਦਮਾਮੰ) ਨਗਾਰਿਆਂ ਦੀ ਗੂੰਜ ਪੈਣ ਲੱਗੀ। ਖੁੱਲ੍ਹੇ ਮੈਦਾਨ (ਜੰਗ) ਵਿੱਚ ਖੂਨੀ (ਖੱਗ) ਤਲਵਾਰਾਂ (ਖਿਮੰਕੇ) ਲਿਸ਼ਕੀਆਂ। (ਕ੍ਰੂਰ ਭਾਂਤੰ) ਬੁਰੀ ਤਰ੍ਹਾਂ ਨਾਲ ਕਮਾਨਾਂ ਦੇ ਕੜਾਕੇ ਪਏ। (ਬਵੰਜਾ) ਬੀਰ, ਬੈਤਾਲ (ਭੁਤਾਂ ਦੀ ਇੱਕ ਜਾਤੀ) ਅਤੇ ਭੂਤ ਭੁੜਕੇ॥੪੯॥

**ਭੁਜੰਗ॥**

**ਗਿਰਯੋ ਆਯੁਧੰ ਸਾਯੁਧੰ ਬੀਰ ਖੇਤੰ॥ ਨਚੇ ਕੰਧ ਹੀਣੰ ਕਮੱਧੰ ਅਚੇਤੰ॥**

**ਖੁਲੇ ਖੱਗ ਖੂਨੀ ਖਿਆਲੰ ਖਤੰਗੰ ॥ ਭਜੇ ਕਾਤਰੰ ਸੂਰ ਬੱਜੇ ਨਿਹੰਗੰ॥੫੦॥**

---

[੧] ਪਾਠ– ਅਤੰਕੀ (ਭਿਆਨਕ)

***ਭਾਵਾਰਥ:–*** (ਆਯੁਧੰ) ਸ਼ਸਤਰਾਂ ਨਾਲ (ਸਾਯੁਧੰ) ਸਜੇ ਹੋਏ ਬੀਰ (ਕੇਤੰ) ਮੈਦਾਨੇ ਜੰਗ ਵਿੱਚ ਡਿੱਗੇ। (ਕੰਧ) ਮੋਢੇ (ਭਾਵ ਸਿਰਾਂ) ਤੋਂ ਰਹਿਤ (ਅਚੇਤ) ਬੇਹੋਸ਼ (ਕਮੱਧੰ) ਧੜ ਨੱਚੇ। ਖੂਨੀ ਤਲਵਾਰਾਂ ਅਤੇ (ਖਿਆਲੰ) ਤਿੱਖੇ (ਖਤੰਗੰ) ਤੀਰ ਚੱਲਣ ਲੱਗੇ। (ਕਾਤਰੰ) ਕਾਇਰ ਭੱਜ ਗਏ ਅਤੇ ਯੋਧੇ (ਨਿਹੰਗੰ) ਨਿਸੰਗ ਹੋ ਕੇ (ਬੱਜੇ) ਲੜੇ॥੫੦॥

**ਭੁਜੰਗ॥**

**ਕਟੇ ਚਰਮ ਬਰਮੰ ਗਿਰਯੋ ਸਤ੍ਰ ਸਸਤ੍ਰੰ॥ ਭਕੇ ਭੈਭਰੇ ਭੂਤ ਭੂਮੰ ਨ੍ਰਿਸਤ੍ਰੰ॥**
**ਰਣੰ ਰੰਗ ਰੱਤੇ ਸਭੀ ਰੰਗ ਭੂਮੰ॥ ਗਿਰੇ ਜੁੱਧ ਮੱਧੰ ਬਲੀ ਝੂਮਿ ਝੂਮੰ ੫੧॥**

***ਭਾਵਾਰਥ:–*** (ਚਰਮ) ਢਾਲ, (ਬਰਮੰ) ਸੰਜੋਅ ਅਤੇ ਸ਼ਸਤਰਾਂ ਦੇ ਕੱਟੇ ਜਾਣ ਤੋਂ (ਸਤ੍ਰ) ਵੈਰੀ ਡਿੱਗ ਪਏ। (ਭੂਤ ਭੂਮੰ) ਮੈਦਾਨੇ ਜੰਗ ਵਿੱਚ (ਨ੍ਰਿਸਤ੍ਰੰ) ਅਸਤਰਾਂ ਤੋਂ ਰਹਿਤ ਹੋ ਕੇ (ਭੈ ਭਰੇ) ਭਿਆਨਕ (ਭਕੇ) (ਧੜਾਂ ਦੇ ਜ਼ਖਮਾਂ ਵਿੱਚੋਂ) ਭਕ ਭਕ ਦੀ ਆਵਾਜ਼ ਆ ਰਹੀ ਹੈ। (ਰੰਗ ਭੂਮੰ) ਮੈਦਾਨੇ ਜੰਗ ਵਿੱਚ ਸਾਰੇ ਬਲੀ (ਰਣ ਵਿੱਚ ਰੱਤੇ ਹੋਏ ਹਨ), ਯੋਧੇ (ਝੂਮਿ ਝੂਮੰ) ਭੁਆਟਣੀਆਂ ਖਾ ਖਾ ਕੇ ਯੁੱਧ ਵਿੱਚ ਡਿੱਗਦੇ ਹਨ॥੫੧॥

**ਭੁਜੰਗ॥**

**ਭਯੋ ਦੁੰਦ ਜੁੱਧੰ ਰਣੰ ਸੰਖ ਮੱਛੰ॥ ਮਨੋ ਦੋ ਗਿਰੰ ਜੁੱਧ ਜੁੱਟੇ ਸਪੱਛੰ॥**
**ਕਟੇ ਮਾਸ ਟੁੱਕੰ ਭਖੇ ਗਿੱਧਿ ਬ੍ਰਿਧੰ॥ ਹਸੀ ਜੋਗਣੀ ਚਉਸਠਾ ਸੂਰ ਸੁੱਧੰ॥੫੨॥**

***ਭਾਵਾਰਥ:–*** ਸੰਖਾਸੁਰ ਅਤੇ ਮੱਛ ਦਾ ਰਣ (ਮੈਦਾਨ) ਵਿੱਚ (ਦੁੰਦ) ਭਾਰੀ (ਦੋਹਾਂ ਦਾ) ਜੰਗ ਹੋਇਆ। ਮਾਨੋ ਕਿ (ਸਪੱਛੰ) ਖੰਭਾਂ ਵਾਲੇ ਦੋ ਪਹਾੜ ਜੰਗ ਨੂੰ ਜੁੱਟੇ ਹਨ। ਵੱਢੇ ਹੋਏ ਮਾਸ ਦੇ ਟੁੱਕੜੇ ਵੱਡੀਆਂ ਵੱਡੀਆਂ ਗਿਰਝਾਂ (ਭਖੇ) ਖਾਂਦੀਆਂ ਹਨ (ਸੁੱਧੰ) ਉੱਤਮ ਯੋਧਿਆਂ ਉੱਤੇ ਚੌਂਹਠ ਹੀ ਯੋਗਣੀਆਂ (ਪ੍ਰਸੰਨ ਹੋ ਕੇ) ਹੱਸੀਆਂ॥੫੨॥

**ਭੁਜੰਗ॥**

**ਕਿਯੋਧਾਰ ਬੇਦੰ ਹਤੇ ਸੰਖ ਬੀਰੰ॥ ਤਜਯੋ ਮੱਛ ਰੂਪੰ ਸਜਯੋ ਸੁੰਦ੍ਰ ਚੀਰੰ॥**
**ਸਭੈ ਦੇਵ ਥਾਪੇ ਕਿਯੋ ਦੁਸਟ ਨਾਸੰ॥ ਟਰੇ ਸਰਬ ਦਾਨੋ ਭਰੇ ਜੀਵ ਤ੍ਰਾਸੰ॥੫੩॥**

***ਭਾਵਾਰਥ:–*** ਸੰਖਾਸੁਰ ਯੋਧੇ ਨੂੰ (ਹਤੇ) ਮਾਰ ਕੇ ਵੇਦਾਂ ਦਾ (ਉਧਾਰ) ਬਚਾਉ ਕੀਤਾ। (ਫੇਰ) ਮੱਛ ਰੂਪ ਨੂੰ ਤਿਆਗ ਦਿੱਤਾ ਅਤੇ ਸੋਹਣੇ ਵਸਤਰਾਂ ਨੂੰ ਪਹਿਨ ਲਿਆ। ਦੁਸ਼ਟਾਂ ਦਾ ਨਾਸ ਕਰ ਕੇ ਸਾਰੇ ਦੇਵਤੇ (ਆਪੋ ਆਪਣਿਆਂ ਸਥਾਨਾਂ ’ਤੇ) ਕਾਇਮ ਕਰ ਦਿੱਤੇ। (ਜਿਨ੍ਹਾਂ ਦੇ) ਡਰ ਨਾਲ ਜੀਵ ਭਏ ਹੋਏ ਸਨ–ਉਹ ਸਾਰੇ ਦੈਂਤ (ਟਰੇ) ਦੂਰ ਹੋ ਗਏ॥੫੩॥

**ਤ੍ਰਿਭੰਗੀ ਛੰਦ॥**

**ਸੰਖਾਸੁਰ ਮਾਰੇ ਬੇਦ ਉਧਾਰੇ ਸਤ੍ਰ ਸੰਘਾਰੇ ਜਸੁ ਲੀਨੋ॥**
**ਦੇਵੇਸੁ ਬੁਲਾਯੋ ਰਾਜ ਬਿਠਾਯੋ ਛਤ੍ਰ ਫਿਰਾਯੋ ਸੁਖ ਦੀਨੋ॥**
**ਕੋਟੰ ਬਜਿ ਬਾਜੇ ਅਮਰੇਸੁਰ ਗਾਜੇ ਸੁਭ ਘਰਿ ਸਾਜੇ ਸੋਕ ਹਰੇ॥**
**ਦੈ ਕੋਟਕ ਦਛਨਾ ਕ੍ਰੋਰ ਪ੍ਰਦਛਨਾ ਆਨਿ ਸੁ ਮੱਛ ਕੇ ਪਾਇ ਪਰੇ॥੫੪॥**

***ਭਾਵਾਰਥ:–*** (ਮੱਛ ਅਵਤਾਰ ਨੇ) ਸੰਖਾਸੁਰ ਨੂੰ ਮਾਰ ਕੇ, ਵੇਦਾਂ ਨੂੰ ਬਚਾਇਆ, ਵੈਰੀਆਂ ਨੂੰ ਮਾਰ ਕੇ ਜੱਸ ਲਿਆ। (ਦੇਵੇਸੁ) ਇੰਦਰ ਨੂੰ ਬੁਲਾ ਕੇ ਰਾਜ (ਸਿੰਘਾਸਣ) 'ਤੇ ਬਿਠਾਇਆ ਅਤੇ (ਸਿਰ 'ਤੇ) ਛਤਰ ਝੁਲਵਾ ਕੇ ਸੁੱਖ ਦਿੱਤਾ। ਕਰੋੜਾਂ (ਬਜਿ) ਵਾਜੇ ਵੱਜੇ। (ਅਮਰੇਸੁਰ) ਇੰਦਰ ਹੁਰੀਂ ਗੱਜੇ, ਘਰਾਂ ਨੂੰ ਚੰਗੀ ਤਰ੍ਹਾਂ (ਸਾਜੇ) ਸਜਾਇਆ ਅਤੇ ਗ਼ਮ ਨਾਸ ਕਰ ਦਿੱਤੇ। ਕਰੋੜਾਂ ਦੱਛਣਾਂ (ਭੇਟਾ) ਦੇ ਕੇ ਅਤੇ ਕਰੋੜਾਂ ਹੀ ਪਰਕਰਮਾ ਕਰ ਕੇ (ਇੰਦਰ ਆਦਿਕ ਦੇਵਤੇ) ਮੱਛ (ਅਵਤਾਰ) ਦੇ ਪੈਰੀਂ ਆ ਪਏ॥੫੪॥

**ਇਤਿ ਸ੍ਰੀ ਬਚਿਤ੍ਰ ਨਾਟਕੇ ਮੱਛ ਅਵਤਾਰ ਕਥਨੰ[1] ਸੰਖਾਸੁਰ ਬਧਹ॥**
**ਪ੍ਰਿਥਮ ਅਵਤਾਰ ਬਰਨਨੰ ਸੁਭ ਮਸਤੁ॥੧॥**

***ਭਾਵਾਰਥ:–*** ਏਥੇ ਸੁੰਦਰ ਬਚਿਤ੍ਰ ਨਾਟਕ ਗ੍ਰੰਥ ਵਿੱਚ ਮੱਛ ਅਵਤਾਰ ਦਾ ਅਤੇ ਸੰਖਾਸੁਰ ਦੇ ਮਰਨ ਨੂੰ ਕਥਨ ਕਰ ਚੁੱਕੇ ਹਾਂ। ਜੋ ਪਹਿਲੇ ਅਵਤਾਰ ਦਾ (ਸੁਭ) ਉੱਤਮ ਵਰਣਨ (ਮਸਤੁ) ਹੈ॥੧॥

**ਅਥ ਕੱਛ ਅਵਤਾਰ ਕਥਨੰ॥**

***ਭਾਵਾਰਥ:–*** ਹੁਣ (ਸ੍ਰੀ ਗੁਰੂ ਗੋਬਿੰਦ ਸਿੰਘ, ਮੈਂ) ਕੱਛ ਅਵਤਾਰ (ਸ੍ਰੀਮਦ ਭਾਗਵਤ ਵਿੱਚੋਂ) ਵਰਣਨ ਕਰਦਾ ਹਾਂ।

**ਭੁਜੰਗ ਪ੍ਰਯਾਤ ਛੰਦ॥**
**ਕਿਤੋ ਕਾਲ ਬੀਤਯੋ ਕਰਯੋ ਦੇਵ ਰਾਜੰ॥ ਭਰੇ ਰਾਜ ਧਾਮੰ ਸੁਭੰ ਸਰਬ ਸਾਜੰ॥**
**ਗਜੰ ਬਾਜ ਬੀਣੰ ਬਿਨਾ ਰਤਨ ਭੂਪੰ॥ ਕਰਯੋ ਬਿਸਨੁ ਬੀਚਾਰ ਚਿੱਤੰ ਅਨੂਪੰ॥੧॥**

***ਭਾਵਾਰਥ:–*** (ਦੇਵਰਾਜੰ) ਦੇਵਤਿਆਂ ਦਾ ਰਾਜ (ਸਥਾਪਿਤ) ਕੀਤੇ ਨੂੰ ਕੁਝ ਸਮਾਂ ਬੀਤ ਚੁੱਕਾ ਸੀ। ਸਾਰੀਆਂ (ਸੁਭੰ) ਉੱਤਮ (ਸਾਜੰ) ਵਸਤੂਆਂ ਨਾਲ ਇੰਦਰ ਦਾ ਘਰ ਭਰਿਆ ਹੋਇਆ ਸੀ। (ਪਰ) ਹਾਥੀ ਅਤੇ (ਬਾਜ, ਬਾਜਿ) ਘੋੜਿਆਂ ਤੋਂ (ਬੀਣੰ) ਬਿਨਾਂ ਅਤੇ ਰਤਨਾਂ ਤੋਂ ਬਿਨਾਂ ਹੀ (ਭੂਪੰ) ਰਾਜੇ (ਇੰਦਰ ਆਦਿਕ ਰਹਿੰਦੇ ਸਨ)। (ਇਹ) ਬੇਮਿਸਾਲ ਵਿਚਾਰ (ਭਗਵਾਨ) ਵਿਸ਼ਨੂੰ ਨੇ ਚਿੱਤ ਵਿੱਚ ਕੀਤੀ (ਕਿ ਠੀਕ ਸਮੁੰਦਰ ਰਿੜਕ ਕੇ ਇਹਨਾਂ ਵਸਤੂਆਂ ਦੀ ਥੁੜ੍ਹ ਪੂਰੀ ਕੀਤੀ ਜਾਵੇ)॥੧॥

**ਭੁਜੰਗ ਛੰਦ॥**
**ਸਬੈ ਦੇਵ ਏਕਤ੍ਰ ਕੀਨੇ ਪੁਰਿੰਦ੍ਰੰ॥ ਸਸੰ ਸੂਰਜੰ ਆਦਿ ਲੈ ਕੈ ਉਪਿੰਦ੍ਰੰ॥**
**ਹੁਤੇ ਦਈਤ[2] ਜੇ ਲੋਕ ਮਧਯੰ ਹੰਕਾਰੀ॥ ਭਏ ਏਕਠੇ ਭ੍ਰਾਤਭਾਵੰ ਬਿਚਾਰੀ॥੨॥**

***ਭਾਵਾਰਥ:–*** (ਪਰਿੰਦ੍ਰੰ, ਪੁਰੰਦਰ) ਇੰਦਰ (ਅਥਵਾ ਵਿਸ਼ਨੂੰ) ਨੇ ਚੰਦ, ਸੂਰਜ ਅਤੇ (ਉਪਿੰਦ੍ਰੰ) ਵਾਮਨ ਅਵਤਾਰ ਤੋਂ ਲੈ ਕੇ ਸਾਰੇ ਦੇਵਤੇ ਇਕੱਠੇ ਕਰ ਲਏ। ਜੋ (ਲੋਕ) ਸੰਸਾਰ ਵਿੱਚ ਅਹੰਕਾਰੀ ਦੈਂਤ ਸਨ (ਉਹ ਵੀ) (ਭ੍ਰਾਤਿਭਾਵੰ, ਭ੍ਰਾਤ੍ਰਿਭਾਵ) ਭਾਈਪਨ ਨੂੰ ਸੋਚਦੇ ਹੋਏ ਇਕੱਠੇ ਹੋ ਗਏ॥੨॥

---

[1] ਸਾਡੀ ਵਿਚਾਰ ਅਨੁਸਾਰ ਮੱਛ ਅਵਤਾਰ ਦੀ ਕਥਾ ਤੋਂ ਪ੍ਰਯੋਜਨ ਇਹ ਹੈ ਕਿ ਵੇਦ 'ਸ਼ੰਖ' ਦੀ ਧ੍ਵਨਿ (ਓਅੰ) ਤੋਂ ਪੈਦਾ ਹੋਈ ਹੈ, ਸ਼ੰਖ ਦੀ ਸ਼ਕਲ ਹੀ ਸੰਸਕ੍ਰਿਤੀ ਦੇ 'ੴ' ਦੀ ਸ਼ਕਲ ਹੈ, ਏਸੇ ਵਾਸਤੇ ਉਪਨਿਸ਼ਟਾਂ ਵਿੱਚ 'ਓਅੰ' ਨੂੰ ਸੰਸਾਰ-ਰੂਪ ਅਤੇ ਸਰਵ-ਰੂਪ ਸਵੀਕਾਰ ਕੀਤਾ ਹੋਇਆ ਹੈ। ਮੈਂ ਜਲਜੰਤੂ ਮੱਛ ਅਤੇ ਸ਼ੰਖ ਦਾ ਪੂਰਣ ਗਿਆਤਾ ਨਹੀਂ ਹਾਂ ਕਿ ਮੱਛ ਸ਼ੰਖ ਨੂੰ ਮਾਰ ਸਕਦਾ ਹੈ ਜਾਂ ਨਹੀਂ, ਪਰ ਇਹ ਵਿਚਾਰ ਜ਼ਰੂਰ ਰੱਖਦਾ ਹਾਂ ਕਿ ਇਹ 'ਓਅੰ' ਸ਼ਬਦ ਦੀ ਵਿਆਖਿਆ ਦਾ ਉਪਾਖਯਾਨ ਹੈ। ਅਵਤਾਰਾਂ ਦੀਆਂ ਕਥਾਵਾਂ ਅੱਡ-ਅੱਡ ਵੇਦ ਪ੍ਰਚਾਰ ਦੇ ਆਂਗਿਕ ਉਪਾਖਯਾਨ ਹਨ।

[2] ਇਹ ਪਾਠ ਭੁਜੰਗ ਪ੍ਰਯਾਤ ਛੰਦ ਦੀ ਗਣ ਕਿਰਿਆ ਅਨੁਸਾਰ ਅਸ਼ੁੱਧ ਹੈ, ਏਥੇ ਸ਼ੁੱਧ ਪਾਠ 'ਦੈਤਯ' ਹੀ ਹੋ ਸਕਦਾ ਹੈ।

**ਭੁਜੰਗ॥**

**ਬਦਜੋ ਅਰਧ ਅਰਧੰ ਦੁਹੂ[1] ਬਾਂਟਿ ਲੀਬੋ॥ ਸਬੋ ਬਾਤ ਮਾਨੀ ਯਹੈ ਕਾਮ ਕੀਬੋ॥**

**ਕਰਜੋ ਮੱਥਨੀ ਕੂਟ ਮੰਦ੍ਰਾਚਲੇਯੰ॥ ਤਕਯੋ ਛੀਰ ਸਾਮੁੰਦ੍ਰ ਦੇਅੰ ਅਦੇਯੰ॥੩॥**

***ਭਾਵਾਰਥ:-*** (ਦੇਵਤਿਆਂ ਅਤੇ ਦੈਂਤਾਂ) ਦੋਹਾਂ ਨੇ ਅੱਧੋ ਅੱਧ ਵੰਡ ਲੈਣਾ (ਜੋ ਸਮੁੰਦਰ ਵਿੱਚੋਂ ਨਿਕਲੇ) (ਬਦਯੋ) ਮਿਥ ਲਿਆ। ਸਾਰਿਆਂ ਨੇ ਗੱਲ ਮੰਨ ਲਈ ਕਿ ਏਹੋ ਹੀ ਕੰਮ ਕਰਨਾ ਚਾਹੀਦਾ ਹੈ। ਮੰਦ੍ਰਾਚਲ (ਕੂਟ) ਪਹਾੜ ਨੂੰ (ਮੰਥਨੀ) ਮਧਾਣੀ ਕਰ ਲਿਆ। (ਦੇਅੰ ਅਦੇਯੰ) ਦੇਵਤਿਆਂ ਤੇ ਦੈਂਤਾਂ ਨੇ (ਅਥਵਾ ਅਦੇਯ ਵਸਤੂਆਂ ਨੂੰ ਦੇਣ ਵਾਲਾ) ਛੀਰ ਸਾਗਰ ਨੂੰ ਹੀ (ਤਕਯੋ) ਜਾਣਿਆ॥੩॥

**ਭੁਜੰਗ॥**

**ਕਰੀ ਮੱਥਿਕਾ ਬਾਸਕੰ ਸਿੰਧ ਮੱਧੰ॥ ਮਥੈ ਲਾਗ ਦੋਊ ਭਏ ਅੱਧ ਅੱਧੰ॥**

**ਸਿਰੰ ਦੈਤਜ ਲਾਗੇ ਗਹੀ ਪੂਛ ਦੇਵੰ॥ ਮਥਜੋ ਛੀਰ ਸਿੰਧੈ ਮਨੋ ਮਾਟੁਕੇਵੰ॥੪॥**

***ਭਾਵਾਰਥ:-*** ਸਮੁੰਦਰ ਦੇ ਵਿੱਚ (ਰਿੜਕਣ ਲਈ) ਵਾਸੁਕਿ (ਨਾਗ) ਦੀ (ਮੱਥਿਕਾ) ਰੱਸੀ (ਨੇਤ੍ਰਾ) ਕੀਤੀ। ਅੱਧੋ ਅੱਧ (ਹੋ ਕੇ) ਰਿੜਕਣ ਲੱਗ ਪਏ। ਸਿਰ ਵੱਲ ਦੈਂਤ ਲੱਗ ਗਏ ਅਤੇ ਦੇਵਤਿਆਂ ਨੇ ਪੂਛ ਫੜ ਲਈ। ਮਾਨੋ ਕਿ (ਦਹੀਂ ਦੀ) (ਮਾਟੁਕੇਵੰ) ਚਾਟੀ ਵਾਂਗ ਖੀਰ ਸਮੁੰਦਰ ਨੂੰ ਰਿੜਕਦੇ ਹਨ॥੪॥

**ਭੁਜੰਗ ਛੰਦ॥**

**ਇਸੋ ਕਉਣ ਬੀਯੋ ਧਰੇ ਭਾਰ ਪੱਬੰ॥ ਉਠੇ ਕਾਂਪ ਵੈ ਦਿਤਜਾਦਿਤਜ ਸੱਬੰ॥**

**ਤਬੈ ਆਪ ਹੀ ਬਿਸਨੁ ਮੰਤ੍ਰੰ ਬਿਚਾਰਜੋ॥ ਤਰੇ ਪਰਬਤੰ ਕੱਛਪੰ ਰੂਪ ਧਾਰਜੋ॥੫॥**

***ਭਾਵਾਰਥ:-*** ਐਹੋ ਜਿਹਾ ਕੌਣ (ਬੀਯੋ) ਜੰਮਿਆ ਸੀ ਜੋ (ਪੱਬੰ) ਪਹਾੜ (ਮੰਦ੍ਰਾਚਲ) ਦਾ ਭਾਰ (ਧਰੇ) ਚੁੱਕ ਸਕਦਾ ਸੀ? (ਭਾਵ- ਕੋਈ ਨਹੀਂ ਸੀ)। ਉਹ ਸਾਰੇ (ਦਿਤਜ- ਦਿਤੀ ਤੋਂ ਪੈਦਾ ਹੋਏ) ਦੈਂਤ ਅਤੇ (ਆਦਿਤਜ- ਅਦਿਤੀ ਤੋਂ ਪੈਦਾ ਹੋਏ-ਕਸ਼ਿਅਪ ਰਿਸ਼ੀ ਦੇ ਪੁੱਤਰ) ਦੇਵਤੇ ਕੰਬ ਉੱਠੇ ਸਨ। ਫੇਰ ਆਪ ਹੀ ਵਿਸ਼ਨੂੰ ਨੇ (ਮੰਤ੍ਰੰ) ਵਿਚਾਰ ਨੂੰ ਵਿਚਾਰਿਆ। ਤਾਂ (ਮੰਦ੍ਰਾਚਲ) ਪਰਬਤ ਦੇ ਹੇਠ ਕੱਛੂ ਰੂਪ (ਧਾਰਜੋ) ਬਣਾ ਲਿਆ॥੫॥

**ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਕਛ ਅਵਤਾਰ ਬਰਨਨੰ ਦੁਤੀਆ ਅਵਤਾਰ ਸੰਪੂਰਣ ਮਸਤੁ ਸੁਭ ਮਸਤੁ ॥੨॥[2]**

ਏਥੇ ਸੁੰਦਰ ਬਚਿਤ੍ਰ ਨਾਟਕ ਗ੍ਰੰਥ ਵਿੱਚ ਕਛ ਅਵਤਾਰ ਦਾ ਵਰਣਨ ਕੀਤਾ ਜਾ ਚੁੱਕਾ ਹੈ, ਜੋ ਦੂਜੇ ਅਵਤਾਰ (ਦਾ ਪ੍ਰਸੰਗ) ਪੂਰਾ ਹੋਇਆ ਹੈ, ਸ਼ੁਭ ਹੈ॥੨॥

**ਅਥ ਛੀਰ ਸਮੁੰਦ੍ਰ ਮਥਨ ਚਉਦਹ ਰਤਨ ਕਥਨੰ॥ ਸ੍ਰੀ ਭਗਉਤੀ ਜੀ ਸਹਾਇ॥**

**ਤੋਟਕ ਛੰਦ॥ ਮਿਲਿ ਦੇਵ ਅਦੇਵਨ ਸਿੰਧੁ ਮਥਜੋ॥ ਕਬਿ ਸਜਾਮ ਕਵਿੱਤਨ ਮਧਜ ਕਥਜੋ॥**

**ਤਬ ਰਤਨ ਚਤੁਰਦਸ ਯੌਂ ਨਿਕਸੇ॥ ਅਸਿਤਾ ਨਿਸ ਮੋਂ ਸਸਿ ਸੇ ਬਿਕਸੇ॥੧॥**

---

[1] ਪਾਠ- ਧਨੰ

[2] ਅਵਤਾਰ ਗਿਣਤੀ ਦੇ ਇਹ ਅੰਗ ਵੀ ਪ੍ਰੈਸ ਵਿੱਚ ਆਈ ਬੀੜ ਵਿੱਚ ਨਹੀਂ ਹਨ ਅਤੇ ਇਤਿ ਸ੍ਰੀ ਦਾ ਪਾਠ ਵੀ 'ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਦੁਤੀਆ ਅਉਤਾਰ ਸਪੂਰਨ ਮਸਤ' ਹੀ ਹੈ।

***ਭਾਵਾਰਥ:–*** ਦੇਵਤਿਆਂ ਅਤੇ ਦੈਂਤਾਂ ਨੇ ਮਿਲ ਕੇ (ਛੀਰ) ਸਮੁੰਦਰ ਨੂੰ (ਜਿਵੇਂ) ਰਿੜਕਿਆ ਸੀ (ਕਬਿ ਸਜਾਮ) ਮੈਂ (ਸ੍ਰੀ ਗੁਰੂ) ਗੋਬਿੰਦ (ਸਿੰਘ ਜੀ) ਕਵੀ ਨੇ (ਕਵਿੱਤਨ) ਛੰਦਾਂ ਵਿੱਚ ਕਹਿਆ ਹੈ। ਤਦੋਂ ਚੌਦਾਂ ਰਤਨ ਇਸ ਤਰ੍ਹਾਂ ਦੇ ਇਓਂ ਨਿਕਲੇ ਜੋ (ਅਸਿਤਾ) ਹਨ੍ਹੇਰੀ (ਕਾਲੀ) ਰਾਤ ਵਿੱਚ ਚੰਦ ਵਾਂਗ (ਬਿਕਸੇ) ਚਮਕੇ ਸਨ॥੧॥

**ਤੋਟਕ ਛੰਦ॥**

**ਅਮਰਾਂਤਕ ਸੀਸ ਕੀ ਓਰ ਹੂਅੰ॥ ਮਿਲਿ ਪੂਛ ਗਹੀ ਦਿਸ ਦੇਵ ਦੂਅੰ॥**
**ਰਤਨੰ ਨਿਕਸੇ ਬਿਗਸੇ ਸਸਿ ਸੇ ॥ ਜਨੁ ਘੂਟਨ ਲੇਤ ਅਮੀ ਰਸ ਕੇ॥੨॥**

***ਭਾਵਾਰਥ:–*** (ਅਮਰਾਂਤਕ– ਦੇਵਤਿਆਂ ਨੂੰ ਦੁੱਖ ਦੇਣ ਵਾਲਾ) ਦੈਂਤ ਸਿਰ ਦੇ ਵੱਲ ਹੋਏ। ਦੂਜੇ ਪਾਸੇ ਦੇਵਤਿਆਂ ਨੇ ਮਿਲ ਕੇ (ਵਾਸੁਨਿ ਨਾਗ ਦੀ) ਪੂਛ ਫੜੀ। (ਜਿਸ ਤੋਂ) ਚੰਦ ਵਰਗੇ (ਬਿਗਸੇ) ਚਮਕਦਾਰ ਰਤਨ ਨਿਕਲੇ, ਮਾਨੋ ਕਿ (ਦੇਵਤੇ ਅਤੇ ਦੈਂਤ) ਅੰਮ੍ਰਿਤ ਰਸ ਦੇ ਘੁੱਟ (ਲੇਤ) ਭਰਦੇ ਸਨ॥੨॥

**ਤੋਟਕ॥**

**ਨਿਕਸਯੋ ਧਨੁ ਸਾਇਕ ਸੁੱਧ ਸਿਤੰ॥ ਮਧੁ ਪਾਨ ਕਢਯੋ ਘਟ ਮਦਜ ਮਤੰ॥**
**ਗਜ ਬਾਜਿ ਸੁਧਾ[1] ਲਛਮੀ ਨਿਕਸੀ॥ ਘਨ ਮੋ ਮਨੋ ਬਿੱਦੁਲਤਾ ਬਿਗਸੀ॥੩॥**

***ਭਾਵਾਰਥ:–*** (ਸੁੱਧ) ਸ਼ੁੱਧ ਚਿੱਟਾ ਧਨੁਸ਼ ਅਤੇ (ਸਾਇਕ) ਤੀਰ ਨਿਕਲਿਆ। (ਮਧੁ ਪਾਨ) ਅੰਮ੍ਰਿਤ ਦਾ ਘੜਾ ਅਤੇ (ਮਤੰ) ਮਸਤੀ ਵਾਲੀ (ਮਦ) ਸ਼ਰਾਬ ਦਾ ਘੜਾ ਕੱਢਿਆ ਗਿਆ। (ਜਗ) ਐਰਾਵਤ ਹਾਥੀ, (ਬਾਜਿ) ਉਚੈ-ਸ੍ਰਵਾ ਘੋੜਾ ਅਤੇ (ਸੁਧਾ) ਨਿਰਮਲ (ਗੋਰੇ ਰੰਗ ਦੀ) ਲੱਛਮੀ ਨਿਕਲੀ। ਮਾਨੋ ਕਿ ਬੱਦਲ  ਵਿੱਚੋਂ (ਬਿਦੁਲਤਾ) ਬਿਜਲੀ ਚਮਕੀ ਸੀ॥੩॥

**ਤੋਟਕ ਛੰਦ॥**

**ਕਲਪਾ ਦ੍ਰੁਮ ਮਾਹੁਰ ਅਉ ਰੰਭਾ॥ ਜਿਹ ਮੋਹਿ ਰਹੀ ਲਖ ਇੰਦ੍ਰ ਸਭਾ॥**
**ਮਣਿ ਕੌਸਤੁਭ ਚੰਦ ਸੁਰੂਪ ਸੁਭੰ॥ ਜਿਹ ਭੱਜਤ ਦੈਤਜ ਬਿਲੋਕ ਜੁਧੰ॥੪॥**

***ਭਾਵਾਰਥ:–*** ਕਲਪ ਵ੍ਰਿਛ, ਜ਼ਹਿਰ ਅਤੇ ਰੰਭਾ (ਅਪਸਰਾ) (ਨਿਕਲੀ) ਜੀਹਨੂੰ ਵੇਖ ਕੇ ਇੰਦਰ ਦੀ ਸਭਾ (ਸੁਧਰਮਾ) ਮੋਹਿਤ ਹੋ ਰਹੀ ਸੀ। ਕੌਸਤੁਭ ਮਣੀ ਅਤੇ ਸੁੰਦਰ ਸਰੂਪ ਵਾਲਾ ਚੰਦ (ਨਿਕਲਿਆ) ਜਿਨ੍ਹਾਂ (ਭਾਵ– ਇਹਨਾਂ ਵਸਤੂਆਂ) ਨੂੰ ਵੇਖ ਕੇ ਦੈਂਤ ਯੁੱਧ ਲਈ ਭੱਜਦੇ ਹਨ (ਭਾਵ– ਲੈਣ ਲਈ)॥੪॥

**ਤੋਟਕ ਛੰਦ॥**

**ਨਿਕਸੀ ਗਵਰਾਜ ਸੁ ਧੇਨੁ ਭਲੀ॥ ਜਿਹ ਛੀਨਿ ਲਯੋ ਸਹਸਾਸਤ੍ਰ ਬਲੀ॥**
**ਗਨ ਰਤਨ ਗਨਉ ਉਪਰਤਨ ਅਬੈ॥ ਤੁਮ ਸੰਤ ਸੁਨੋ ਚਿਤ ਲਾਇ ਸਬੈ॥੫॥**

***ਭਾਵਾਰਥ:–*** (ਭਲੀ) ਉੱਤਮ ਅਤੇ (ਗਵਰਾਜ) ਮਹਾਨ ਗਊ (ਕਾਮ) ਧੇਨੁ ਨਿਕਲੀ। ਜੀਹਨੂੰ ਬਾਅਦ ਵਿੱਚ (ਸਹਸਾਸਤ੍ਰ) ਸਹਸ (ਬਾਹੁ) ਬਲਵਾਨ ਨੇ (ਯਮਦਗਨਿ ਰਿਸ਼ੀ ਪਾਸੋਂ) ਖੋਹ ਲਿਆ ਸੀ। ਰਤਨ

---

[1] ਪਾਠ– ਗਦਾ

ਗਿਣ ਲਏ ਹਨ ਅਤੇ ਹੁਣ (ਮੈਂ, ਸ੍ਰੀ ਗੁਰੂ ਗੋਬਿੰਦ ਸਿੰਘ) (ਉਪ) ਛੋਟੇ ਰਤਨ ਗਿਣਦਾ ਹਾਂ। ਹੇ ਸਭ ਸੰਤ ਜਨੋ! ਤੁਸੀਂ ਚਿੱਤ ਲਾ ਕੇ ਸੁਣੋ॥੫॥

**ਤੋਟਕ ਛੰਦ॥**

**ਗਨ ਜੋਕ ਹਰੀਤਕੀ ਓਰ ਮਧੰ॥ ਜਨ ਪੰਚ ਸੁ ਨਾਮਯ ਸੰਖ ਸੁਭੰ॥**

**ਸਸਿ ਬੇਲਿ ਬਿਜਿਯਾ ਅਰੁ ਚੱਕ੍ਰ ਗਦਾ॥ ਜੁਵਰਾਜ ਬਿਰਾਜਤ ਪਾਨ ਸਦਾ॥੬॥**

***ਭਾਵਾਰਥ:–*** ਮੈਂ (ਗਨ) ਗਿਣਦਾ ਹਾਂ ਕਿ ਜੋਕ, (ਹਰੀਤਕੀ) ਹਰੜ, (ਓਰ) ਅਤੇ (ਮਧੰ) ਸ਼ਹਿਦ, ਪੰਚ ਜਨਜ ਨਾਮ ਦਾ ਉੱਤਮ ਸੰਖ। (ਸਸਿ ਬੇਲਿ) ਸੋਮਵੇੱਲੀ, (ਬਿਜਿਯਾ) ਭੰਗ, ਸੁਦਰਸ਼ਨ ਚੱਕਰ ਅਤੇ ਗਦਾ–ਜੋ (ਜੁਵਰਾਜ) (ਵਿਸ਼ਨੂੰ ਭਗਵਾਨ) ਦੇ ਹਮੇਸ਼ਾ ਹੀ ਹੱਥ ਵਿੱਚ ਰਹਿੰਦੇ ਹਨ॥੬॥

**ਤੋਟਕ॥**

**ਧਨੁ ਸਾਰੰਗ ਨੰਦਗ ਖਗ ਭਣੰ॥ ਜਿਨਿ ਖੰਡਿ ਕਰੇ ਗਨ ਦੈਤਜ ਰਣੰ॥**

**ਸਿਵ ਸੂਲ ਬੜਵਾਨਲ ਕਪਿਲ ਮੁਨੰ॥ ਤ ਧਨੰਤਰਿ ਚਉਦਸਵੋ ਰਤਨੰ॥੭॥**

***ਭਾਵਾਰਥ:–*** ਸਾਰੰਗ (ਨਾਮੇ) ਧਨੁਸ਼ ਅਤੇ ਨੰਦਗ (ਨਾਮੇ) (ਖਗ) ਖੜਗ ਕਹਿਆ ਹੈ। ਜੀਹਨੇ ਬਹੁਤ ਦੈਂਤ ਜੰਗ ਵਿੱਚ (ਖੰਡਿ) ਟੁਕੜੇ (ਟੁਕੜੇ) ਕਰ ਦਿੱਤੇ। ਸ਼ਿਵ ਜੀ ਦਾ ਸੂਲ (ਤ੍ਰਿਸ਼ੂਲ) ਬੜਵਾ ਅਗਨੀ ਅਤੇ ਕਪਿਲ ਮੁਨੀ। (ਤ) ਅਤੇ ਧਨੰਤਰ ਚੌਦਵਾਂ ਰਤਨ ਨਿਕਲਿਆ ਸੀ॥੭॥

**ਗਨ ਰਤਨ ਉਪਰਤਨ ਔ ਧਾਤੁ ਗਨੋ॥ ਕਹਿ ਧਾਤੁ ਸਬੈ ਉਪਧਾਤੁ ਭਨੋ॥**

**ਸਬ ਨਾਮ ਜਥਾ ਮਤਿ ਸਜਾਮ ਧਰੋ॥ ਘਟ ਜਾਨ ਕਵੀ ਜਿਨ ਨਿੰਦ ਕਰੋ॥੮॥**

***ਭਾਵਾਰਥ:–*** ਰਤਨਾਂ ਅਤੇ ਉਪ–ਰਤਨਾਂ ਨੂੰ ਗਿਣ ਕੇ ਅਤੇ ਧਾਤੂਆਂ ਗਿਣਦਾ ਹਾਂ। ਸਾਰੀਆਂ ਧਾਤੂਆਂ ਕਹਿ ਕੇ (ਫੇਰ) ਉਪ–ਧਾਤੂਆਂ ਕਹਾਂਗਾ। (ਮੈਂ) ਸਜਾਮ (ਸ੍ਰੀ ਗੁਰੂ ਗੋਬਿੰਦ ਸਿੰਘ) ਕਵੀ ਨੇ ਬੁੱਧੀ ਅਨੁਸਾਰ ਸਾਰੇ ਨਾਂ (ਗ੍ਰੰਥ ਵਿੱਚ) ਲਿਖੇ ਹਨ। ਬੁੱਧੀ (ਘਟ) ਕਮ ਸਮਝ ਕੇ ਹੇ ਕਵੀਓ! ਨਿੰਦਿਆ (ਜਿਨ) ਮਤ (ਨਾ) ਕਰਨੀ॥੮॥

**ਤੋਟਕ ਛੰਦ॥**

**ਪ੍ਰਿਥਮੋ ਗਨ ਲੋਹ ਸਿਕਾ ਸ੍ਵਰਨੰ॥ ਚਤੁਰਥਿ ਭਨਿ ਧਾਤੁ ਸਿਤੰ ਰੁਕਮੰ॥**

**ਬਹੁਰੋ ਕਥ ਤਾਂਬਰ ਕਲੀ ਪਿਤਰੰ॥ ਕਥਿ ਅਸਟਮ ਜਿਸਤੁ ਹੈ ਧਾਤੁ ਧਰੰ॥੯॥**

***ਭਾਵਾਰਥ:–*** ਪਹਿਲਾਂ ਲੋਹਾ, ਸਿੱਕਾ ਅਤੇ ਸੋਨਾ ਗਿਣਿਆ ਹੈ। ਚੌਥੀ ਧਾਤ (ਸਿਤੰ) ਚਿੱਟੀ (ਰੁਕਮੰ) ਚਾਂਦੀ ਦੱਸਦਾ ਹਾਂ। ਫੇਰ ਤਾਂਬਾ, ਕਲੀ ਅਤੇ ਪਿੱਤਲ ਕਿਹਾ ਜਾਂਦਾ ਹੈ। (ਧਰੰ) ਜ਼ਮੀਨ ਉੱਤੇ ਅੱਠਵੀਂ ਧਾਤੂ ਜਿਸਤ ਨੂੰ ਕਿਹਾ ਜਾਂਦਾ ਹੈ॥੯॥

**ਤੋਟਕ ਛੰਦ॥ ਉਪਧਾਤੁ ਕਥਨੰ॥**

**ਸੁਰਮੰ ਸਿੰਗਰਫ ਹਰਤਾਲ ਗਣੰ॥ ਚਤੁਰਥ ਤਿਹ ਸਿੰਬਲਖਾਰ ਭਣੰ॥**

**ਮ੍ਰਿਤ ਸੰਖ ਮਨਾਸਿਲ ਅਭ੍ਰਕਯੰ॥ ਭਨ ਅਸਟਮ ਲੋਣ ਰਸੰ ਲਵਣੰ॥੧੦॥**

***ਭਾਵਾਰਥ:–*** ਸੁਰਮਾ, ਸ਼ਿੰਗ੍ਰਫ ਅਤੇ ਹੜਤਾਲ (ਉਪ ਧਾਤੂਆਂ ਵਿੱਚ) ਗਿਣਿਆ (ਜਾਂਦਾ) ਹੈ। ਓਥੇ ਚੌਥਾ (ਸਿੰਬਲਖਾਰ) ਸੰਖੀਆਂ ਕਹਿਆ (ਜਾਂਦਾ) ਹੈ। (ਮ੍ਰਿਤ ਸੰਖ) ਮੁਰਦਾ ਸੰਗ, ਮਨਾਸਿਲ ਅਤੇ ਅਭਰਕ। ਅੱਠਵਾਂ ਲੂਣ ਕਹਿਆ (ਜਾਂਦਾ) ਹੈ, ਜੀਹਦਾ ਨਮਕੀਨ ਰਸ (ਆਉਂਦਾ) ਹੈ॥੧੦॥

**ਦੋਹਰਾ॥**

**ਧਾਤੁ ਉਪਧਾਤੁ ਜਥਾ ਸਕਤਿ ਸੋ ਹੌਂ ਕਹੀ ਬਨਾਇ॥**
**ਖਾਨਨ ਮਹਿ ਭੀ ਹੋਤ ਹੈ ਕੋਈ ਕਹੂੰ ਕਮਾਇ॥੧੧॥**

***ਭਾਵਾਰਥ:–*** (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) ਮੈਂ ਬੁੱਧੀ ਅਨੁਸਾਰ ਧਾਤੂ ਅਤੇ ਉਪ ਧਾਤੂਆਂ ਜੋ ਹਨ ਸੋ ਠੀਕ ਹੀ ਕਹੀਆਂ ਹਨ। (ਇਹ ਧਾਤੂਆਂ ਅਤੇ ਉਪ ਧਾਤੂਆਂ) ਖਾਣਾਂ ਵਿੱਚ ਵੀ ਹੁੰਦੀਆਂ ਹਨ, ਕੋਈ (ਕਹੂੰ) ਕਿਤੋਂ ਪ੍ਰਾਪਤ ਕਰ ਲਵੇ॥੧੧॥

**ਚੌਪਈ॥**

**ਰਤਨ ਉਪਰਤਨ ਨਿਕਾਸੇ ਤਬ ਹੀ॥ ਧਾਤੁ ਉਪਧਾਤੁ ਦ੍ਰਬਜ ਮੋ ਸਬ ਹੀ॥**
**ਤਿਹ ਤਬ ਹੀ ਬਿਸਨਹਿ ਹਿਰ ਲਯੋ॥ ਅਵਰਨਿ ਬਾਂਟ ਅਵਰਨਹਿ ਦਯੋ॥੧੨॥**

***ਭਾਵਾਰਥ:–*** ਉਦੋਂ ਰਤਨ, ਉਪ ਰਤਨ, ਧਾਤੂ ਅਤੇ ਉਪ ਧਾਤੂਆਂ ਸਾਰੀਆਂ ਜੋ (ਦ੍ਰਬਜ ਮੋ) ਧਨ (ਰੁਪੇ) ਜੋ ਸਨ ਕੱਢੀਆਂ (ਗਈਆਂ)। ਉਹਨਾਂ ਨੂੰ ਉਦੋਂ ਹੀ ਵਿਸ਼ਨੂੰ ਜੀ (ਹਿਰ) ਲੈ ਲਿਆ। ਹੋਰਨਾਂ ਨੂੰ (ਅਵਰਨਿ) ਭੈੜੀਆਂ (ਭੈੜੀਆਂ ਵਸਤੂਆਂ) ਵੰਡ (ਕੇ ਦੇ) ਦਿੱਤੀਆਂ॥੧੨॥

**ਚੌਪਈ॥**

**ਸਾਰੰਗ ਸਰ ਅਸਿ ਚਕ੍ਰ ਗਦਾ ਲਿਯ॥ ਪਾਂਚਾਮਰ ਲੈ ਨਾਦ ਅਧਿਕ ਕਿਯ॥**
**ਸੂਲ ਪਿਨਾਕ ਬਿਸਹ ਕਰ ਲੀਨਾ॥ ਸੋ ਲੈ ਮਹਾਂਦੇਵ ਕਉ ਦੀਨਾ॥੧੩॥**

***ਭਾਵਾਰਥ:–*** ਸਾਰੰਗ (ਨਾਮੇ) ਧਨੁਸ਼ ਬਾਣ, ਅਸਿ ਤਲਵਾਰ (ਨੰਦਗ), ਚਰਖ (ਸੁਦਰਸ਼ਨ) ਅਤੇ ਗਦਾ (ਆਪ ਲੈ) ਲਈ। (ਪਾਂਚਾਮਰ) ਪਾਂਚ ਜਨਮ ਸੰਖ ਲੈ ਕੇ ਬਹੁਤ ਸ਼ਬਦ ਕੀਤਾ। ਪਿਨਾਕ (ਨਾਮੇ) ਧਨੁਸ਼ (ਸੂਲ) (ਤ੍ਰਿਸ਼ੂਲ) ਅਤੇ ਜ਼ਹਿਰ ਨੂੰ ਹੱਥ ਵਿੱਚ ਲਿਆ। ਉਹ ਲੈ ਕੇ (ਮਹਾਂਦੇਵ) ਸ਼ਿਵ ਨੂੰ ਦੇ ਦਿੱਤਾ॥੧੩॥

**ਭੁਜੰਗ ਛੰਦ॥**

**ਦੀਯੋ ਇੰਦ੍ਰ ਐਰਾਵਤੰ ਬਾਜਿ ਸੂਰੰ॥ ਉਠੇ ਦੀਹ ਦਾਨੋ ਜੁੱਧੰ ਲੋਹ ਪੂਰੰ॥**
**ਅਨੀ ਦਾਨਵੀ ਦੇਖਿ ਉਠੀ ਅਪਾਰੰ॥ ਤਬੈ ਬਿਸਨੁ ਜੂ ਚਿੱਤ ਕੀਨੋ ਬਿਚਾਰੰ॥੧੪॥**

***ਭਾਵਾਰਥ:–*** ਇੰਦਰ ਨੂੰ ਐਰਾਵਤ ਹਾਥੀ ਅਤੇ ਸੂਰਜ ਨੂੰ (ਬਾਜਿ) ਘੋੜਾ (ਉਚੈ-ਸ੍ਰਵਾ) ਦਿੱਤਾ, ਤਾਂ ਮਹਾਨ ਦੈਂਤ ਜੰਗ ਲਈ (ਲੋਹ ਪੂਰੰ) ਗੁੱਸੇ ਵਿੱਚ ਭਰ ਕੇ ਉੱਠ ਖਲੋਤੇ। ਦੈਂਤਾਂ ਦੀ ਬੇਅੰਤ ਫ਼ੌਜ ਉੱਠੀ ਹੋਈ ਵੇਖ ਕੇ, ਵਿਸ਼ਨੂੰ ਜੀ ਨੇ ਦਿਲ ਵਿੱਚ ਵਿਚਾਰ ਕੀਤੀ॥੧੪॥

**ਅਥ ਨਰ ਨਾਰਾਇਣ ਅਵਤਾਰ ਕਥਨੰ॥ ਭੁਜੰਗ ਛੰਦ[੧]॥**

**ਨਰੰ ਅਉਰ ਨਾਰਾਇਣੰ ਰੂਪ ਧਾਰੀ[੨]॥ ਭਯੋ ਸਾਮੁਹੇ ਸਸਤ੍ਰ ਅਸਤ੍ਰੰ ਸੰਭਾਰੀ॥**

---

[੧] ਇਹ ਸਾਰਾ ਸਿਰਲੇਖ ਲਿਖਤ ਪੋਥੀ ਵਿੱਚ ਨਹੀਂ ਹੈ।

[੨] ਨਰ, ਨਾਰਾਇਣ ਅਵਤਾਰਾਂ ਦੇ ਬਾਰੇ ਪੁਰਾਣਕ ਕਥਾਵਾਂ ਇੱਕੋ ਜਿਹੀਆਂ ਨਹੀਂ ਮਿਲਦੀਆਂ, ਇਸ ਵਿੱਚ ਕਾਫ਼ੀ ਮੱਤਭੇਦ ਪਾਇਆ ਜਾਂਦਾ ਹੈ। (ੳ) ਧਰਮ ਰਾਜ ਦੇ ਦੋ ਪੁੱਤਰ ਨਰ ਅਤੇ ਨਾਰਾਇਣ ਨਾਂਵਾਂ ਵਾਲੇ ਹੋਏ ਹਨ, ਇਹਨਾਂ ਦੀ ਮਾਤਾ ਦਾ ਨਾਮ ਅਹਿੰਸਾ ਸੀ, ਜੋ ਦਕਸ਼ਪ੍ਰਜਾਪਤਿ ਦੀ ਲੜਕੀ ਸੀ। ਨਰ ਅਤੇ ਨਾਰਾਇਣ ਨੇ ਰਿਖੀ ਰੂਪ ਧਾਰ ਕੇ ਮਹਾਨ ਤੱਪ ਪ੍ਰਾਰੰਭ ਕੀਤਾ, ਜਿਸ ਨੂੰ ਵੇਖ ਕੇ ਇੰਦ੍ਰ ਬਹੁਤ ਘਬਰਾ ਗਿਆ ਅਤੇ ਤਪ ਭੰਗ ਕਰਨ ਦੇ ਲਈ ਦੇਵ ਲੋਕ ਦੀਆਂ ਅਪੱਸਰਾਵਾਂ

**ਭਟੰ ਐਂਠ ਫੈਂਟੇ ਭੁਜੰ ਠੋਕ ਭੂਪੰ॥ ਬਜੇ ਸੂਲ ਸੇਲੰ ਭਏ ਆਪ ਰੂਪੰ॥੧੫॥**

***ਭਾਵਾਰਥ:–*** (ਵਿਸ਼ਨੂੰ ਭਗਵਾਨ) ਨਰ ਅਤੇ ਨਰਾਇਣ ਦਾ ਰੂਪ ਧਾਰ ਕੇ, ਸ਼ਸਤਰਾਂ ਅਸਤਰਾਂ ਨੂੰ ਸੰਭਾਲ ਕੇ ਮੁਕਾਬਲੇ ਤੇ ਹੋ ਗਿਆ। ਯੋਧਿਆਂ ਨੇ (ਫੈਂਟੇ) ਕਮਰਕੱਸੇ (ਐਂਠ) ਕੱਸ ਲਏ ਅਤੇ ਰਾਜਿਆਂ ਨੇ (ਭੁਜੰ) ਡੌਲੇ ਠੋਕੇ। (ਸੂਲ) ਤੀਰ (ਸੇਲੰ) ਬਰਛੇ (ਬਜੇ) ਖੜਕ ਪਏ ਅਤੇ ਯੋਧੇ (ਆਪ) ਚੁਸਤ ਰੂਪ ਬਣ ਗਏ॥੧੫॥

**ਭੁਜੰਗ ਛੰਦ॥**

**ਪਰਜੋ ਆਪ ਮੋ ਲੋਹ ਕ੍ਰੂਹੰ ਅਪਾਰੰ॥ ਧਰਜੋ ਐਸ ਕੈ ਬਿਸਨੁ ਤ੍ਰਿਤਿਯਾਵਤਾਰੰ॥**
**ਨਰੰ ਏਕ ਨਾਰਾਯਣੰ ਦ੍ਵੈ ਸਰੂਪੰ॥ ਦਿਪੈ ਜੋਤਿ ਸੌਂਦਰਯ ਧਾਰੇ ਅਨੂਪੰ॥੧੬॥**

***ਭਾਵਾਰਥ:–*** (ਦੇਵਤਿਆਂ ਅਤੇ ਦੈਂਤਾਂ ਦਾ) ਆਪੋ ਵਿੱਚ ਦੀ ਕ੍ਰੋਧ ਨਾਲ ਮਹਾਂ (ਲੋਹ) ਜੰਗ ਮੱਚਿਆ। ਵਿਸ਼ਨੂੰ ਜੀ ਨੇ ਇਸ ਤਰ੍ਹਾਂ ਤੀਜਾ ਅਵਤਾਰ ਧਾਰਿਆ। ਜੋ ਇੱਕ ਨਰ ਅਤੇ ਦੂਜੇ ਨਰਾਇਣ ਰੂਪ ਵਾਲਾ ਸੀ। (ਜਿਨ੍ਹਾਂ ਦੇ ਚਿਹਰੇ ਦੀ) ਜੋਤੀ (ਸਉਂਦਰਜੁ) ਸੁੰਦਰਤਾ ਨੂੰ ਧਾਰੇ ਹੋਏ (ਦਿਪੈ) ਪ੍ਰਕਾਸ਼ਦੀ ਸੀ॥੧੬॥

**ਭੁਜੰਗ ਛੰਦ॥**

**ਉਠੇ ਟੂਕ[1] ਟੋਪੰ[2] ਗੁਰਜੰ ਪ੍ਰਹਾਰੇ॥ ਜੁਟੇ ਜੰਗ ਕੋ ਜੰਗ ਜੋਧਾ ਜੁਝਾਰੇ॥**
**ਉਡੀ ਧੂਰਿ ਪੂਰੰ ਛੁਹੀ ਐਣ ਗੈਣੰ॥ ਡਗੇ ਦੇਵਤਾ ਦੈਤਜ ਕੰਪਜੋ ਤ੍ਰਿਨੈਣੰ॥੧੭॥**

***ਭਾਵਾਰਥ:–*** ਗੁਰਜਾਂ ਦਿਆਂ (ਪ੍ਰਹਾਰੇ) ਵਾਰਾਂ ਨਾਲ (ਟੋਪੰ) ਸਿਰਾਂ ਦਿਆਂ ਸੰਜੋਆਂ ਦੇ ਟੁਕੜੇ (ਟੁਕੜੇ) (ਉਠੇ) ਖਿੱਲਰ ਗਏ। (ਜੁਝਾਰੇ) ਲੜਾਕੇ ਜੰਗੀ ਯੋਧੇ ਜੰਗ ਨੂੰ ਜੁੱਟ ਪਏ। (ਪੂਰੰ) ਸਾਰੇ (ਪਾਸਿਓਂ) ਧੂੜ ਉਡ ਕੇ (ਗੈਣੰ) ਅਕਾਸ਼ ਦੇ (ਐਨ) ਮਕਾਨ (ਸਥਾਨ) ਨੂੰ (ਜਾ) ਛੋਹੀ। ਦੇਵਤੇ ਅਤੇ ਦੈਂਤ (ਡਗੇ) ਕੰਬ ਗਏ (ਹਿੱਲ ਗਏ) ਅਤੇ (ਤਿਨੈਣੰ) ਸ਼ਿਵ ਵੀ ਕੰਬ ਗਿਆ॥੧੭॥

**ਭੁਜੰਗ॥**

**ਗਿਰੇ ਬੀਰ ਏਕੰ ਅਨੇਕੰ ਪ੍ਰਕਾਰੰ॥ ਸੁਭੇ ਜੰਗ ਮੋ ਜੰਗ ਜੋਧਾ ਜੁਝਾਰੰ॥**
**ਪਰੀ ਤੱਛ ਮੁੱਛੰ ਸੁਭੇ ਅੰਗ ਭੰਗੰ॥ ਮਨੋ ਪਾਨ ਕੈ ਭੰਗ ਪੌਢੇ ਮਲੰਗੰ॥੧੮॥**

---

ਭੇਜੀਆਂ। ਨਾਰਾਇਣ ਨੇ ਅਪੱਸਰਾਵਾਂ ਨੂੰ ਵੇਖ ਕੇ ਇੱਕ ਫੁੱਲ ਆਪਣੇ ਪੱਟ (ਉਰੁ) ਉੱਤੇ ਰੱਖ ਲਿਆ ਤਾਂ ਉਸ ਵਿਚੋਂ ਇੱਕ ਮਹਾਂ-ਸੁੰਦਰ ਅਪੱਸਰਾ ਪੈਦਾ ਹੋਈ। ਉਰ ਵਿਚੋਂ ਪੈਦਾ ਹੋਣ ਤੋਂ ਹੀ ਉਰਵਸ਼ੀ ਨਾਮ ਪੈ ਗਿਆ। ਉਰਵਸ਼ੀ ਦੇਵ ਲੋਕ ਦੀਆਂ ਅਪਸਰਾਵਾਂ ਤੋਂ ਬਹੁਤ ਜਿਆਦਾ ਸੁੰਦਰ ਸੀ। ਇਹਨੂੰ ਵੇਖ ਕੇ ਦੇਵ ਲੋਕ ਦੀਆਂ ਅਪਸਰਾਵਾਂ ਸ਼ਰਮਸਾਰ ਹੋ ਕੇ ਦੇਵਲੋਕ ਨੂੰ ਵਾਪਸ ਮੁੜ ਗਈਆਂ ਤਾਂ ਨਾਰਾਇਣ ਨੇ ਉਰਵਸ਼ੀ ਨੂੰ ਵੀ ਸਵਰਗ ਲੋਕ ਨੂੰ ਹੀ ਭੇਜ ਦਿੱਤਾ (ਵਾਮੁਨ ਪੁਰਾਣ)। (ਅ) ਨਰ ਸਿੰਘ ਅਵਤਾਰ ਨੇ ਹਿਰਣਕਸ਼ਯਪ ਨੂੰ ਮਾਰ ਕੇ ਪ੍ਰਹਿਲਾਦ ਨੂੰ ਰਾਜ ਦਿੱਤਾ ਅਤੇ ਨਾਲ ਹੀ ਆਪ ਵੀ ਰਾਜ ਸਥਾਪਿਤ ਕਰ ਲਿਆ, ਰਾਜ ਕਰਦਿਆਂ ਨਰ ਸਿੰਘ ਨੂੰ ਅਹੰਕਾਰ ਹੋ ਗਿਆ ਤਾਂ ਸ਼ਿਵ ਨੇ ਸ਼ਰਭ ਜੀਵ ਹੋ ਕੇ ਨਰਸਿੰਘ ਦੇ ਦੋ ਟੁੱਕੜੇ ਕਰ ਦਿੱਤੇ। ਨਰ ਦਾ ਹਿੱਸਾ ਨਰ ਅਤੇ ਸਿੰਘ ਦਾ ਹਿੱਸਾ ਨਾਰਾਇਣ ਰਿਸ਼ੀ ਰੂਪ ਬਣ ਗਿਆ। ਇਹ ਵਿਸ਼ਨੂੰ ਦੇ ਅੰਸ਼ਾਵਤਾਰ ਕਹੇ ਜਾਂਦੇ ਹਨ (ਕਾਲਿਕਾ ਪੁਰਾਣ)। (ੲ) ਨਰ ਅਵਤਾਰ ਅਰਜਨ ਅਤੇ ਨਾਰਾਇਣ ਅਵਤਾਰ ਭਗਵਾਨ ਸ੍ਰੀ ਕ੍ਰਿਸ਼ਨ ਜੀ ਹਨ, ਇਹ ਕਥਨ ਦੇਵੀ ਭਾਗਵਤ ਅਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਹੈ।

[1] ਪਾਠ- ਟੋਪ

[2] ਪਾਠ- ਕੋਪੰ

***ਭਾਵਾਰਥ:–*** (ਏਕੰ) ਕੋਈ (ਕੋਈ) ਯੋਧੇ ਤਾਂ ਅਨੇਕ ਤਰ੍ਹਾਂ ਨਾਲ ਡਿੱਗੇ ਪਏ ਹਨ। ਲੜਾਕੇ ਜੰਗੀ ਯੋਧੇ ਜੰਗ ਵਿੱਚ (ਸੁਭੇ) ਸ਼ੋਭਾ ਪਾ ਰਹੇ ਹਨ। (ਤੱਛ ਮੁੱਛੰ) ਕੱਟਾ ਵੱਢੀ ਪੈ ਗਈ, ਵੱਡਿਆਂ ਅੰਗਾਂ ਵਾਲੇ (ਅੰਗ ਭੰਗੰ) ਯੋਧੇ ਸ਼ੋਭ ਰਹੇ ਹਨ। ਮਾਨੋ ਕਿ ਮਲੰਗ (ਮੁਸਲਮਾਨ) ਫ਼ਕੀਰ ਭੰਗ ਪੀ ਕੇ (ਪੌਢੇ) ਲੰਮੇ ਪਏ (ਸੁੱਤੇ ਹੋਏ) ਹਨ॥੧੮॥

**ਭੁਜੰਗ ਪ੍ਰਯਾਤ ਛੰਦ॥**

**ਦਿਸਾ ਬਾਮ ਉਨਈ[1] ਅਨੀ ਦੈਤਜ ਰਾਜੰ॥ ਭਜੇ ਸਰਬ ਦੇਵੰ ਤਜੇ ਸਰਬ ਸਾਜੰ॥**
**ਗਿਰੇ ਸੰਜ ਪੁੰਜੰ[2] ਸਿਰੰ ਬਾਹੁ ਬੀਰੰ॥ ਸੁਭੇ ਬਾਨ ਜਨੋਂ ਚੇਤ ਪੁਹਪੰ ਕਰੀਰੰ॥੧੯॥**

***ਭਾਵਾਰਥ:–*** (ਬਾਮ) ਖੱਬੇ ਪਾਸਿਓਂ ਦੈਂਤ ਰਾਜ ਦੀ ਫ਼ੌਜ (ਉਨਈ) ਉਮਡ ਪਈ। ਤਾਂ ਸਾਰੇ ਸਮਾਨ ਨੂੰ ਛੱਡ ਕੇ ਸਾਰੇ ਦੇਵਤੇ ਭੱਜ ਗਏ। ਬਹੁਤ ਸੰਜੋਆਂ, ਯੋਧਿਆਂ ਦੇ ਸਿਰ ਅਤੇ ਬਾਹਾਂ ਡਿੱਗ ਪਈਆਂ। (ਯੋਧਿਆਂ ਦੇ ਸਰੀਰਾਂ ਵਿੱਚ ਲੱਗੇ ਹੋਏ) ਤੀਰ (ਇਓਂ) ਸ਼ੋਭਦੇ ਹਨ, ਜਿਵੇਂ ਚੇਤ (ਦੇ ਮਹੀਨੇ) ਵਿੱਚ ਕਰੀਰ ਨੂੰ (ਪੁਹਪੰ) ਫੁੱਲ (ਲੱਗੇ) ਹੁੰਦੇ ਹਨ॥੧੯॥

**ਭੁਜੰਗ ਛੰਦ॥**

**ਜਬੈ[3] ਜੰਗ ਹਾਰਯੋ ਕੀਯੋ ਬਿਸਨੁ ਮੰਤ੍ਰੰ॥ ਭਯੋ ਅੰਤ੍ਰਧਾਨੰ ਕਰਯੋ ਜਾਨੁ ਤੰਤ੍ਰੰ॥**
**ਮਹਾ ਮੋਹਨੀ ਰੂਪ ਧਾਰਯੋ ਅਨੂਪੰ॥ ਛਕੇ ਦੇਖਿ ਦੋਊ ਦਿਤਜਾਦਿਤਜ ਭੂਪੰ॥੨੦॥**

***ਭਾਵਾਰਥ:–*** ਜਦੋਂ (ਦੇਵਤਿਆਂ ਨੇ) ਯੁੱਧ ਹਾਰਿਆ ਤਾਂ ਵਿਸ਼ਨੂੰ ਜੀ ਇਹ ਵਿਚਾਰ ਕੇ (ਅੰਤਰਧਾਨੰ) ਅਲੋਪ ਹੋ ਗਏ, ਮਾਨੋ ਕਿ (ਕੋਈ) (ਤੰਤ੍ਰੰ) ਜਾਦੂ ਟੂਣਾ ਕਰ ਦਿੱਤਾ ਗਿਆ। ਫੇਰ 'ਮਹਾਂ ਮੋਹਨੀ' ਦਾ ਸੁੰਦਰ ਸਰੂਪ ਧਾਰਿਆ, (ਜੀਹਨੂੰ) ਵੇਖ ਕੇ (ਦਿਤਜ ਭੂਪ) ਦੈਂਤ ਰਾਜ (ਅਦਿਤਜ ਭੂਪ) ਦੇਵਰਾਜ (ਭਾਵ– ਵੱਡੇ ਵੱਡੇ ਦੈਂਤ ਅਤੇ ਵੱਡੇ ਵੱਡੇ ਦੇਵਤੇ) ਵੀ (ਛਕੇ) ਮੋਹਿਤ ਹੋ ਗਏ॥੨੦॥

**ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸਮੁਦ੍ਰ ਮਥਨੰ ਨਰ ਨਾਰਾਇਣ ਚਤੁਰਥ ਅਵਤਾਰ ਬਰਨਨੰ ਨਾਮ ਸੁਭ ਮਸਤੁ[4]॥੪॥**

ਏਥੇ ਸੋਹਣੇ ਬਚਿਤ੍ਰ ਨਾਟਕ ਗ੍ਰੰਥ ਦੇ ਸਮੁੰਦਰ ਮੰਥਨ ਨਰ ਨਾਰਾਇਣ ਚੌਥੇ ਅਵਤਾਰ ਦਾ (ਨਾਮ) ਪ੍ਰਸਿੱਧ ਵਰਣਨ ਸੁਭ (ਸਮਾਪਤ ਹੋਇਆ) ਹੈ॥੪॥

---

[1] ਪਾਠ– ਦਿਸ ਮਉਨ ਆਈ

[2] ਪਾਠ– ਪੰਜੰ

[3] ਪਾਠ– ਜੁਰੇ

[4] ਪ੍ਰੈਸ ਵਿੱਚ ਆਈ ਬੀੜ ਅਨੁਸਾਰ ਇਤਿ ਸ੍ਰੀ ਦਾ ਪਾਠ ਇਓਂ ਛਪਿਆ ਹੋਇਆ ਹੈ– 'ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਨਰ ਨਾਰਾਇਣ ਅਵਤਾਰ ਚਤਰੁਥ ਸੰਪੂਰਨੰ॥੪॥'

ਵਿਚਾਰ:- ਇੱਕ ਪੋਥੀ ਵਿੱਚੋਂ 'ਬਚਿਤ੍ਰ ਨਾਟਕੇ' ਪਾਠ ਭੇਦ ਵੀ ਮਿਲਿਆ ਹੈ। (ਅ) ਏਥੇ ਪੁੱਜ ਕੇ ਪ੍ਰੈਸ ਵਾਲਿਆਂ ਨੇ ਵੀ ਅੰਗ '੪' ਨੂੰ ਮੂਲ ਵਿੱਚ ਲਿਖ ਦਿੱਤਾ ਹੈ ਪਰ ਇਹ ਪਤਾ ਨਹੀਂ ਰੱਖਿਆ ਕਿ ਗਿਣਤੀ ਅੰਕ ਤਾਂ ੧ ਅੰਗ ਤੋਂ ਹੀ ਸ਼ੁਰੂ ਹੋਣੀ ਸੀ। (ੲ) ਇਤਿ ਸ੍ਰੀ ਵਿੱਚ ਅਵਤਾਰ ਗਿਣਤੀ ਦਾ ਲੇਖ 'ਚਤੁਰਥ' ਅਤੇ ਅੰਗ ੪ ਤੋਂ ਏਥੇ ਚਹੁੰ ਅਵਤਾਰਾਂ ਦੀ ਸਮਾਪਤੀ ਦਾ ਗਿਆਨ ਹੋ ਰਿਹਾ ਹੈ ਪਰ ਜਦੋਂ 'ਇਤਿ ਸ੍ਰੀਆਂ' ਦੀ ਗਿਣਤੀ ਕੀਤੀ ਜਾਂਦੀ ਹੈ ਤਾਂ ਮੱਛ, ਕੱਛ ਅਤੇ ਨਰ ਨਾਰਾਇਣ ਦੀਆਂ ਤਿੰਨ ਹੀ ਨਿਕਲਦੀਆਂ ਹਨ, ਜੋ ਗਿਣਤੀ ਅਨੁਸਾਰ ਚਾਰ ਚਾਹੀਦੀਆਂ ਹਨ। 'ਨਰ ਨਾਰਾਇਣ' ਦੋਹਾਂ ਨੂੰ ਇੱਕ ਅਵਤਾਰ ਮੰਨਿਆ ਤਾਂ ਇਹ ਤਿੰਨ ਅਵਤਾਰ ਬਣਦੇ ਹਨ, ਜੇ ਨਰ ਨੂੰ ਅੱਡਰਾ ਅਵਤਾਰ ਮੰਨਿਆ ਜਾਵੇ ਤਾਂ ਏਥੇ ਅਥਵਾ ਪੁਰਾਣਾਂ ਵਿੱਚ ਵੀ ਨਰ ਦੀ ਅੱਡਰੀ ਖ਼ਾਸ ਕਥਾ ਨਹੀਂ ਮਿਲਦੀ। ਏਸ ਘਾਟੇ ਨੂੰ ਪੂਰਾ ਕਰਨਾ ਅਜੇ ਬਾਕੀ ਹੈ।

**ਅਥ ਮਹਾ ਮੋਹਨੀ ਅਵਤਾਰ ਕਥਨੰ॥ ਸ੍ਰੀ ਭਗਉਤੀ ਜੀ ਸਹਾਇ[1]॥**

***ਭਾਵਾਰਥ:–*** ਹੁਣ ਮੈਂ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਮਹਾਂ ਮੋਹਨੀ ਅਵਤਾਰ ਨੂੰ ਕਹਿੰਦਾ ਹਾਂ। ਸ੍ਰੀ ਭਗਉਤੀ) ਅਕਾਲ ਪੁਰਖ ਜੀ ਸਹਾਈ ਹੋਵੋ।

**ਭੁਜੰਗ ਪ੍ਰਯਾਤ ਛੰਦ॥**

**ਮਹਾ ਮੋਹਨੀ ਰੂਪ ਧਾਰਯੋ ਅਪਾਰੰ॥ ਰਹੇ ਮੋਹ ਕੈ ਦਿਤਜਾਦਿਤਜ ਕੁਮਾਰੰ॥**
**ਛਕੇ ਪ੍ਰੇਮ ਜੋਗੰ ਰਹੇ ਰੀਝ ਸਰਬੰ॥ ਤਜੇ ਸਸਤ੍ਰ ਅਸਤ੍ਰੰ ਦਿਯੋ ਛੋਰਿ ਗਰਬੰ॥੧॥**

***ਭਾਵਾਰਥ:–*** (ਭਗਵਾਨ ਵਿਸ਼ਨੂੰ ਜੀ ਨੇ) (ਅਪਾਰੰ) ਮਹਾਨ ਮਹਾਂ ਮੋਹਨੀ ਰੂਪ ਧਾਰਿਆ। ਤਾਂ (ਦਿਤੀ ਕੁਮਾਰ) ਦੈਂਤ ਅਤੇ (ਅਦਿਤੀ ਕੁਮਾਰ) ਦੇਵਤੇ (ਸਾਰੇ) ਮੋਹੇ ਗਏ। (ਜੋਗੰ) ਮਿਲਾਪ ਦੇ ਪ੍ਰੇਮ ਵਿੱਚ (ਛਕੇ) ਮੋਹੇ ਗਏ, ਸਾਰੇ ਹੀ ਪ੍ਰਸੰਨ ਹੋ ਰਹੇ ਹਨ, ਸ਼ਸਤਰ ਅਸਤਰ ਛੱਡ ਦਿੱਤੇ ਅਤੇ (ਗਰਬੰ) ਅਭਿਮਾਨ ਵੀ ਛੱਡ ਦਿੱਤਾ॥੧॥

**ਭੁਜੰਗ ਛੰਦ॥**

**ਫੰਧੇ ਪ੍ਰੇਮ ਫਾਂਧੰ ਭਯੋ ਕੋਪ ਹੀਣੰ॥ ਲਗੇ ਨੈਣ ਬੈਣੰ ਧਯੋ ਪਾਨ ਪੀਣੰ॥**
**ਗਿਰੇ ਝੂਮਿ ਭੂਮੰ ਛੁਟੇ ਜਾਨੁ ਪ੍ਰਾਣੰ॥ ਸੁਭੇ ਚੇਤ ਹੀਣੰ ਲਗੇ ਜਾਨੁ ਬਾਣੰ॥੨॥**

***ਭਾਵਾਰਥ:–*** ਪ੍ਰੇਮ ਰੂਪ (ਫਾਂਧੰ) ਫਾਹੀ ਵਿੱਚ (ਫੰਧੇ) ਫਸੇ ਹੋਏ ਕ੍ਰੋਧ ਹੀਣ ਹੋ ਗਏ। ਅੱਖਾਂ ਅਤੇ ਬਚਨ (ਮੂੰਹ) (ਮਹਾਂ ਮੋਹਣੀ ਵੱਲ) ਲੱਗ ਗਏ ਅਤੇ (ਪਾਨ ਪੀਣੰ) ਪਾਣੀ ਪੀਣਾ ਵੀ (ਧਯੋ) ਛੁੱਟ ਗਿਆ। ਧਰਤੀ ’ਤੇ ਹਿਲੋਰੇ ਖਾ ਕੇ ਡਿੱਗਦੇ ਹਨ ਮਾਨੋ ਕਿ ਪ੍ਰਾਣ ਹੀ ਛੁੱਟ ਗਏ ਹਨ। ਇਸ ਤਰ੍ਹਾਂ (ਚੇਤ ਹੀਣ) ਬੇਹੋਸ਼ ਪਏ (ਸੁਭੇ) ਹਨ ਮਾਨੋ ਕਿ ਤੀਰ ਵੱਜੇ ਹੋਏ ਹਨ॥੨॥

**ਭੁਜੰਗ ਪ੍ਰਯਾਤ ਛੰਦ॥**

**ਲਖੇ ਚੇਤ ਹੀਣੰ ਭਏ ਸੂਰ ਸਰਬੰ॥ ਛੁਟੇ ਸਸਤ੍ਰ ਅਸਤ੍ਰੰ ਸਭੈ[2] ਅਰਬ ਖਰਬੰ॥**
**ਭਯੋ ਪ੍ਰੇਮ ਜੋਗੰ ਲਗੇ ਨੈਨ ਐਸੇ॥ ਮਨੋ ਫਾਧ ਫਾਂਧੇ ਮ੍ਰਿਗੀਰਾਜ ਜੈਸੇ॥੩॥**

***ਭਾਵਾਰਥ:–*** (ਮੋਹਣੀ ਅਵਤਾਰ ਨੇ) ਸਾਰੇ ਯੋਧੇ (ਚੇਤ ਹੀਣੰ) ਬੇਸੁੱਧ ਹੋਏ ਵੇਖੇ। ਅਤੇ ਸਾਰੇ ਅਰਬਾਂ ਖਰਬਾਂ (ਬੇਗਿਣਤ) ਸ਼ਸਤਰ ਅਸਤਰ ਛੁੱਟ ਗਏ ਹਨ। ਪ੍ਰੇਮ ਰੂਪ ਯੋਗ (ਭਯੋ) ਵਿਆਪ ਗਿਆ ਐਹੋ ਜਿਹੀਆਂ ਅੱਖਾਂ ਲੱਗ ਗਈਆਂ। ਮਾਨੋ ਕਿ ਜਿਵੇਂ (ਮ੍ਰਿਗੀਰਾਜ) ਸ਼ੇਰ ਫਾਹੀ ਵਿੱਚ ਫਸੇ ਹੋਏ ਹਨ (ਅਥਵਾ– ਫੰਧਿਕ ਨੇ ਮ੍ਰਿਗੀਰਾਜ, ਕਾਲੇ ਹਿਰਨ ਫਸਾਏ ਹੋਏ ਹਨ)॥੩॥

**ਭੁਜੰਗ ਪ੍ਰਯਾਤ ਛੰਦ॥**

**ਜਿਨੈ ਰਤਨ ਬਾਂਟੇ ਤੁਮੂੰ[3] ਤਾਹਿ ਜਾਨੋ॥ ਕਥਾ ਬ੍ਰਿਧ ਤੇ ਬਾਤ ਥੋਰੀ[4] ਬਖਾਨੋ॥**
**ਸਬੈ ਪਾਂਤ ਪਾਂਤੰ ਬਹਿੱਠੇ ਸੁ ਬੀਰੰ॥ ਕਟੰ ਪੇਚ ਛੋਰੇ ਤਜੇ ਤੇਗ ਤੀਰੰ॥੪॥**

---

[1] ਇਹ ਮੰਗਲ ਲਿਖਤ ਪੋਥੀ ਵਿੱਚ ਨਹੀਂ ਹੈ।
[2] ਪਾਠ– ਛੁਟੇ ਅਸਤ੍ਰ ਸਸਤ੍ਰੰ ਸੁਭੇ
[3] ਪਾਠ– ਤੁਮਊ
[4] ਪਾਠ– ਥੋਰੈ

***ਭਾਵਾਰਥ:-*** (ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਜੀਵੋ!) ਜਿਨ੍ਹਾਂ ਨੂੰ ਵੰਡੇ ਗਏ ਸਨ-ਤੁਸੀਂ ਵੀ ਉਨ੍ਹਾਂ ਨੂੰ ਜਾਣੋ (ਏਸ ਖ਼ਿਆਲ ਨਾਲ) (ਬ੍ਰਿਧ) ਵੱਡੀ ਤੋਂ ਥੋੜ੍ਹੀ ਗੱਲ ਹੀ ਕਹਿੰਦਾ ਹਾਂ। ਸਾਰੇ ਉੱਚ ਯੋਧੇ ਪਾਲੋ ਪਾਲ ਬਹਿ ਗਏ। (ਕਟੰ ਪੇਚ) ਕਮਰ ਕੱਸੇ (ਛੋਰੇ) ਖੋਲ੍ਹ ਦਿੱਤੇ ਅਤੇ ਤਲਵਾਰਾਂ ਤੀਰ ਤਿਆਗ ਦਿੱਤੇ॥੪॥

**ਚੌਪਈ॥**

**ਸਭ ਜਗ ਕੋ ਜੁ ਧਨੰਤਰਿ ਦੀਯਾ॥ ਕਲਪ ਬ੍ਰਿੱਛ ਲਛਮੀ ਕਰ ਲੀਯਾ॥**
**ਸਿਵ ਮਾਹੁਰ ਰੰਭਾ ਸਭ ਲੋਕਨ॥ ਸੁਖ ਕਰਤਾ ਹਰਤਾ ਸਬ ਸੋਕਨ॥੫॥**

***ਭਾਵਾਰਥ:-*** (ਤਾਂ ਮਹਾਂ ਮੋਹਣੀ ਅਵਤਾਰ ਨੇ) ਜੋ ਧਨੰਤਰਿ (ਵੈਦ ਰਾਜ) ਸੀ (ਉਹ) ਸਾਰੇ ਸੰਸਾਰ ਨੂੰ ਦੇ ਦਿੱਤਾ। ਕਲਪ ਵ੍ਰਿਛ ਅਤੇ ਲੱਛਮੀ (ਆਪਣੇ) ਹੱਥ ਲੈ ਲਿਆ। ਸ਼ਿਵ ਜੀ ਨੂੰ (ਕਾਲ ਕੂਟ) ਜ਼ਹਿਰ ਅਤੇ ਰੰਭਾ (ਅਪਸਰਾ) ਸਾਰੇ ਦੇਵ ਲੋਕ ਨੂੰ ਦੇ ਦਿੱਤੀ, ਜੋ ਸੁੱਖ ਨੂੰ ਕਰਨ ਵਾਲੀ ਅਤੇ ਸਾਰੇ ਗ਼ਮਾਂ ਨੂੰ ਦੂਰ ਕਰਨ ਵਾਲੀ ਸੀ॥੫॥

**ਦੋਹਰਾ॥**

**ਸਸਿ ਕ੍ਰਿਸ ਕੇ ਕਰਬੇ ਨਮਿਤ ਮਨਿ ਲਛਮੀ ਕਰਿ ਲੀਨ॥**
**ਉਰ ਰਾਖੀ ਤਿਹ ਤੇ ਚਮਕਿ ਪ੍ਰਗਟਿ ਦਿਖਾਈ ਦੀਨ॥੬॥**

***ਭਾਵਾਰਥ:-*** (ਕ੍ਰਿਸ) ਖੇਤੀ ਦੇ ਕਰਨ ਵਾਸਤੇ (ਸਸਿ) ਚੰਦ (ਨੂੰ ਰੱਖਿਆ), (ਕੌਸਤੁਭ) ਮਣੀ ਅਤੇ ਲੱਛਮੀ (ਆਪਣੇ) ਹੱਥ ਵਿੱਚ ਲੈ ਲਈ। ਉਸ ਤੋਂ ਹੀ (ਵਿਸ਼ਨੂੰ ਭਗਵਾਨ ਦੇ) ਹਿਰਦੇ ਵਿੱਚ ਚਮਕ ਹੈ, ਜੋ ਪ੍ਰਤੱਖ ਹੀ ਦਿਖਾਈ ਦੇਂਦੀ ਹੈ॥੬॥

**ਦੋਹਰਾ॥**

**ਗਾਇ[1] ਰਿਖੀਸਨ ਕਉ ਦਈ ਕਹ ਲਉ ਕਥੋਂ ਬਿਚਾਰ॥**
**ਸਾਸਤ੍ਰ ਸੋਧਿ ਕਬੀਅਨ ਮੁਖਨ ਲੀਜਿਹੁ ਪੂਛਿ ਸੁਧਾਰ॥੭॥**

***ਭਾਵਾਰਥ:-*** (ਕਾਮਧੇਨੁ) ਗਾਂ ਰਿਖੀਸ੍ਵਰਾਂ ਨੂੰ ਦੇ ਦਿੱਤੀ, (ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ) ਕਿੱਥੋਂ ਤੱਕ ਵਿਚਾਰ ਕਰਾਂ। ਸ਼ੁੱਧ ਸ਼ਾਸਤਰ (ਗ੍ਰੰਥ) ਅਤੇ ਮੁੱਖ ਕਵੀਆਂ ਨੂੰ ਪੁੱਛ ਕੇ ਸੁਧਾਰ ਕਰ ਲਵੋ॥੭॥

**ਭੁਜੰਗ[2]॥**

**ਰਹੇ ਰੀਝ ਐਸੇ ਸਭੈ ਦੇਵ ਦਾਨੰ॥ ਮ੍ਰਿਗੀਰਾਜ ਜੈਸੇ ਸੁਨੇ ਨਾਦ ਕਾਨੰ॥**
**ਬਟੇ ਰਤਨ ਸਰਬੰ ਗਈ ਛੂਟ ਰਾਰੰ॥ ਧਰਯੋ ਐਸ ਸ੍ਰੀ ਬਿਸਨੁ ਪੰਚਮਵਤਾਰੰ॥੮॥**

***ਭਾਵਾਰਥ:-*** ਸਾਰੇ ਦੇਵਤੇ ਅਤੇ (ਦਾਨੰ) ਦੈਂਤ ਇਓਂ ਖੁਸ਼ ਹੋ ਗਏ ਜਿਵੇਂ ਕਿ (ਮ੍ਰਿਗੀਰਾਜ) ਕਾਲਾ ਹਿਰਨ ਕੰਨੀਂ (ਘੰਡਾ ਹੇੜੇ ਦਾ) ਸ਼ਬਦ ਸੁਨਣ ਤੋਂ (ਮੋਹਿਤ ਹੁੰਦਾ ਹੈ)। ਸਾਰੇ ਰਤਨ ਵੰਡੇ ਗਏ (ਰਾਰੰ) ਲੜਾਈ ਛੁੱਟ ਗਈ (ਭਾਵ- ਮੁੱਕ ਗਈ)। ਸ੍ਰੀ ਵਿਸ਼ਨੂੰ ਨੇ ਇਓਂ ਪੰਜਵਾਂ ਅਵਤਾਰ ਧਾਰਿਆ॥੮॥

**ਇਤਿ ਸ੍ਰੀ ਬਚਿਤ੍ਰ ਨਾਟਕੇ ਗ੍ਰੰਥੇ ਮਹਾ ਮੋਹਨੀ ਅਵਤਾਰ ਬਰਨਨੰ ਨਾਮ**

---

[1] ਪਾਠ- ਗਾਵ

[2] ਪਾਠ- ਭੁਜੰਗ ਪ੍ਰਯਾਤ ਛੰਦ

**ਪੰਚਮੋ ਅਵਤਾਰ ਸੰਪੂਰਣ ਮਸਤੁ ਸੁਭ ਮਸਤੁ ॥੫॥**

ਏਥੇ ਸੋਹਣੇ ਬਚਿਤ੍ਰ ਨਾਟਕ ਗ੍ਰੰਥ ਦੇ ਮਹਾ ਮੋਹਣੀ ਪੰਜਵਾਂ ਅਵਤਾਰ ਦਾ (ਨਾਮ) ਪ੍ਰਸਿੱਧ ਵਰਣਨ ਸੁਭ (ਸਮਾਪਤ ਹੋਇਆ) ਹੈ॥੫॥

**ਅਥ ਬੈਰਾਹ[1] ਅਵਤਾਰ ਕਥਨੰ॥**

**ਭੁਜੰਗ ਪ੍ਰਯਾਤ ਛੰਦ॥**

**ਦਯੋ ਬਾਂਟ ਮਦਯੰ ਅਮਦਯੰ ਭਗਵਾਨੰ॥ ਗਏ ਠਾਮ ਠਾਮੰ ਸਬੈ ਦੇਵ ਦਾਨੰ[2]॥**
**ਪੁਨਰ ਦ੍ਰੋਹ ਬਢਯੋ ਸੁ ਆਪੰ ਮਝਾਰੰ॥ ਭਜੇ ਦੇਵਤਾ ਦੈਤਜ ਜਿਤੇ ਜੁਝਾਰੰ॥੧॥**

***ਭਾਵਾਰਥ:–*** ਭਗਵਾਨ ਨੇ ਸ਼ਰਾਬ ਅਤੇ (ਅਮਦਯੰ) ਅੰਮ੍ਰਿਤ ਵੰਡ ਦਿੱਤੇ। ਸਾਰੇ ਦੇਵਤੇ ਅਤੇ ਦੈਂਤ ਥਾਓਂ ਥਾਈਂ ਚਲੇ ਗਏ। ਫੇਰ (ਦੁਬਾਰਾ) ਆਪੋ ਵਿੱਚ (ਦ੍ਰੋਹ) ਵਿਰੋਧ ਵਧ ਗਿਆ। (ਜੁਝਾਰੰ) ਯੋਧੇ ਦੈਂਤ ਜਿੱਤ ਗਏ ਅਤੇ ਦੇਵਤੇ ਭੱਜ ਗਏ॥੧॥

**ਭੁਜੰਗ॥**

**ਹਿਰਨਯੋ ਹਿਰੰਨਾਛਸੰ ਦੋਇ ਬੀਰੰ॥ ਸਬੈ ਲੋਗ ਕੈ ਜੀਤ ਲੀਨੇ ਗਹੀਰੰ॥**
**ਜਲੰ ਬਾ ਥਲੇਯੰ ਕੀਯੋ ਰਾਜ ਸਰਬੰ॥ ਭੁਜਾ ਦੇਖਿ ਭਾਰੀ ਬਢਯੋ ਤਾਹਿ ਗਰਬੰ॥੨॥**

***ਭਾਵਾਰਥ:–*** ਹਿਰਨ-ਕਸ਼ਿਯਪ ਅਤੇ ਹਰਨਾਖਸ ਦੋਵੇਂ ਭਰਾ ਹੋਏ। ਜਿਨ੍ਹਾਂ ਸਾਰੇ ਤਿੰਨ ਲੋਕ ਅਤੇ (ਗਹੀਰ) ਜੰਗ ਵਿੱਚੋਂ ਪਿਛਾਂਹ ਨਾ ਹਟਣ ਵਾਲੇ ਸੂਰਮੇ ਜਿੱਤ ਲਏ। ਸਾਰੇ ਜਲਾਂ ਅਤੇ ਥਲਾਂ (ਪਾਣੀ ਅਤੇ ਖੁਸ਼ਕ ਥਾਂ) ਵਿੱਚ ਰਾਜ ਕਰ ਲਿਆ। ਭਾਰੀ ਬਾਹੁ (ਬਲ) ਵੇਖ ਕੇ ਉਨ੍ਹਾਂ ਨੂੰ ਹੰਕਾਰ ਵਧ ਗਿਆ॥੨॥

**ਭੁਜੰਗ॥**

**ਚਹੈ ਜੁੱਧੁ ਮੋ ਸੋ ਕਰੇ ਆਨ ਕੋਊ॥ ਬਲੀ ਹੋਇ ਵਾ ਸੋਂ ਭਿਰੇ ਆਨ ਸੋਊ॥**
**ਚੜਯੋ ਮੇਰੁ ਸ੍ਰਿੰਗੰ ਪਰੀ ਗੁਸ੍ਰ ਸੰਗੰ॥ ਹਰੇ[3] ਬੇਦ ਭੂਮੰ ਕੀਏ ਸਰਬ ਭੰਗੰ॥੩॥**

***ਭਾਵਾਰਥ:–*** (ਹਿਰਨ-ਕਸ਼ਿਯਪ) ਚਾਹੁੰਦਾ ਸੀ ਕਿ ਮੇਰੇ ਨਾਲ ਆ ਕੇ ਕੋਈ ਜੰਗ ਕਰੇ। ਪਰ ਜੋ ਉਸ ਤੋਂ ਬਲਵਾਨ ਹੁੰਦਾ-ਓਹੋ ਆ ਕੇ ਲੜਦਾ? (ਭਾਵ- ਉਸ ਤੋਂ ਬਲੀ ਕੋਈ ਨਹੀਂ ਸੀ)। ਪੈਰ ਦੇ ਅੰਗੂਠੇ ਨਾਲ ਹੀ (ਹਿਰਨ ਕਸ਼ਿਯਪ) ਸੁਮੇਰ ਦੀ (ਸ੍ਰਿੰਗ) ਚੋਟੀ ਤੇ ਚੜ੍ਹ ਗਿਆ ਸੀ। ਵੇਦ (ਧਰਮ ਗ੍ਰੰਥ) ਅਤੇ ਧਰਤੀ ਚੁਰਾ ਕੇ ਲੈ ਗਿਆ ਅਤੇ ਕੁਦਰਤ ਦੀ ਸਾਰੀ ਮਰਯਾਦਾ ਤੋੜ ਦਿੱਤੀ॥੩॥

**ਧਸੀ ਭੂਮਿ ਬੇਦੰ ਰਹੀ ਹ੍ਵੈ ਪਤਾਰੰ॥ ਧਰਯੋ ਬਿਸਨੁ ਤਉ ਦਾੜ ਗਾੜਾਵਤਾਰੰ॥**
**ਧਸਯੋ ਨੀਰ ਮੱਧੰ ਕੀਯੋ ਊਚ ਨਾਦੰ॥ ਰਹੀ ਧੂਰਿ ਪੂਰੰ ਧੁਨੰ ਨਿਰਬਿਖਾਦੰ॥੪॥**

***ਭਾਵਾਰਥ:–*** ਵੇਦਾਂ ਸਮੇਤ ਧਰਤੀ (ਧਸੀ) ਪਾਣੀ ਵਿੱਚ ਧਸੀ ਹੋਏ ਹੋਣ ਕਰਕੇ ਪਾਤਾਲ ਰੂਪ ਹੋ ਗਈ। ਤਾਂ ਸ੍ਰੀ ਵਿਸ਼ਨੂੰ ਜੀ ਨੇ (ਦਾੜ ਗਾੜ- ਮਜ਼ਬੂਤ ਦਾੜ੍ਹਾਂ ਵਾਲਾ) ਵਾਰਾਹ ਅਵਤਾਰ ਧਰਿਆ।

---

[1] ਪਾਠ- ਬਾਰਾਹ

[2] ਪਾਠ- ਦਾਨੂੰ

[3] ਪਾਠ- ਬਨੰ

(ਵਾਰਾਹ ਅਵਤਾਰ) ਪਾਣੀ (ਸਮੁੰਦਰ) ਵਿੱਚ ਧਸ ਗਿਆ ਅਤੇ (ਉਚ ਨਾਦੰ) ਉੱਚੀ ਗੱਜਿਆ। (ਧੂਰਿ- ਧੂੜਮਈ) ਵਿਸ਼ਵ ਵਿੱਚ (ਨਿਰਬਿਖਾਦੰ) ਇਕੋ ਜੇਹੀ ਧ੍ਵਨੀ ਭਰ ਰਹੀ ਸੀ॥੪॥

**ਭੁਜੰਗ॥**

**ਬਜੇ ਡਾਕ ਡੌਰੂ ਦੋਊ ਬੀਰ ਜਾਗੇ॥ ਸੁਣੇ ਨਾਦ ਬੰਕੇ ਮਹਾਂ ਭੀਰੁ ਭਾਗੇ॥**
**ਝਮੀ ਤੇਜ ਤੇਗੰ ਸਰੋਸੰ ਪ੍ਰਹਾਰੰ॥ ਖਿਵੀ ਦਾਮਨੀ ਜਾਣੁ ਭਾਦੋਂ ਮਝਾਰੰ॥੫॥**

***ਭਾਵਾਰਥ:-*** (ਡਾਕ) ਲਗਾਤਾਰ ਡਉਰੂ ਦੇ ਵੱਜਣ ਤੋਂ ਦੋਵੇਂ ਭਰਾ (ਜਾਗੇ) ਜਾਗ ਪਏ। (ਬੰਕੇ) ਜ਼ੋਰਦਾਰ ਜੰਗੀ ਵਾਜੇ ਸੁਣ ਕੇ ਮਹਾਂ (ਭੀਰੁ) ਕਾਇਰ ਲੋਕ ਭੱਜ ਤੁਰੇ। ਤਿੱਖੀ ਤੇਗ਼ ਲਿਸ਼ਕੀ ਜੋ ਗੁੱਸੇ ਨਾਲ ਚਲਾਉਂਦੇ ਹਨ। ਮਾਨੋ ਕਿ ਭਾਦਰੋਂ (ਮਹੀਨੇ) ਵਿੱਚ ਬਿਜਲੀ (ਖਿਵੀ) ਚਮਕਦੀ ਹੈ॥੫॥

**ਭੁਜੰਗ॥**

**ਮੁਖੰ ਮੁੱਛ ਬੰਕੀ ਬਕੈ ਸੂਰਬੀਰੰ॥ ਤੜੰਕਾਰ ਤੇਗੰ ਸੜੰਕਾਰ ਤੀਰੰ॥**
**ਧਮੱਕਾਰ ਸਾਗੰ ਖੜੱਕਾਰ ਖੱਗੰ॥ ਟੂਟੇ ਟੂਕ ਟੋਪੰ ਉਠੇ ਨਾਲ ਅੱਗੰ॥੬॥**

***ਭਾਵਾਰਥ:-*** ਮੂੰਹਾਂ 'ਤੇ (ਬੰਕੀ) ਟੇਢੀਆਂ ਮੁੱਛਾਂ ਵਾਲੇ ਸੂਰਵੀਰ ਬੋਲਦੇ ਹਨ। ਤੇਗਾਂ (ਤੜੰਕਾਰ) ਦੀ ਤੜਤੜਾਹਟ ਆਈ, ਤੀਰਾਂ ਦੀ ਸੜੰਕਾਰ) ਸੜਸੜਾਹਟ ਦੀ ਆਵਾਜ਼ ਹੁੰਦੀ ਹੈ। (ਸਾਗੰ) ਬਰਛੀਆਂ ਦੇ ਚੱਲਣ ਦੀ (ਧਮੱਕਾਰ) ਧਮਕ ਹੋਈ, (ਖੱਗੰ) ਤਲਵਾਰਾਂ ਦੇ ਖੜਾਕੇ ਹੋਏ। ਟੋਪ ਟੁਕੜੇ (ਟੁਕੜੇ) ਹੋ ਕੇ ਟੁੱਟ ਗਏ (ਤੋਪਾਂ ਬੰਦੂਕਾਂ ਦੀਆਂ) ਨਾਲੀਆਂ 'ਚੋਂ ਅੱਗ (ਉੱਠੇ) ਨਿਕਲਦੀ ਹੈ॥੬॥

**ਭੁਜੰਗ॥**

**ਉਠੇ ਨੱਦ ਨਾਦੰ ਢਮੱਕਾਰ ਢੋਲੰ॥ ਢਲੰਕਾਰ ਢਾਲੰ ਮੁਖੰ ਮਾਰ ਬੋਲੰ॥**
**ਖਹੇ ਖੱਗ ਖੂਨੀ ਖੁਲੇ ਬੀਰ ਖੇਤੰ॥ ਨਚੇ ਕੰਧਿ ਹੀਣੰ ਕਮੱਧੰ ਨ੍ਰਿਚੇਤੰ॥੭॥**

***ਭਾਵਾਰਥ:-*** (ਨੱਦ) ਵਾਜਿਆਂ ਦੇ ਸ਼ਬਦ ਅਤੇ ਢੋਲਾਂ ਦੇ ਢਮਕਾਰੇ ਉੱਠੇ। ਢਾਲਾਂ ਦੀ ਢਲਕਾਰ (ਆਵਾਜ਼) ਹੁੰਦੀ ਹੈ ਅਤੇ ਮੂੰਹੋਂ ਮਾਰ (ਮਾਰ) ਬੋਲਦੇ ਹਨ। (ਬੀਰਖੇਤੰ) ਮੈਦਾਨੇ ਜੰਗ ਵਿੱਚ ਸੂਰਬੀਰ ਬੇ-ਰੋਕ ਫਿਰਦੇ ਹਨ ਅਤੇ (ਖੂਨੀ) ਕਤਲ ਕਰਨ ਵਾਲੀਆਂ ਖੜਗਾਂ (ਖਹੇ) ਵੱਜਦੀਆਂ ਹਨ। (ਕੰਧਿ) ਸਿਰਾਂ ਤੋਂ ਰਹਿਤ (ਨ੍ਰਿਚੇਤੰ) ਅਚੇਤ (ਕਮੱਧੰ) ਧੜ ਨੱਚੇ॥੭॥

**ਭੁਜੰਗ॥**

**ਭਰੇ ਜੋਗਣੀ ਪਤ੍ਰ ਚਉਸਠ ਚਾਰੀ॥ ਨਚੀ ਖੋਲ ਸੀਸੰ ਬਕੀ ਬਿਕਰਾਰੀ॥**
**ਹਸੈ ਭੂਤ ਪ੍ਰੇਤੰ ਮਹਾ ਬਿਕਰਾਲੰ॥ ਬਜੇ ਡਾਕ ਡੌਰੂ ਕਰੂਰੰ ਕਰਾਲੰ॥੮॥**

***ਭਾਵਾਰਥ:-*** ਚੌਹਠਾਂ ਯੋਗਣੀਆਂ ਨੇ (ਪਤ੍ਰ- ਪਾਤ੍ਰ) ਖੱਪਰ ਭਰ ਕੇ (ਚਾਰੀ) ਪੀ ਲਏ (ਚਾੜ੍ਹ ਲਏ) ਤਾਂ ਸਿਰਾਂ (ਦੇ ਵਾਲ) ਖੋਲ੍ਹ ਕੇ ਨੱਚੀਆਂ ਅਤੇ (ਬਿਕਰਾਰੀ) ਕਾਲੀ (ਕਾਲੀ, ਡਰਾਉਣੀਆਂ ਆਵਾਜ਼ਾਂ ਨਾਲ) ਕਿਲਕਾਰੀਆਂ ਮਾਰੀਆਂ। ਬਹੁਤ (ਬਿਕਰਾਲੰ) ਮਹਾਂ ਡਰਾਉਣਾ ਹਾਸਾ ਭੂਤ, ਪ੍ਰੇਤ ਹੱਸਦੇ ਹਨ। ਭਿਆਨਕ ਤੋਂ ਭਿਆਨਕ ਡਉਰੂਆਂ ਦੀ ਡਾਕ (ਧ੍ਵਨੀ) ਵੱਜਦੀ ਹੈ॥੮॥

**ਭੁਜੰਗ॥**

**ਪ੍ਰਹਾਰੰਤ ਮੁਸਟੰ ਕਰੈ ਪਾਵ ਘਾਤੰ॥ ਮਨੋ ਸਿੰਘ ਸਿੰਘੰ ਡਹੇ ਗਜ ਮਾਤੰ॥**
**ਛੁਟੀ ਈਸ ਤਾੜੀ ਡਗਯੋ ਬ੍ਰਹਮ ਧਯਾਨੰ॥ ਭਜਯੋ ਚੰਦ੍ਰਮਾ ਕਾਂਪ ਭਾਨੰ ਮਧਯਾਨੰ॥੯॥**

***ਭਾਵਾਰਥ:–*** (ਮੁਸਟੰ) ਮੁੱਕੀਆਂ ਮਾਰਦੇ ਅਤੇ (ਪਾਵ) ਪੈਰਾਂ (ਘਾਤੰ) ਨਾਲ ਵਾਰ ਕਰਦੇ ਹਨ। ਮਾਨੋ ਕਿ ਸ਼ੇਰ ਨਾਲ ਸ਼ੇਰ ਅਤੇ (ਮਾਤੰ) ਮਸਤ ਹਾਥੀ (ਆਪਸ ਵਿੱਚ) (ਡਹੇ) ਜੁੱਟੇ ਹੋਏ ਹਨ। (ਇਹ ਭਿਆਨਕ ਜੰਗ ਹੋਣ ਕਰਕੇ) (ਈਸ) ਸ਼ਿਵ ਦੀ (ਤਾੜੀ) ਸਮਾਧੀ ਛੁੱਟ ਗਈ ਅਤੇ ਬ੍ਰਹਮਾ ਦਾ ਧਿਆਨ ਵੀ (ਡਗਯੋ) ਡੋਲ (ਛੁੱਟ) ਗਿਆ। ਚੰਦ੍ਰਮਾ ਅਤੇ (ਮਧਜਾਨੰ) ਦੁਪਹਿਰ ਦਾ ਸੂਰਜ ਵੀ ਕੰਬ ਕੇ ਭੱਜ ਗਿਆ।੯।

**ਭੁਜੰਗ॥**

**ਜਲੇ ਬਾ ਥਲੇਯੰ ਥਲੰ ਤਥ ਨੀਰੰ॥ ਕਿਧੋ ਸੰਧਜੰ ਬਾਣ ਰਘੁ ਇੰਦ੍ਰ ਬੀਣੰ॥**
**ਕਰੈ ਦੈਤਜ ਆਘਾਤ ਮੁਸ੍ਟੰ ਪ੍ਰਹਾਰੰ॥ ਮਨੋ ਚੋਟ ਬਾਹੈ ਘਰਜਾਰੀ ਘਰਜਾਰੰ॥੧੦॥**

***ਭਾਵਾਰਥ:–*** ਪਾਣੀ ਦੀ ਥਾਂ ਥਲ (ਰੇਗਸਤਾਨ) ਹੋ ਗਿਆ ਅਤੇ ਥਲ (ਤਥ) ਵਾਲੀ ਥਾਂ 'ਤੇ ਜਲ ਹੋ ਗਿਆ। ਮਾਨੋ ਕਿ (ਰਘੁ ਇੰਦ੍ਰ- ਰਾਘਵੇਂਦ੍ਰ) ਸ੍ਰੀ ਰਾਮਚੰਦਰ ਜੀ ਯੋਧੇ ਨੇ ਤੀਰ ਸੰਨ੍ਹਿਆ ਹੈ। ਦੈਂਤ (ਆਘਾਤ) ਵਾਰ ਕਰਦੇ ਅਤੇ ਮੁੱਕੀਆਂ ਮਾਰਦੇ ਹਨ। ਮਾਨੋ ਕਿ ਘੜਿਆਲ ਵਾਲਾ ਘੜਿਆਲ ਤੇ ਸੱਟ (ਬਾਹੈ) ਮਾਰਦਾ ਹੈ॥੧੦॥

**ਬਜੇ ਡੰਕ ਬੰਕੇ ਸੁ ਕ੍ਰੂਰੰ ਕਰਾਰੇ॥ ਮਨੋ ਗੱਜ ਜੁੱਟੇ ਦੰਤਾਰੇ ਦੰਤਾਰੇ॥**
**ਢਮੰਕਾਰ ਢੋਲੰ ਰਣੰਕੇ ਨਫੀਰੰ॥ ਸੜੱਕਾਰ ਸਾਂਗੰ ਤੜੱਕਾਰ ਤੀਰੰ॥੧੧॥**

***ਭਾਵਾਰਥ:–*** ਭਿਆਨਕ ਤੋਂ ਭਿਆਨਕ (ਬੰਕੇ) ਕਈ ਸੋਹਣੇ (ਡੰਕੇ) ਨਗਾਰੇ ਵੱਜੇ। ਮਾਨੋ ਕਿ ਦੰਦਾਂ ਵਾਲੇ ਦੋ ਹਾਥੀ (ਜੁੱਟੇ) ਲੜ ਰਹੇ ਹਨ। ਢੋਲਾਂ ਦੇ ਢਮਾਕੇ ਹੋਏ, ਨਫੀਰੀਆਂ (ਰਣੰਕੇ) ਦੀ ਆਵਾਜ਼ ਹੋਈ। ਬਰਛੀਆਂ ਦੇ ਸੜਕਾਰੇ ਅਤੇ ਤੀਰਾਂ ਦੇ ਤੜਾਕੇ ਹੋਏ॥੧੧॥

**ਭੁਜੰਗ॥**

**ਦਿਨੰ ਅਸ੍ਟ ਜੁੱਧੰ ਭਯੋ ਅਸ੍ਟ ਰੈਣੰ॥ ਡਗੀ ਭੂਮਿ ਸਰਬੰ ਉਠਯੋ ਕਾਂਪ ਗੈਣੰ॥**
**ਰਣੰ ਰੰਗ ਰੱਤੇ ਸਭੈ ਰੰਗ ਭੂਮੰ॥ ਹਣਯੋ ਬਿਸਨੁ ਸੱਤ੍ਰੰ ਗਿਰਯੋ ਅੰਤ ਝੂਮੰ॥੧੨॥**

***ਭਾਵਾਰਥ:–*** ਅੱਠ ਦਿਨ ਅਤੇ ਅੱਠ ਰਾਤਾਂ ਜੰਗ ਹੁੰਦਾ ਰਿਹਾ। ਸਾਰੀ ਧਰਤੀ (ਡਗੀ) ਹਿੱਲ ਗਈ ਅਤੇ (ਰੈਣੰ) ਆਕਾਸ਼ ਵੀ ਕੰਬ ਉੱਠਿਆ। (ਰੰਗ ਭੂਮੰ) ਮੈਦਾਨੇ ਜੰਗ ਵਿੱਚ ਸਾਰੇ ਹੀ ਜੰਗ ਦੇ (ਰੰਗ) ਖ਼ਿਆਲ ਵਿੱਚ (ਰੱਤੇ) ਮਸਤ ਹਨ। (ਅੰਤ) ਆਖਰ ਵਿਸ਼ਨੂੰ ਭਗਵਾਨ (ਬੈਰਾਹ) ਨੇ (ਸੱਤ੍ਰ) ਦੁਸ਼ਮਣ (ਹਿਰਨ ਕਸ਼ਿਯਪ) ਨੂੰ ਮਾਰ ਲਿਆ ਜੋ (ਝੂਮੰ) ਚੱਕਰ ਖਾ ਕੇ (ਜ਼ਮੀਨ 'ਤੇ) ਡਿੱਗ ਪਿਆ॥੧੨॥

**ਭੁਜੰਗ॥**

**ਧਰੇ ਦਾੜ ਅਗ੍ਰੰ ਚਤੁਰ ਬੇਦ ਤਬੰ॥ ਹਠੀ ਦੁਸ੍ਟ ਜਿੱਤੇ ਭਜੇ ਦੈਤਜ ਸਬੰ॥**
**ਦਈ ਬ੍ਰਹਮ ਆਗਜਾ ਧਨੁਰਬੇਦ ਕੀਯੰ॥ ਸਬੈ ਸੰਤਨੰਤਾਨ ਕੋ ਸੁਖ ਦੀਯੰ[੧]॥੧੩॥**

***ਭਾਵਾਰਥ:–*** ਓਦੋਂ (ਫੇਰ) ਚਾਰੇ ਹੀ ਵੇਦ (ਵਾਰਾਹ ਅਵਤਾਰ ਨੇ) ਦਾੜ੍ਹ ਦੇ ਅੱਗੇ (ਅਗਲੇ ਭਾਗ 'ਤੇ) ਰੱਖ ਲਿਆਂਦੇ। ਹਠੀ ਦੁਸਟ (ਲੋਕ) ਜਿੱਤ ਲਏ ਸਾਰੇ ਦੈਂਤ ਭੱਜ ਗਏ। (ਵਿਸ਼ਨੂੰ ਨੇ) ਬ੍ਰਹਮਾ ਨੂੰ ਆਗਿਆ ਕੀਤੀ ਤਾਂ (ਬ੍ਰਹਮਾ ਨੇ) ਵੇਦ ਦੀ ਧੁਨੀ ਕੀਤੀ। ਸਾਰੇ ਸੰਤਾਂ ਨੂੰ ਬੇਅੰਤ ਸੁੱਖ ਦਿੱਤਾ॥੧੩॥

---

[੧] ਪਾਠ– ਸੁਖਜ ਕੀਯੰ

**ਭੁਜੰਗ॥**

**ਧਰਯੋ ਖਸ੍ਰਮੰ ਬਿਸਨੁ ਐਸਾਵਤਾਰੰ॥ ਸਬੈ ਦੁਸ੍ਰ ਜਿਤੇ ਕਿਯੋ ਬੇਦ ਉਧਾਰੰ॥**

**ਥਟਯੋ ਧਰਮਰਾਜੰ ਜਿਤੇ ਦੇਵ ਸਰਬੰ॥ ਉਤਾਰਯੋ ਭਲੀ ਭਾਂਤਿ ਸੋਂ ਤਾਹਿ ਗਰਬੰ॥੧੪॥**

***ਭਾਵਾਰਥ:–*** ਇਉਂ (ਸ੍ਰੀ) ਵਿਸ਼ਨੂ ਨੇ ਛੇਵਾਂ ਅਵਤਾਰ ਧਾਰਿਆ। ਸਾਰੇ ਦੁਸ਼ਟਾਂ ਨੂੰ ਜਿੱਤ ਕੇ ਵੇਦਾਂ ਦਾ ਬਚਾਉ ਕੀਤਾ। ਜਿੰਨੇ ਸਾਰੇ ਦੇਵਤੇ ਸਨ (ਉਨ੍ਹਾਂ ਨੂੰ) ਧਰਮ ਦਾ ਰਾਜ (ਕਰਨ) ਵਾਸਤੇ ਸਥਾਪਿਤ ਕਰ ਦਿੱਤਾ। ਉਸ (ਹਿਰਨ ਕਸ਼ਿਯਪ) ਦਾ ਚੰਗੀ ਤਰ੍ਹਾਂ ਹੰਕਾਰ ਲਾਹ ਦਿੱਤਾ॥੧੪॥

**ਇਤਿ ਸ੍ਰੀ ਬਚਿਤ੍ਰ ਨਾਟਕੇ ਹਿਰੰਨਜ ਦੈਤਜ ਬਧਹ ਬੇਦ ਉਧਾਰ ਕੀਆ ਬਰਾਹ ਅਵਤਾਰ ਸਮਾਪਤ ਸੁਭ ਮਸਤੁ[੧]॥੬॥**

**ਅਥ ਨਰ ਸਿੰਘ ਅਵਤਾਰ ਕਥਨੰ॥**

**ਸ੍ਰੀ ਭਗਉਤੀ ਜੀ ਸਹਾਇ॥ ਪਾਧੜੀ ਛੰਦ॥[੨]**

**ਇਹ ਭਾਂਤਿ ਕੀਯੋ ਦਿਵਰਾਜ ਰਾਜ॥ ਭੰਡਾਰ ਭਰੇ ਸੁਭ ਸਰਬ ਸਾਜ॥**

**ਜਬ ਦੇਵਤਾਨ ਬਢਯੋ ਗਰੂਰ॥ ਬਲਵੰਤ ਦੈਤਜ ਉਠੇ ਕਰੂਰ॥੧॥**

***ਭਾਵਾਰਥ:–*** ਹੁਣ ਨਰ ਸਿੰਘ ਅਵਤਾਰ (ਦਾ ਪ੍ਰਸੰਗ) ਕਹਿੰਦੇ ਹਾਂ।
(ਸ੍ਰੀ) ਸਤਿਕਾਰਯੋਗ (ਭਗਉਤੀ) ਚੰਡਿਕਾ (ਦੇਵੀ) ਜੀ ਸਹਾਈ ਹੋਵੋ।
(ਦਿਵਰਾਜ) ਇੰਦਰ ਨੇ ਇਸ ਤਰ੍ਹਾਂ (ਬਹੁਤ ਦੇਰ) ਰਾਜ ਕੀਤਾ। ਸਾਰੇ ਉੱਤਮ ਸਮਾਨ ਨਾਲ ਭੰਡਾਰੇ ਭਰੇ ਹੋਏ ਸਨ। ਜਦੋਂ ਦੇਵਤਿਆਂ ਨੂੰ ਅਭਿਮਾਨ ਵਧ ਗਿਆ। (ਉਦੋਂ ਕਾਲ ਦੀ ਕਿਰਿਆ ਅਨੁਸਾਰ) ਭਿਆਨਕ ਤੇ ਬਲਵਾਨ ਦੈਂਤ ਖੜ੍ਹੇ ਹੋ ਗਏ॥੧॥

**ਪਾਧਰੀ ਛੰਦ॥**

**ਲਿੰਨੋ ਛਿਨਾਇ ਦਿਵਰਾਜ ਰਾਜ॥ ਬਾਜਿਤ੍ਰ ਨੇਕ ਉਠੇ ਸੁ ਬਾਜ॥**

**ਇਹ ਭਾਤਿ ਜਗਤ ਦੋਹੀ ਫਿਰਾਇ॥ ਜਲੰ ਬਾ ਥਲੇਯੰ ਹਿਰਨਾਛ ਰਾਇ॥੨॥**

***ਭਾਵਾਰਥ:–*** ਇੰਦਰ ਤੋਂ ਰਾਜ ਖੋਹ ਲਿਆ। (ਤਾਂ) ਅਨੇਕ ਵਾਜੇ ਵੱਜ ਉੱਠੇ। ਜਗਤ ਵਿੱਚ ਇਸ ਤਰ੍ਹਾਂ (ਦੋਹੀ) ਡੌਂਡੀ ਫਿਰਵਾ ਦਿੱਤੀ ਕਿ ਜਲਾਂ ਅਤੇ ਥਲਾਂ ਵਿੱਚ ਹਿਰਨਾਖਸ[੩] ਰਾਜਾ (ਬਣ ਗਿਆ) ਹੈ॥੨॥

**ਪਾਧਰੀ ਛੰਦ॥**

**ਇਕ ਦਯੋਸ ਗਯੋ ਨਿਜ ਨਾਰਿ ਤੀਰ॥ ਸਜਿ ਸੁੱਧ ਸਾਜ ਨਿਜ ਅੰਗ ਬੀਰ॥**

**ਕਿਹ ਭਾਂਤਿ ਸੱਤ੍ਰ ਮੋ ਭਯੋ ਨਿਰੁਕਤ॥ ਤਬ ਭਯੋ ਦੁਸ੍ਰ ਕੋ ਬੀਰਜ ਮੁਕਤ॥੩॥**

---

[੧] ਪ੍ਰੈਸ ਦੀਆਂ ਸੈਂਚੀਆਂ ਵਿੱਚ ਪਾਠ 'ਇਤਿ ਸ੍ਰੀ ਬਚਿਤ੍ਰ ਨਾਟਕ ਛੇਵਾਂ ਅਵਤਾਰ ਬੈਰਾਹ॥੬॥' ਹੈ। ਉਪਰੋਕਤ ਪਾਠ ਲਿਖਤ ਪੋਥੀ ਦਾ ਹੈ।

[੨] (ਪਾਧੜੀ ਛੰਦ) ਏਸ ਛੰਦ ਦੀ ਹਰੇਕ ਤੁਕ ਸੋਲਾਂ ਮਾਤ੍ਰਿਕ ਹੁੰਦੀ ਹੈ, ਅੱਠ-ਅੱਠ ਮਾਤ੍ਰਾ 'ਤੇ ਵਿਸ਼ਰਾਮ ਹੁੰਦਾ ਹੈ ਅੰਤ ਵਿੱਚ ਜਗਣ।S। ਹੁੰਦਾ ਹੈ। (ਇਹ ਫੁੱਟ ਨੋਟ ਲੱਗਦਾ ਹੈ

[੩] ਸ੍ਰੀਮਦ ਭਗਵਤ ਗੀਤਾ ਅਨੁਸਾਰ ਪ੍ਰਹਿਲਾਦ ਦਾ ਪਿਤਾ 'ਹਿਰਨ ਕਸ਼ਿਯਪ' ਸੀ।

***ਭਾਵਾਰਥ:–*** ਇੱਕ ਦਿਨ (ਬੀਰ) ਯੋਧਾ (ਹਿਰਣਾਖਸ) ਆਪਣੇ ਸਰੀਰ ਤੇ (ਸ਼ੁੱਧ) ਉੱਤਮ (ਸਾਜ) ਵਸਤ੍ਰ ਪਹਿਨ ਕੇ ਆਪਣੀ ਔਰਤ ਪਾਸ ਗਿਆ। ਔਰਤ ਨਾਲ ਸੰਗ ਕਰਦੇ ਸਮੇਂ ਕਿਸੇ ਤਰ੍ਹਾਂ ਹਰਣਾਖਸ਼ ਆਪਣੇ ਵੈਰੀ ਵਿਸ਼ਨੂੰ ਜੀ ਦੇ ਮਾਰਨ ਲਈ (ਨਿਰੁਕਤ) ਧਿਆਨ ਮਗਨ ਹੋ ਗਿਆ (ਏਸੇ ਧਿਆਨ ਵਿੱਚ) ਦੁਸਟ (ਹਿਰਣਾਖਸ) ਦਾ ਵੀਰਯ (ਮੁਕਤ) ਛੁੱਟ ਗਿਆ॥੩॥

**ਪਾਧਰੀ ਛੰਦ॥**

**ਪ੍ਰਹਲਾਦ ਭਗਤ ਲਿੰਨੋ ਵਤਾਰ॥ ਸਬ ਕਰਨਿ ਕਾਜ ਸੰਤਨ ਉਧਾਰ॥**
**ਚਟਸਾਰ ਪੜਨ ਸਉਪਯੋ ਨ੍ਰਿਪਾਲ॥ ਪਟੀਯਹਿ ਕਹਯੋ ਲਿਖਿ ਦੈ ਗੁਪਾਲ॥੪॥**

***ਭਾਵਾਰਥ:–*** (ਹਰਨਾਕਸ ਦੀ ਸੁਰਤੀ ਵਿਸ਼ਨੂੰ ਜੀ ਵੱਲ ਜਾਣ ਸਮੇਂ ਚੱਲੇ ਵੀਰਯ ਤੋਂ) ਪ੍ਰਹਲਾਦ ਭਗਤ ਨੇ ਜਨਮ ਲਿਆ। ਸਭ ਸੰਤਾਂ ਦੇ ਕੰਮ ਕਰਨ ਵਾਸਤੇ ਅਤੇ ਬਚਾਓ ਕਰਨ ਵਾਸਤੇ। ਰਾਜੇ ਨੇ (ਪ੍ਰਹਲਾਦ ਨੂੰ) (ਚਟਸਾਰ) ਪਾਠਸ਼ਾਲਾ ਵਿੱਚ (ਸੰਡ ਅਤੇ ਅਮਰਕ–ਸ਼ੁਕਰਾਚਾਰਯ ਦੇ ਪੁੱਤਰਾਂ ਨੂੰ) ਪੜ੍ਹਨ ਲਈ ਸੌਂਪ ਦਿੱਤਾ (ਤਾਂ ਪ੍ਰਹਲਾਦ ਨੇ) ਕਹਿਆ ਕਿ (ਮੇਰੀ) ਪੱਟੀ 'ਤੇ ਗੁਪਾਲ (ਨਾਮ) ਲਿਖ ਕੇ ਦਿਓ॥੪॥

**ਤੋਟਕ ਛੰਦ॥**

**ਇਕ ਦਯੋਸ ਗਯੋ ਚਟਸਾਰ ਨ੍ਰਿਪੰ॥ ਚਿਤ ਚੌਕ ਰਹਯੋ ਸੁਭ ਦੇਖਿ ਸੁਤੰ॥**
**ਜੁ ਪੜਯੋ ਦਿਜ ਤੇ ਸੁਤ ਤਾਹਿ ਰੜੋ॥ ਨਿਰਭੈ ਸਿਸੁ ਨਾਮੁ ਗੁਪਾਲ ਪੜੋ॥੫॥**

***ਭਾਵਾਰਥ:–*** ਰਾਜਾ (ਹਿਰਣਾਖਸ) ਇੱਕ ਦਿਨ ਪਾਠਸ਼ਾਲਾ ਵਿੱਚ ਗਿਆ। ਪੁੱਤਰ ਨੂੰ (ਸੁਭ) ਲਾਇਕ (ਯੋਗ) ਵੇਖ ਕੇ ਦਿਲ ਵਿੱਚ (ਚੌਕ) ਹੈਰਾਨ ਹੋ ਗਿਆ। (ਅਤੇ ਕਹਿਆ ਕਿ) ਹੇ ਪੁੱਤਰ! ਜੋ ਬ੍ਰਾਹਮਣ (ਗੁਰੂ) ਤੋਂ ਪੜ੍ਹਿਆ ਹੈ (ਉਹ) (ਰੜੋ) ਬੋਲੋ (ਸੁਣਾਓ)। ਤਾਂ (ਸਿਸੁ) ਬੱਚੇ ਨੇ ਨਿਰਭੈ ਹੋ ਗੁਪਾਲ ਦਾ ਨਾਮ (ਪੜੋ) ਪੜ੍ਹਿਆ॥੫॥

**ਤੋਟਕ॥**

**ਸੁਨਿ ਨਾਮੁ ਗੁਪਾਲ ਰਿਸਯੋ ਅਸੁਰੰ॥ ਬਿਨੁ ਮੋਹਿ ਸੁ ਕਉਣੁ ਭਜੋ[1] ਦੁਸਰੰ॥**
**ਜੀਯ ਮਾਹਿ ਧਰੋ[2] ਸਿਸੁ ਯਾਹਿ ਹਨੋ॥ ਜੜ ਕਿਉਂ ਭਗਵਾਨ ਕੋ ਨਾਮ ਭਨੋ॥੬॥**

***ਭਾਵਾਰਥ:–*** ਦੈਂਤ (ਹਿਰਣਾਖਸ) ਗੁਪਾਲ ਦਾ ਨਾਮ ਸੁਣ ਕੇ ਗੁੱਸੇ 'ਚ ਆ ਗਿਆ ਕਿ ਮੇਰੇ ਬਿਨਾਂ ਕੌਣ ਦੂਜਾ ਹੈ (ਜੀਹਨੂੰ ਇਸ) ਸਿਮਰਿਆ ਹੈ। ਦਿਲ ਵਿੱਚ (ਖ਼ਿਆਲ) ਧਾਰ ਲਿਆ ਕਿ ਏਸ ਪੁੱਤਰ ਨੂੰ ਹੀ ਮਾਰ ਦਿਆਂ। (ਏਸ) ਮੂਰਖ ਨੇ ਗੋਪਾਲ ਦਾ ਨਾਮ ਕਿਉਂ ਆਖਿਆ॥੬॥

**ਤੋਟਕ॥**

**ਜਲ ਅਉਰ ਥਲੰ ਇਕ ਬੀਰ ਮਨੰ॥ ਇਹ ਕਾਹਿ ਗੁਪਾਲ ਕੋ ਨਾਮ ਭਣੰ॥**
**ਅਬ ਹੀ ਇਹ ਬਾਂਧਹੁ ਥੰਭ ਭਏ[3]॥ ਸੁਨਿ ਸ੍ਰਉਨਨ ਦਾਨਵ ਬੈਨ ਧਏ॥੭॥**

---

[1] ਪਾਠ– ਭਜੇ

[2] ਪਾਠ– ਦਿਜ ਯਾਹਿ ਧਰੋ

[3] ਪਾਠ– ਤਬ ਹੀ ਤਿਹ ਬਾਂਧਤ ਥੰਮ ਭਏ॥

***ਭਾਵਾਰਥ:–*** (ਮਨੰ) ਮੈਂ ਹੀ ਜਲਾਂ ਅਤੇ ਥਲਾਂ ਵਿੱਚ (ਇਕ) ਅਦ੍ਵਿਤਿਯ ਯੋਧਾ ਹਾਂ। ਏਹ ਗੋਪਾਲ ਦਾ ਨਾਮ ਕਿਉਂ ਲੈਂਦਾ ਹੈ? 'ਏਹਨੂੰ ਹੁਣੇ ਹੀ ਥੰਮ (ਭਏ) ਨਾਲ ਬੰਨ੍ਹੋ'– (ਇਹ) ਵਚਨ ਕੰਨੀਂ ਸੁਣ ਕੇ ਦੈਂਤ (ਪ੍ਰਹਲਾਦ ਨੂੰ ਬੰਨ੍ਹਣ ਲਈ) ਦੌੜ ਪਏ॥੭॥

**ਤੋਟਕ॥**

**ਗਹਿ ਮੂੜ ਚਲੇ ਸਿਸੁ ਮਾਰਨ ਕੋ॥ ਨਿਕਸਯੋਬ ਗੁਪਾਲ ਉਬਾਰਨ ਕੋ॥**
**ਚਕ ਚਉਧ ਰਹੇ ਜਨੁ ਦੇਖ ਸਬੈ॥ ਨਿਕਸਯੋ ਹਰਿ ਫਾਰਿ ਕਿਵਾਰ ਤਬੈ॥੮॥**

***ਭਾਵਾਰਥ:–*** ਮੂਰਖ (ਦੈਂਤ) (ਸਿਸੁ) ਬੱਚੇ (ਪ੍ਰਹਲਾਦ) ਨੂੰ ਮਾਰਨ ਲਈ ਫੜ ਕੇ ਲੈ ਤੁਰੇ। ਉਦੋਂ ਹੀ ਗੋਪਾਲ (ਪ੍ਰਹਲਾਦ ਨੂੰ) ਬਚਾਉਣ ਲਈ ਨਿਕਲ ਆਇਆ। ਸਾਰੇ ਲੋਕ ਵੇਖ ਕੇ (ਚਕਚਉਧ) ਹੈਰਾਨ ਹੋ ਗਏ। ਕਿ ਉਦੋਂ ਹੀ (ਹਰਿ) ਸ਼ੇਰ (ਨਰ ਸਿੰਘ ਅਵਤਾਰ) (ਕਿਵਾਰ) ਦਰਵਾਜ਼ੇ (ਫਾਰਿ) ਤੋੜ ਕੇ ਨਿਕਲ ਆਇਆ॥੮॥

**ਤੋਟਕ॥**

**ਲਖਿ ਦੇਵ ਦਿਵਾਰਿ ਸਬੈ ਥਹਰੇ॥ ਅਵਿਲੋਕ ਚਰਾਚਰ ਹੂੰ ਹਹਰੇ॥**
**ਗਰਜੇ ਨਰਸਿੰਘ ਨਰਾਂਤ ਕਰੰ॥ ਦ੍ਰਿਗ ਰੱਤ ਕੀਏ ਮੁਖ ਸ੍ਰੋਣ ਭਰੰ॥੯॥**

***ਭਾਵਾਰਥ:–*** ਸਾਰੇ ਦੇਵਤੇ ਅਤੇ (ਦਿਵਾਰਿ) ਦੈਂਤ ਵੇਖ ਕੇ (ਥਹਰੇ) ਕੰਬ ਗਏ। ਚਰ ਅਚਰ (ਜੰਗਮ ਜੜ) ਵੀ (ਅਵਿਲੋਕਿ) ਵੇਖ ਕੇ (ਹਰੇ) ਕੰਬ ਗਏ। (ਨਰਾਂਤ ਕਰੰ– ਮਨੁੱਖਾਂ ਦਾ ਅੰਤ ਕਰਨ ਵਾਲਾ) ਯਮ ਰੂਪ ਹੋ ਕੇ ਨਰ ਸਿੰਘ (ਅਵਤਾਰ) ਜੀ ਗੱਜੇ। ਅੱਖਾਂ ਲਾਲ ਅਤੇ ਮੂੰਹ ਲਹੂ ਭਰਿਆ ਕਰ ਲਿਆ॥੯॥

**ਤੋਟਕ॥**

**ਲਖ ਦਾਨਵ ਭਾਜ ਚਲੇ ਸਬ ਹੀ॥ ਗਰਜਯੋ ਨਰਸਿੰਘ ਰਣੰ ਜਬ ਹੀ॥**
**ਇਕ ਭੂਪਤਿ ਠਾਢਿ ਰਹਯੋ ਰਨ ਮੈ॥ ਗਹਿ ਹਾਥ ਗਦਾ ਨਿਰਭੈ ਮਨ ਮੈ॥੧੦॥**

***ਭਾਵਾਰਥ:–*** ਜਦੋਂ ਨਰ ਸਿੰਘ (ਅਵਤਾਰ) ਜੰਗ (ਮੈਦਾਨ) ਵਿੱਚ ਗੱਜਿਆ (ਤਾਂ) ਸਾਰੇ ਦੈਂਤ ਵੇਖ ਕੇ ਨੱਸ ਤੁਰੇ। ਇੱਕ ਰਾਜਾ (ਹਰਨਾਖਸ) ਹੀ ਜੰਗ (ਮੈਦਾਨ) ਵਿੱਚ ਹੱਥ ਵਿੱਚ ਗਦਾ ਫੜ ਕੇ ਅਤੇ ਮਨ ਵਿੱਚ ਨਿਡਰ ਹੋ ਕੇ ਖਲੋਤਾ ਰਿਹਾ॥੧੦॥

**ਤੋਟਕ॥**

**ਲਰਜੇ ਸਬ ਸੂਰ ਨ੍ਰਿਪੰ ਗਰਜੇ॥ ਸਮੁਹਾਤ ਭਏ ਭਟ ਕੇਹਰ ਕੇ॥**
**ਜੁ ਗਏ ਸਮੁਹੇ ਛਿਤਿ ਤੈ ਪਟਕੇ॥ ਰਣ ਭੇ ਰਣ ਧੀਰ ਬਟਾ ਨਟ ਕੇ॥੧੧॥**

***ਭਾਵਾਰਥ:–*** (ਜਿਹੜੇ ਸੂਰਬੀਰ ਨਰ ਸਿੰਘ ਤੋਂ ਡਰ ਕੇ ਪਿੱਛੇ ਮੁੜੇ ਸਨ ਉਹਨਾਂ ਨੂੰ ਹਰਨਾਖਸ ਨੇ ਗਰਜ ਕੇ ਕਿਹਾ ਕਿ ਤਕੜੇ ਹੋ ਕੇ ਅੱਗੇ ਹੋਵੋ) ਰਾਜੇ ਦੇ ਗੱਜਿਆਂ ਸਾਰੇ ਯੋਧੇ (ਲਰਜੇ) ਕੰਬ ਗਏ। (ਕੇਹਰ– ਸ਼ੇਰ) ਫਿਰ ਨਰ ਸਿੰਘ (ਅਵਤਾਰ) ਦੇ ਸਾਹਮਣੇ ਜਾ ਹੋਏ। (ਜੁ) ਜਿਹੜੇ (ਨਰ ਸਿੰਘ ਅਵਤਾਰ ਦੇ) ਸਾਹਮਣੇ ਗਏ ਉਹ (ਨਰ ਸਿੰਘ ਅਵਤਾਰ ਨੇ) ਜ਼ਮੀਨ 'ਤੇ ਪਟਕਾ ਮਾਰੇ। (ਮਾਨੋ ਕਿ) (ਰਣ ਭੇ) ਜੰਗ ਵਿੱਚ ਸੂਰਬੀਰ ਨਟ ਦੇ ਵੱਟੇ (ਬਣੇ ਹੋਏ) ਸਨ (ਭਾਵ– ਜਿਸ ਤਰ੍ਹਾਂ ਮਦਾਰੀ ਵੱਟੇ ਹੇਠਾਂ ਉੱਤੇ ਲਗਾਤਾਰ ਚਲਾਉਂਦਾ ਹੈ ਅਤੇ ਜ਼ਮੀਨ 'ਤੇ ਡਿਗਣ ਨਹੀਂ ਦਿੰਦਾ, ਏਸੇ ਤਰ੍ਹਾਂ

ਸੂਰਬੀਰਾਂ ਨੂੰ ਨਰ ਸਿੰਘ ਅਵਤਾਰ ਹੇਠਾਂ ਉੱਤੇ ਚਲਾਈ ਜਾਂਦਾ ਹੈ ਅਤੇ ਧਰਤੀ 'ਤੇ ਆਉਣ ਨਹੀਂ ਦੇਂਦਾ)॥੧੧॥

**ਤੋਟਕ॥**

**ਬਬਕੇ ਰਣ ਧੀਰ ਸੁਬੀਰ ਘਣੇ॥ ਰਹਿਗੇ ਮਨੋ ਕਿੰਸੁਕ ਸ੍ਰੋਣ ਸਣੇ॥**
**ਉਮਗੇ ਚਹੂੰ ਓਰਨ ਤੇ ਰਿਪੁ ਯੋਂ॥ ਬਰਸਾਤ ਬਹਾਰਨ ਅਭ੍ਰਨ ਜਯੋਂ॥੧੨॥**

***ਭਾਵਾਰਥ:–*** ਬਹੁਤੇ (ਰਣਧੀਰ) ਧੀਰਜਵਾਨ ਯੋਧੇ ਗੱਜੇ। ਮਾਨੋ ਕਿ (ਕਿੰਸੁਕ) ਕੇਸੂ ਦੇ ਫੁੱਲਾਂ ਵਾਂਗ (ਸ੍ਰੋਣ ਸਣੇ) ਲਹੂ ਨਾਲ ਲਥਪਥ (ਲਿਬੜੇ ਤਿਬੜੇ) ਰਹਿ ਗਏ। ਚਹੁੰ ਪਾਸਿਆਂ ਤੋਂ ਦੁਸ਼ਮਣ ਇਓਂ (ਉਮਗੇ) ਚੜੇ ਕਿ ਜਿਵੇਂ ਬਰਸਾਤ ਦੀਆਂ ਬਹਾਰਾਂ (ਰੁੱਤਾਂ) ਦੇ ਬੱਦਲ ਹੁੰਦੇ ਹਨ॥੧੨॥

**ਤੋਟਕ॥**

**ਬਰਖੇ ਸਰ ਸੁੱਧ ਸਿਲਾ ਸਿਤਯੰ॥ ਉਮਡੇ ਬਰ ਬੀਰ ਦਸੋ ਦਿਸਯੰ॥**
**ਚਮਕੰਤ ਕ੍ਰਿਪਾਣ ਸੁ ਬਾਣ ਜੁਧੰ॥ ਫਹਰੰਤ ਧੁਜਾ ਜਨੁ ਬੀਰ ਕ੍ਰੁਧੰ॥੧੩॥**

***ਭਾਵਾਰਥ:–*** (ਸੁੱਧ) ਠੀਕ ਨਿਸ਼ਾਨੇ ਤੇ ਤੀਰ ਅਤੇ (ਸਿਲਾ) ਹਥਿਆਰ (ਸ਼ਸਤਰ) (ਸਿਤਯੰ) ਤੇਜ਼ੀ ਨਾਲ ਵਰ੍ਹੇ। ਦਸਾਂ ਹੀ ਪਾਸਿਆਂ ਤੋਂ (ਬਰ ਬੀਰ) ਬਲਵਾਨ ਸੂਰਮਿਆਂ ਨੇ ਘੇਰ ਲਿਆ। ਤਲਵਾਰਾਂ ਅਤੇ ਤੀਰ ਜੰਗ ਵਿੱਚ ਚਮਕਦੇ ਹਨ। (ਜਨ) ਮਾਨੋ ਕਿ (ਬੀਰ) ਨਰ ਸਿੰਘ ਕ੍ਰੋਧ ਦੀ ਧੁਜਾ ਲਹਰਾਈ ਹੈ॥੧੩॥

**ਤੋਟਕ॥**

**ਹਹਰੰਤ ਹਠੀ ਬਰਖੰਤ ਸਰੰ॥ ਜਨੁ ਸਾਵਨ ਮੇਘ ਬੁਠਯੋ ਦੁਸਰੰ॥**
**ਫਹਰੰਤ ਧੁਜਾ ਹਹਰੰਤ ਹਯੰ॥ ਉਪਜਯੋ ਜਿਯ ਦਾਨਵ ਰਾਇ ਭਯੰ॥੧੪॥**

***ਭਾਵਾਰਥ:–*** ਹਠੀ (ਯੋਧੇ) (ਹਹਰੰਤ) ਗੱਜਦੇ ਅਤੇ ਤੀਰ ਵਰ੍ਹਦੇ ਹਨ। ਮਾਨੋ ਕਿ (ਦੁਸਰੰ) ਦੂਜਾ (ਹੋਰ) ਸਾਵਣ ਦਾ ਬੱਦਲ ਵਰ੍ਹਿਆ ਹੈ। ਝੰਡੇ ਝੁਲਦੇ ਅਤੇ ਘੋੜੇ ਹਿਣਕਦੇ ਹਨ। ਦੈਂਤ ਰਾਜ (ਹਰਨਾਖਸ) ਦੇ ਦਿਲ ਵਿੱਚ ਡਰ ਪੈਦਾ ਹੋ ਗਿਆ॥੧੪॥

**ਤੋਟਕ॥**

**ਹਹਨਾਤ ਹਯੰ ਗਰਜੰਤ ਗਜੰ॥ ਭਟ ਬਾਂਹ ਕਟੀ ਜਨੁ ਇੰਦ੍ਰ ਧੁਜੰ॥**
**ਤਰਫੰਤ ਭਟੰ ਗਰਜੰਤ ਗਜੰ॥ ਸੁਨਿ ਕੈ ਧੁਨਿ ਸਾਵਣ ਮੇਘ ਲਜੰ॥੧੫॥**

***ਭਾਵਾਰਥ:–*** ਘੋੜੇ ਹਿਣਕਦੇ ਅਤੇ ਹਾਥੀ ਗੱਜਦੇ ਹਨ। ਯੋਧੇ (ਹਰਨਾਖਸ) ਦੀ ਬਾਂਹ ਵੱਢੀ ਗਈ ਮਾਨੋ ਕਿ ਇੰਦਰ ਦੀ ਧੁਜਾ (ਕੱਟੀ ਗਈ) ਹੈ। ਯੋਧੇ ਤੜਫਦੇ ਅਤੇ ਹਾਥੀ ਗੱਜਦੇ ਹਨ। (ਜਿਨ੍ਹਾਂ ਦੀ) ਆਵਾਜ਼ ਸੁਣ ਕੇ ਸਾਵਣ ਦਾ ਬੱਦਲ ਵੀ ਸ਼ਰਮਿੰਦਾ (ਹੁੰਦਾ) ਹੈ॥੧੫॥

**ਤੋਟਕ॥**

**ਬਿਚਲਯੋ ਪਗ ਦ੍ਵੈਕ ਫਿਰਯੋ ਪੁਨਿ ਯੋਂ॥ ਕਰ ਪੁੰਛ ਲਗੇ ਅਹਿ ਕ੍ਰੁੱਧਤ ਜਯੋਂ॥**
**ਰਣ ਰੰਗ ਸਮੈ ਮੁਖ ਯੌਂ ਚਮਕਯੋ॥ ਲਖ ਸੂਰ ਸਰੋਰੁਹ ਸੋ ਦਮਕਯੋ॥੧੬॥**

***ਭਾਵਾਰਥ:-*** ਦੋ ਕੁ ਪੈਰ (ਬਿਚਲਯੋ) ਖਿਸਕ ਕੇ ਫੇਰ ਇਓਂ ਮੁੜਿਆ ਜਿਵੇਂ ਪੂਛ ਨੂੰ ਹੱਥ ਲੱਗਿਆਂ (ਅਹਿ) ਸੱਪ ਕ੍ਰੋਧਮਾਨ ਹੁੰਦਾ ਹੈ। (ਰਣ ਰੰਗ) ਲੜਾਈ ਵੇਲੇ ਮੂੰਹ ਇਓਂ ਲਿਸ਼ਕਿਆ ਜਿਵੇਂ ਸੂਰਜ ਨੂੰ ਵੇਖ ਕੇ (ਸਰੋਰਹੁ) ਕਮਲ (ਸੋ) ਵਾਂਗ (ਦਮਕਯੋ) ਲਿਸ਼ਕਿਆ ਸੀ॥੧੬॥

**ਤੋਟਕ॥**

**ਰਣ ਤੇਗ ਤੁਫੰਗਨ[੧] ਐਸ ਭਯੋ॥ ਸਿਵ ਧਯਾਨ ਛੁਟਯੋ ਬ੍ਰਹਮੰਡ ਡਗਯੋ[੨]॥**
**ਸਰ ਸੇਲ ਸਿਲਾ ਸਿਤ ਐਸ ਬਹੇ॥ ਨਭ ਅਉਰ ਧਰਾ ਦੋਊ ਪੂਰਿ ਰਹੇ॥੧੭॥**

***ਭਾਵਾਰਥ:-*** ਤੇਗਾਂ ਤੇ ਬੰਦੂਕਾਂ ਨਾਲ (ਰਣ) ਮੈਦਾਨ ਇਓਂ ਹੋ ਗਿਆ (ਮਾਨੋ ਕਿ) ਸ਼ਿਵ ਦਾ ਧਿਆਨ ਛੁੱਟ ਗਿਆ ਅਤੇ ਬ੍ਰਹਮੰਡ (ਡਰਯੋ) ਡੋਲ ਗਿਆ ਹੈ। ਤੀਰ, ਬਰਛੇ ਅਤੇ (ਸਿਲਾ) ਹਥਿਆਰ ਇਓਂ (ਸਿਤ) ਛੇਤੀ (ਕਾਹਲੀ ਕਾਹਲੀ) ਚੱਲੇ (ਜਿਨ੍ਹਾਂ ਨਾਲ) ਆਕਾਸ਼ ਅਤੇ ਜ਼ਮੀਨ ਦੋਵੇਂ ਭਰ ਰਹੇ ਸਨ॥੧੭॥

**ਤੋਟਕ॥**

**ਗਨ ਗੰਧ੍ਰਬ ਦੇਖਿ ਦੋਊ ਹਰਖੇ॥ ਪੁਹਪਾਵਲਿ[੩] ਦੇਵ ਸਬੈ ਬਰਖੇ॥**
**ਮਿਲਿਗੇ ਭਟ ਆਪ ਬਿਖੈ ਦੋਊ ਯੋਂ॥ ਸਿਸੁ ਖੇਲਤ ਰੈਣਿ ਹੁਡੂ ਹੁਡ ਜਯੋਂ॥੧੮॥**

***ਭਾਵਾਰਥ:-*** ਦੋਹਾਂ (ਹਰਨਾਖਸ ਅਤੇ ਨਰ ਸਿੰਘ) ਨੂੰ ਵੇਖ ਕੇ ਗਣ (ਦੇਵਤੇ) ਅਤੇ ਗੰਧਰਬ (ਦੇਵਤਿਆਂ ਦੇ ਰਾਗੀ) ਖੁਸ਼ ਹੋਏ ਅਤੇ ਸਾਰੇ ਹੀ ਦੇਵਤੇ (ਪੁਹਪਾਵਲਿ) ਫੁੱਲਾਂ ਦੇ ਹਾਰ ਵਰ੍ਹਾਉਣ ਲੱਗ ਪਏ। ਦੋਵੇਂ ਯੋਧੇ ਆਪੋ ਵਿੱਚ ਇਓਂ (ਮਿਲਿਗੇ) ਚੰਬੜ ਗਏ। ਕਿ ਜਿਵੇਂ ਰਾਤ ਨੂੰ ਬੱਚੇ ਹੁਡੂ ਹੁਡ[੪] ਖੇਡਦੇ ਹੁੰਦੇ ਹਨ॥੧੮॥

**ਬੇਲੀ ਬਿੰਦ੍ਰਮ ਛੰਦ॥**

**ਰਣ ਧੀਰ ਬੀਰ ਸੁ ਗੱਜਹੀਂ॥ ਲਖਿ ਦੇਵ ਅਦੇਵ ਸੁ ਲੱਜਹੀਂ॥**
**ਇਕ ਸੂਰ ਘਾਇਲ ਘੂੰਮਹੀਂ॥ ਜਨੁ ਧੂਮ ਅਧੋਮੁਖ ਧੂਮਹੀਂ॥੧੯॥**

***ਭਾਵਾਰਥ:-*** ਦਲੇਰ ਧੀਰਜਵਾਨ ਯੋਧੇ ਗੱਜਦੇ ਹਨ। ਦੇਵਤੇ ਅਤੇ ਦੈਂਤ ਵੀ (ਜੰਗ) ਵੇਖ ਕੇ ਸ਼ਰਮਸਾਰ ਹੁੰਦੇ ਹਨ। ਕਈ ਜ਼ਖਮੀ ਯੋਧੇ ਚਕਰੀਆਂ ਖਾਂਦੇ ਹਨ। ਮਾਨੋ ਕਿ ਨੀਵੇਂ ਮੂੰਹ ਕਰਕੇ ਸਾਧੂ ਧੂਣੇ (ਧੂਮਹੀਂ) ਤਾਪਦੇ ਹਨ॥੧੯॥

**ਬੇਲੀ ਬਿੰਦ੍ਰਮ ਛੰਦ॥**

**ਭਟ ਏਕ ਅਨੇਕ ਪ੍ਰਕਾਰ ਹੀ॥ ਜੁੱਝੇ ਅਜੁੱਝ ਜੁਝਾਰ ਹੀ॥**
**ਫਹਰੰਤ ਬੈਰਕ ਬਾਣਯੰ॥ ਥਹਰੰਤ ਜੋਧ ਕਿਕਾਣਯੰ॥੨੦॥**

---

[੧] ਪਾਠ- ਰਣ ਰੰਗ ਤੁਰੰਗਨ

[੨] ਪਾਠ- ਗਿਰਯੋ

[੩] ਪਾਠ- ਪੁਹਪੰਜੁਲਿ

[੪] ਇਹ ਖੇਡ ਪੰਜਾਬ ਦੇ ਬੱਚੇ ਆਮ ਖੇਡਦੇ ਹਨ, ਜੋ ਜਿਦ ਬਜਿਦ (ਵੱਧ ਤੋਂ ਵੱਧ) ਕਿਸੇ ਨੂੰ ਹਰਾਉਣ ਵਾਸਤੇ ਖੇਡੀ ਜਾਂਦੀ ਹੈ। ਸ੍ਰ. ਬ. ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿੱਚ ਇਸਨੂੰ ਮੀਢਿਆਂ (ਛਤਰੀਆਂ) ਦੀ ਲੜਾਈ ਲਿਖਿਆ ਹੈ ਪਰ ਮੇਰੀ ਵਿਚਾਰ ਅਨੁਸਾਰ 'ਹੁਡੂ ਹੁਡ' ਦਾ ਅਰਥ 'ਜਿਦ ਬਜਿਦ' ਹੈ।

***ਭਾਵਾਰਥ:-*** ਕਈ ਯੋਧੇ ਅਨੇਕਾਂ ਤਰ੍ਹਾਂ ਨਾਲ (ਅਜੁੱਝ) ਬਿਨਾਂ ਲੜਨ ਤੋਂ ਵੀ (ਜੁੱਝੇ) ਮਰ ਗਏ। (ਬੈਰਕ) ਝੰਡੀਆਂ ਦੇ (ਬਾਣਯੰ- ਬਾਣੇ) ਫਰਰੇ ਝੁੱਲਦੇ ਹਨ। ਯੋਧੇ ਅਤੇ (ਕਿਕਾਣਜੰ) ਘੋੜੇ (ਠਹਰੰਤ) ਕੰਬਦੇ ਹਨ॥੨੦॥

**ਤੋਮਰ ਛੰਦ[੧]॥**

**ਹਿਹਣਾਤ ਕੋਟ ਕਿਕਾਨ॥ ਬਰਖੰਤ ਸੇਲ ਜੁਆਨ॥**

**ਛੁਟਕੰਤ ਸਾਇਕ ਸੁੱਧ॥ ਮਚਜੋ ਅਨੂਪਮ ਜੁੱਧ॥੨੧॥**

***ਭਾਵਾਰਥ:-*** ਕਰੋੜਾਂ (ਕਿਕਾਨ) ਘੋੜੇ ਹਿਣਕਦੇ ਹਨ। (ਜੁਆਨ) ਯੋਧੇ (ਸੇਲ) ਬਰਛੇ ਵਰਸਾਉਂਦੇ ਹਨ। (ਸੁੱਧ) ਠੀਕ ਨਿਸ਼ਾਨੇ ਤੇ ਨਿਰੇ ਤੀਰ (ਛੁਟਕੰਤ) ਚੱਲਦੇ ਹਨ। (ਅਨੂਪਮ) ਉਪਮਾ ਰਹਿਤ (ਅਸਚਰਜ) ਜੰਗ ਮੱਚਿਆ॥੨੧॥

**ਤੋਮਰ ਛੰਦ॥**

**ਭਟ ਏਕ ਅਨੇਕ ਪ੍ਰਕਾਰ॥ ਜੁੱਝੇ ਅਨੰਤ ਸਵਾਰ॥**

**ਬਾਹੈ ਕ੍ਰਿਪਾਣ ਨਿਸੰਗ॥ ਮਚਜੋ ਅਪੂਰਬ ਜੰਗ॥੨੨॥**

***ਭਾਵਾਰਥ:-*** ਕਈ (ਅਨੰਤ) ਬੇ-ਗਿਣਤ ਸਵਾਰ (ਭਟ) ਯੋਧੇ ਅਨੇਕ ਤਰ੍ਹਾਂ ਨਾਲ (ਜੁੱਝੇ) ਲੜੇ (ਮਰੇ)। ਨਿਸੰਕ ਹੋ ਕੇ ਤਲਵਾਰ ਚਲਾਉਂਦੇ ਹਨ। (ਅਪੂਰਬ) ਜਿਹੋ ਜਿਹਾ ਪਹਿਲੇ ਨਹੀਂ ਹੋਇਆ ਸੀ ਐਹੋ ਜਿਹਾ ਯੁੱਧ ਮੱਚਿਆ॥੨੨॥

**ਦੋਧਕ ਛੰਦ[੨]॥**

**ਬਾਹ ਕ੍ਰਿਪਾਣ ਸੁ ਬਾਣ ਭੱਟੰ ਗਣ॥ ਅੰਤਿ ਗਿਰੇ ਪੁਨਿ ਜੂਝ ਮਹਾ ਰਣ॥**

**ਘਾਇ ਲਗੈ ਇਮ ਘਾਇਲ ਝੂਲੈ॥ ਫਾਗਨਿ ਅੰਤਿ ਬਸੰਤ ਸੇ ਫੂਲੈ॥੨੩॥**

***ਭਾਵਾਰਥ:-*** ਸਾਰੇ ਯੋਧੇ ਚੰਗੇ ਤੀਰ ਤਲਵਾਰਾਂ ਚਲਾ ਕੇ ਫਿਰ ਆਖਰ ਵੱਡੇ ਜੰਗ ਵਿੱਚ (ਜੂਝ) ਮਰ ਕੇ ਡਿੱਗ ਪਏ। ਜ਼ਖ਼ਮ ਦੇ ਲੱਗਿਆਂ ਜ਼ਖ਼ਮੀ ਇਓਂ (ਝੂਲੈ) ਹਿਲੋਰੇ ਖਾਂਦੇ ਸਨ। (ਜਿਵੇਂ) ਫੱਗਣ (ਮਹੀਨੇ) ਦੇ ਅਖੀਰ 'ਤੇ (ਬਸੰਤ) ਬਸੰਤੀ ਰੰਗ ਦੇ ਫੁੱਲ (ਹਵਾ ਨਾਲ ਝੁਲਦੇ) ਹਨ॥੨੩॥

**ਦੋਧਕ ਛੰਦ॥**

**ਬਾਹਿ ਕਟੀ ਭਟ ਏਕਨ ਐਸੀ॥ ਸੁੰਡ ਮਨੋ ਗਜਰਾਜ ਨ ਜੈਸੀ॥**

**ਸੋਹਤ ਏਕ ਅਨੇਕ ਪ੍ਰਕਾਰੰ॥ ਫੂਲ ਖਿਰੇ ਜਨੁ ਮਧਿ ਫੁਲਵਾਰੰ॥੨੪॥**

***ਭਾਵਾਰਥ:-*** ਕਈਆਂ ਯੋਧਿਆਂ ਦੀਆਂ ਇਸ ਤਰ੍ਹਾਂ ਦੀਆਂ ਬਾਹਾਂ ਕੱਟੀਆਂ ਗਈਆਂ-ਮਾਨੋ ਕਿ ਜਿਸ ਤਰ੍ਹਾਂ ਦੀਆਂ (ਗਜਰਾਜ) ਵੱਡੇ ਹਾਥੀ ਦੀ ਸੁੰਡ ਵੀ ਨਹੀਂ ਹੁੰਦੀਆਂ। ਕਈ (ਯੋਧੇ) ਅਨੇਕ ਤਰ੍ਹਾਂ ਨਾਲ ਸੋਹਣੇ ਲੱਗਦੇ ਹਨ-ਮਾਨੋ ਕਿ ਫੁਲਵਾੜੀ ਵਿੱਚ ਫੁੱਲ ਖਿੜੇ ਹੋਏ ਹਨ। (ਫੁਲ ਖਿੜੇ ਜਣੁ ਬਾਗੀਂ ਬਾਣੇ ਜੋਧਿਆਂ)॥੨੪॥

---

[੧] ਤੋਮਰ ਛੰਦ ਦਾ ਪ੍ਰਤੀ ਚਰਨ ਸ. ਜ. ਜ., 'I I S I S I I S I' ਹੈ (ਅ) ਦੂਜਾ ਰੂਪ ਪ੍ਰਤਿਚਰਨ ੧੨ ਮਾਤ੍ਰਿਕ ਵੀ ਮੰਨਿਆ ਜਾਂਦਾ ਹੈ (ੲ) ਏਸ ਛੰਦ ਦਾ ਇੱਕ ਰੂਪ ਕ੍ਰਿਸ਼ਨਾਵਤਾਰ ਵਿੱਚ ਹੋਰ ਵੀ ਹੈ।

[੨] ਪ੍ਰਤਿ ਚਰਣ ਚਾਰ ਭਗਣ ਹੋਣ ਤੋਂ ਅਤੇ ਚਾਰ ਹੀ ਚਰਣ ਹੋਣ ਤੋਂ 'ਦੋਧਕ ਛੰਦ' ਕਿਹਾ ਜਾਂਦਾ ਹੈ। ਇਸਦਾ ਪਿੰਗਲਾਚਾਰਯਾਂ ਨੇ 'ਬੰਧੁ' ਨਾਮ ਵੀ ਲਿਖਿਆ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਵਿੱਚ 'ਦੋਧਕ' ਦਾ 'ਮੋਦਕ' ਨਾਮ ਵੀ ਆਇਆ ਹੈ।

**ਦੋਧਕ॥**

**ਸ੍ਰੋਣ ਰੰਗੇ ਅਰ ਏਕ ਅਨੇਕੰ॥ ਫੂਲ ਰਹੇ ਜਨੁ ਕਿੰਸੁਕ ਨੇਕੰ॥**

**ਧਾਵਤ ਘਾਵ ਕ੍ਰਿਪਾਣ ਪ੍ਰਹਾਰੰ॥ ਜਾਨੁਕ ਕੋਪੁ ਪ੍ਰਤੱਛ ਦਿਖਾਰੰ॥੨੫॥**

***ਭਾਵਾਰਥ:-*** ਕਈ ਵੈਰੀ ਅਨੋਖੇ ਢੰਗ ਨਾਲ ਲਹੂ ਨਾਲ ਰੰਗੇ ਹੋਏ ਹਨ-ਮਾਨੋ ਕਿ (ਨੇਕੰ) ਕਈ (ਕਿੰਸੁਕ) ਕੇਸੂ ਦੇ (ਪਲਾਸ) ਫੁੱਲ ਖਿੜ ਰਹੇ ਹਨ। ਤਲਵਾਰ ਦਾ (ਘਾਵ) ਵਾਰ ਕਰਨ ਨੂੰ ਦੌੜਦੇ ਹਨ-ਮਾਨੋ ਕਿ ਕ੍ਰੋਧ ਨੇ (ਆਪਣਾ ਆਪ) ਪ੍ਰਤੱਖ ਵਿਖਾਇਆ ਹੈ॥੨੫॥

**ਤੋਟਕ ਛੰਦ॥**

**ਜੂਝ ਗਿਰੇ ਅਰ ਏਕ ਅਨੇਕੰ॥ ਘਾਇ ਲਗੇ ਬਿਸੰਭਾਰ ਬਿਸੇਖੰ॥**

**ਕਾਟਿ ਗਿਰੇ ਭਟ ਏਕਹ ਵਾਰੰ[੧]॥ ਸਾਬਨ ਜਾਨੁ ਗਈ ਬਹਿ ਤਾਰੰ॥੨੬॥**

***ਭਾਵਾਰਥ:-*** ਅਨੇਕਾਂ ਅਦੁੱਤੀ ਵੈਰੀ (ਸੂਰਮੇ) ਲੜ ਕੇ ਡਿੱਗੇ ਹੋਏ ਹਨ। (ਬਿਸੇਖੰ) ਬਹੁਤ (ਘਾਇ) ਸੱਟਾਂ ਲੱਗਣ ਨਾਲ (ਬਿਸੰਭਾਰ) ਬੇਹੋਸ਼ ਹਨ। (ਤਲਵਾਰ ਦੇ) ਇੱਕ ਹੀ ਵਾਰ ਨਾਲ ਕੱਟੇ ਹੋਏ ਯੋਧੇ ਡਿੱਗ ਪੈਂਦੇ ਹਨ-ਮਾਨੋ ਕਿ ਸਾਬਣ ਵਿੱਚ ਤਾਰ ਫਿਰ ਗਈ ਹੈ॥੨੬॥

**ਤੋਟਕ[੨] ਛੰਦ॥**

**ਪੂਰਿ ਪਰੇ ਭਏ ਚੂਰਿ ਸਿਪਾਹੀ॥ ਸ੍ਵਾਮਿ ਕੇ ਕਾਜ ਕੀ ਲਾਜ ਨਿਬਾਹੀ॥**

**ਬਾਹਿ ਕ੍ਰਿਪਾਣਨ ਬਾਣ ਸੁ ਬੀਰੰ॥ ਅੰਤ ਭਜੇ ਭਯ ਮਾਨ ਅਧੀਰੰ॥੨੭॥**

***ਭਾਵਾਰਥ:-*** ਚੂਰ ਹੋਏ ਹੋਏ ਸਿਪਾਹੀਆਂ ਦੇ (ਪੂਰ) ਸਮੁਦਾਇ (ਜਥਾ) ਪਏ ਹੋਏ ਹਨ। (ਜਿਨ੍ਹਾਂ ਨੇ) ਮਾਲਕ ਦੇ ਕੰਮ ਦੀ ਇੱਜ਼ਤ ਨੂੰ (ਸੋਚ ਕੇ ਅੰਤ ਤੱਕ) ਨਿਬਾਹਿਆ ਹੈ। ਚੰਗੇ ਯੋਧੇ ਤੀਰਾਂ ਤਲਵਾਰਾਂ ਨੂੰ ਚਲਾ ਕੇ, ਆਖਰ (ਭਯ ਮਾਨ) ਡਰੇ ਹੋਏ ਅਤੇ ਧੀਰਜ ਰਹਿਤ ਹੋਏ ਹੋਏ ਨੱਸ ਗਏ॥੨੭॥

**ਚਉਪਈ॥**

**ਤਜਾਗ ਚਲੇ ਰਣ ਕੌ ਸਭ ਬੀਰਾ॥ ਲਾਜ ਬਿਸਰਿ ਗਈ ਭਏ ਅਧੀਰਾ॥**

**ਹਿਰਨਾਛਸ ਤਬ ਆਪ ਰਿਸਾਨਾ॥ ਬਾਂਧਿ ਚਲੑੋ ਰਣ ਕੋ ਕਰ ਗਾਨਾ॥੨੮॥**

---

[੧] ਪਾਠ- ਭਟ ਏਕ ਕਰਵਾਰੰ

[੨] ਇਸ ਛੰਦ ਨੂੰ ਵਿਚਾਰਿਆਂ ਪਤਾ ਲੱਗ ਰਿਹਾ ਹੈ ਕਿ ਕਿ ਨੰ. ੨੩ ਦੀ ਤੁਕ 'ਘਾਇ ਲਗੈ ਇਕ ਘਾਇਲ ਝੂਲੇ' ਤੋਂ ਲੈ ਕੇ ਦੋਧਕ ਦਾ ਰੂਪ 'ਤਿੰਨ ਭਗਣ, ਦੋ ਗੁਰੂ' ਚੱਲ ਰਿਹਾ ਹੈ ਓਸੇ ਹੀ ਕ੍ਰਮ ਅਨੁਸਾਰ ਇਹ ਛੰਦ ਹੈ ਫੇਰ ਦੇਖੋ 'ਤੋਟਕ ਛੰਦ' ਪਾਠ ਕਿਵੇਂ ਹੋ ਗਿਆ? ਇਹ ਲਿਖਾਰੀ ਅਤੇ ਪ੍ਰੈੱਸ ਵਾਲਿਆਂ ਦੀ ਭੁੱਲ ਹੈ। ਸਾਡੇ ਪਾਸ ਵਾਲੀ ਪੋਥੀ ਉੱਪਰ ਇਹ ਪਾਠ ਪੰਨੇ ਪ੯ ਉੱਤੇ ਆਇਆ ਹੋਇਆ ਹੈ, ਪਰ ਇਥੇ ਕੋਈ ਸਿਰਲੇਖ ਨਹੀਂ ਦਿੱਤਾ ਹੋਇਆ, ਜਿਸ ਤੋਂ ਮਾਲੂਮ ਹੋ ਗਿਆ ਹੈ ਕਿ ਇਹ 'ਤੋਟਕ ਛੰਦ' ਪਾਠ ਕਿਸੇ ਅੰਞਾਣ ਲਿਖਾਰੀ ਨੇ ਐਵੇਂ ਹੀ ਲਿਖ ਦਿੱਤਾ ਹੋਇਆ ਹੈ। ਇਹ 'ਦੋਧਕ ਛੰਦ' ਹੀ ਹੈ। 'ਤੋਟਕ' ਜੇ ਇਸ ਪਾਠ ਨੂੰ ਹੋਰ ਵੀ ਪਿੰਗਲ ਅਨੁਸਾਰ ਵਿਚਾਰਿਆ ਜਾਵੇ ਤਾਂ ਇਹ ਨਾ ਤੋਟਕ ਅਤੇ ਨਾ ਹੀ ਦੋਧਕ (ਬੰਧੁ) ਛੰਦ ਪ੍ਰਤੀਤ ਹੁੰਦਾ ਹੈ, ਕਿਉਂਕਿ ਏਸ ਦੀ ਧ੍ਵਨਿ ੧੬ ਮਾਤ੍ਰਿਕ ਚੌਪਈ ਹੈ ਅਤੇ ਨੰ. ੨੮ ਦਾ ਸਿਰਲੇਖ ਚੌਪਈ ਅਤੇ ਤੁਕ 'ਤਜਾਗ ਚਲੇ ਰਣ ਕੋ ਸਬ ਬੀਰਾ' ਏਸ ਲੱਛਣ ਨਾਲ ਪੂਰਨ ਸਹਿਯੋਗ ਰੱਖਦੀ ਹੈ। ਪਰ ਸਾਡੇ ਪਾਸ ਵਾਲੀ ਲਿਖਤ ਪੋਥੀ ਵਿੱਚ ਨੰਬਰ ੨੭ ਅਤੇ ੨੮ ਦਾ ਕੋਈ ਸਿਰਲੇਖ ਨਹੀਂ ਹੈ। ਇਹ 'ਦੋਧਕ' ਦੇ ਸਿਰਲੇਖ ਥੱਲੇ ਹੀ ਨੰ. ੨੮ ਤੱਕ ਪਾਠ ਹੈ।

***ਭਾਵਾਰਥ:-*** ਸਾਰੇ ਯੋਧੇ ਜੰਗ (ਮੈਦਾਨ) ਨੂੰ ਛੱਡ ਕੇ (ਭੱਜ) ਤੁਰੇ। ਧੀਰਜ ਰਹਿਤ ਹੋਇਆਂ (ਘਾਬਰਿਆਂ) ਨੂੰ ਸ਼ਰਮ ਵੀ ਭੁੱਲ ਗਈ। ਤਾਂ ਹਰਨਾਖਸ ਆਪ ਗੁੱਸੇ ਵਿੱਚ ਭਰ ਗਿਆ। ਹੱਥ ਨੂੰ ਗਾਨਾ ਬੰਨ੍ਹ ਜੰਗ ਨੂੰ ਤੁਰ ਪਿਆ॥੨੮॥

**ਚਉਪਈ॥**

**ਭਰਯੋ ਰੋਸ ਨਰਸਿੰਘ ਸਰੂਪੰ॥ ਆਵਤ ਦੇਖਿ ਸਮੁਹਿ ਰਣ ਭੂਪੰ॥**
**ਨਿਜ ਘਾਵਨ ਕੋ ਰੋਸ ਨਾ ਮਾਨਾ॥ ਨਿਰਖਿ ਸੇਵਕਹਿ ਦੁਖੀ ਰਿਸਾਨਾ॥੨੯॥**

***ਭਾਵਾਰਥ:-*** ਜੰਗ ਵਿੱਚ ਰਾਜੇ (ਹਰਨਾਖਸ) ਨੂੰ ਸਾਹਮਣੇ ਆਉਂਦਾ ਵੇਖ ਕੇ ਨਰ ਸਿੰਘ (ਸਰੂਪੰ) ਅਵਤਾਰ ਗੁੱਸੇ ਵਿੱਚ ਭਰ ਗਿਆ। (ਨਰ ਸਿੰਘ) ਨੇ ਆਪਣੇ ਜ਼ਖ਼ਮਾਂ ਦਾ ਦੁੱਖ ਨਾ ਮੰਨਦਿਆਂ ਹੋਇਆਂ ਆਪਣੇ ਸੇਵਕਾਂ ਨੂੰ ਦੁਖੀ ਵੇਖ ਕੇ ਕ੍ਰੋਧ ਵਿੱਚ ਆ ਗਿਆ॥੨੯॥

**ਭੁਜੰਗ ਪ੍ਰਯਾਤ ਛੰਦ॥**

**ਕੰਪਾਈ ਸਟਾ ਸਿੰਘ ਗਰਜਯੋ ਕ੍ਰੂਰੰ॥ ਉਡਯੋ ਹੇਰਿ ਬੀਰਾਨ ਕੇ ਮੁਖ ਨੂਰੰ॥**
**ਉਠਯੋ ਨਾਦਿ ਬੰਕੋ ਛੁਹੀ ਗੈਣ ਗੱਜੰ[1]॥ ਹਸੇ ਦੇਵ ਸਰਬੰ ਭਏ ਦੈਤਜ ਲੱਜੰ॥੩੦॥**

***ਭਾਵਾਰਥ:-*** (ਨਰ) ਸਿੰਘ (ਅਵਤਾਰ) ਨੇ (ਸਟਾ) ਪੂਛ ਦੇ ਵਾਲ ਹਿਲਾ ਕੇ (ਪੂਛ ਨੂੰ ਵੱਟ ਚਾੜ੍ਹ ਕੇ) (ਕਰੂਰੰ) ਡਰਾਉਣੀ ਆਵਾਜ਼ ਨਾਲ ਗੱਜਿਆ। ਵੇਖ ਕੇ ਯੋਧਿਆਂ ਦੇ ਮੂੰਹ ਦੀ (ਨੂਰੰ) ਜਿਓਤੀ ਉਡ ਗਈ। (ਨਾਦ) ਸ਼ਬਦ ਉੱਠਿਆ (ਜਿਸ ਦੀ) (ਗੱਜੰ) ਧੁਨੀ ਆਕਾਸ਼ ਨੂੰ ਜਾ ਛੂਹੀ। ਸਾਰੇ ਦੇਵਤੇ ਖੁਸ਼ ਹੋਏ ਅਤੇ (ਸਾਰੇ) ਦੈਂਤ ਸ਼ਰਮਸਾਰ ਹੋ ਗਏ॥੩੦॥

**ਭੁਜੰਗ॥**

**ਮਚਯੋ ਦੁੰਦ ਜੁੱਧੰ ਮਚੇ ਦੋਇ ਜ੍ਵਾਣੰ॥ ਤੜੱਕਾਰ ਤੇਗੰ ਕੜੱਕੇ ਕਮਾਣੰ॥**
**ਭਿਰਯੋ ਕੋਪ ਕੈ ਦਾਨਵੰ ਸੁਲਤਾਣੰ॥ ਹੜੰ ਸ੍ਰੋਨ ਚੱਲੇ ਮਧੰ ਮੁਲਤਾਣੰ॥੩੧॥**

***ਭਾਵਾਰਥ:-*** (ਮਚੇ) ਭੜਕੇ ਹੋਏ ਦੋਹਾਂ ਜੁਆਨਾਂ ਦਾ (ਦੁੰਦ) ਭਾਰੀ ਜੰਗ ਮੱਚਿਆ। ਖੜਗਾਂ (ਤੜੱਕਾਰ) ਤੜਤੜ ਆਵਾਜ਼ ਅਤੇ ਕਮਾਨਾਂ ਦੀ (ਕੜੱਕੇ) ਕੜਕੜ ਦੀ ਆਵਾਜ਼ ਨਿਕਲੀ। ਦੈਂਤ ਰਾਜ (ਹਿਰਨਾਖਸ) ਕ੍ਰੋਧ ਨਾਲ ਲੜਿਆ। ਮੁਲਤਾਨ (ਸ਼ਹਿਰ) ਵਿੱਚ ਲਹੂ ਦੇ ਹੜ ਚੱਲ ਪਏ॥੩੧॥

**ਭੁਜੰਗ॥**

**ਕੜੱਕਾਰ ਤੇਗੰ ਤੜੱਕਾਰ ਤੀਰੰ॥ ਭਏ ਟੂਕ ਟੂਕੰ ਰਣੰ ਬੀਰ ਧੀਰੰ॥**
**ਬਜੇ ਸੰਖ ਤੂਰੰ ਸੁ ਢੋਲੰ ਢਮੰਕੇ॥ ਰੜੰ ਕੰਕ ਬੰਕੇ ਡਹੇ ਬੀਰ ਡੰਕੇ॥੩੨॥**

***ਭਾਵਾਰਥ:-*** ਤਲਵਾਰਾਂ (ਕੜੱਕਾਰ) ਵੱਜਣ ਦੀ ਆਵਾਜ਼, ਤੀਰ (ਤੜੱਕਾਰ) ਛੁੱਟਣ ਦੀ ਆਵਾਜ਼ (ਨਿਕਲੀ)। ਜੰਗ ਵਿੱਚ ਧੀਰ ਧਰਨ ਵਾਲੇ ਯੋਧੇ ਟੁੱਕੜੇ-ਟੁੱਕੜੇ ਹੋ ਗਏ। ਸੰਖ, ਤੂਰ ਅਤੇ ਢੋਲ ਵੱਜਣ ਦੀ (ਢਮੰਕੇ) ਆਵਾਜ਼ ਆਈ। ਇੱਲ੍ਹਾਂ (ਬੰਕੇ) (ਭੈੜੀਆਂ) ਆਵਾਜ਼ਾਂ ਕੱਢਦੀਆਂ ਹਨ ਅਤੇ ਡੰਕੇ (ਦੀ ਚੋਟ) ਨਾਲ ਯੋਧੇ (ਜੰਗ ਵਿੱਚ) (ਡਹੇ) ਜੁੱਟ ਪਏ॥੩੨॥

**ਭੁਜੰਗ॥**

---

[1] ਪਾਠ-ਰੱਜੰ

**ਭਜੇ ਬਾਜਿ ਗਾਜੀ ਸਿਪਾਹੀ ਅਨੇਕੰ॥ ਰਹੇ ਠਾਢ ਭੂਪਾਲ ਆਗੇ ਨ ਏਕੰ॥**
**ਫਿਰਯੋ ਸਿੰਘ ਸੂਰੰ ਸੁ ਕ੍ਰੂਰੰ ਕਰਾਲੰ॥ ਕੰਪਾਈ ਸਟਾ ਪੂਛ ਫੇਰੀ ਬਿਸਾਲੰ॥੩੩॥**

***ਭਾਵਾਰਥ:–*** ਅਨੇਕਾਂ ਹੀ (ਬਾਜ ਗਾਜੀ) ਘੋੜੇ ਹਾਥੀ ਅਤੇ ਸਿਪਾਹੀ ਭੱਜ ਤੁਰੇ। (ਭੂਪਾਲ) ਰਾਜੇ (ਨਰ ਸਿੰਘ) ਦੇ ਅੱਗੇ ਇੱਕ ਵੀ ਖਲੋਤਾ ਨਾ ਰਿਹਾ। ਜ਼ਾਲਮ ਅਤੇ ਭਿਆਨਕ ਰੂਪ ਨਰ ਸਿੰਘ ਯੋਧਾ (ਜੰਗ ਵਿੱਚ) ਘੁੰਮਿਆ। (ਸਟਾ) ਵਾਲਾਂ ਦੀ ਲਿਟਾ (ਕੰਪਾਈ) ਹਿਲਾਈ ਅਤੇ ਵੱਡੀ ਪੂਛ ਫੇਰੀ॥੩੩॥

**ਦੋਹਰਾ॥**

**ਗਰਜਤ ਰਣ ਨਰ ਸਿੰਘ ਕੇ ਭੱਜੇ ਸੂਰ[੧] ਅਨੇਕ॥**
**ਏਕ ਟਿਕਯੋ ਹਿਰਨਾਛ ਤਹ ਅਵਰੁ ਨ ਜੋਧਾ ਏਕ॥੩੪॥**

***ਭਾਵਾਰਥ:–*** ਜੰਗ ਵਿੱਚ ਨਰ ਸਿੰਘ ਦੇ ਗੱਜਦਿਆਂ ਹੀ ਅਨੇਕਾਂ ਯੋਧੇ ਭੱਜ ਗਏ। ਇਕੱਲਾ ਹਰਨਾਖਸ ਹੀ ਓਥੇ ਟਿਕਿਆ ਰਿਹਾ, ਹੋਰ ਕੋਈ ਸੂਰਮਾ ਨਾ ਰਿਹਾ॥੩੪॥

**ਚਉਪਈ॥**

**ਮੁਸਟ ਜੁੱਧ ਜੁੱਟੇ ਭਟ ਦੋਊ॥ ਤੀਸਰ ਤਾਹਿ[੨] ਨ ਪਿਖਯਤ ਕੋਊ॥**
**ਭਏ ਦੁਹਨ ਕੇ ਰਾਤੇ ਨੈਣਾ॥ ਦੇਖਤ ਦੇਵ ਤਮਾਸੇ[੩] ਗੈਣਾ॥੩੫॥**

***ਭਾਵਾਰਥ:–*** ਦੋਵੇਂ ਯੋਧੇ (ਮੁਸਟ) ਮੁੱਕੀਓ ਮੁੱਕੀ ਲੜਾਈ ਵਿੱਚ ਜੁੱਟ ਗਏ। ਓਥੇ ਕੋਈ ਤੀਜਾ (ਯੋਧਾ) ਨਹੀਂ ਦਿਸਦਾ। ਦੋਹਾਂ ਦੇ ਨੇਤਰ (ਰਾਤੇ) ਲਾਲ ਹੋਏ ਹੋਏ ਹਨ। ਦੇਵਤੇ ਆਕਾਸ਼ ਵਿੱਚੋਂ ਤਮਾਸ਼ੇ ਵੇਖਦੇ ਹਨ॥੩੫॥

**ਚੌਪਈ॥**

**ਅਸ੍ਰ ਦਿਵਸ ਅਸ੍ਰੇ ਨਿਸਿ ਜੁੱਧਾ॥ ਕੀਨੋ ਦੁਹੂੰ ਭਟਨ ਮਿਲਿ ਕ੍ਰੁੱਧਾ॥**
**ਬਹੁਰੋ ਅਸੁਰ ਕਿਛੁਕੁ ਮੁਰਝਾਨਾ॥ ਗਿਰਯੋ ਭੂਮਿ ਜਨੁ ਬ੍ਰਿਛ ਪੁਰਾਨਾ॥੩੬॥**

***ਭਾਵਾਰਥ:–*** ਅੱਠ ਦਿਨ ਅਤੇ ਅੱਠੇ ਰਾਤਾਂ (ਕ੍ਰੁੱਧਾ) ਗੁੱਸੇ ਨਾਲ ਮਿਲ ਕੇ ਦੋਹਾਂ ਸੂਰਮਿਆਂ ਨੇ (ਜੰਗ) ਕੀਤਾ। ਫੇਰ (ਦੈਂਤ (ਹਰਨਾਖਸ) ਕੁਝ ਕੁ (ਥੋੜ੍ਹਾ ਜਿਹਾ) ਮੁਰਝਾ ਗਿਆ ਅਤੇ ਜ਼ਮੀਨ ‘ਤੇ ਡਿੱਗ ਪਿਆ ਮਾਨੋ ਕਿ ਪੁਰਾਣਾ (ਬੋਦਾ) ਰੁੱਖ ਸੀ॥੩੬॥

**ਚੌਪਈ॥**

**ਸੀਂਚਿ ਬਾਰਿ ਪੁਨ ਤਾਹਿ ਜਗਾਯੋ॥ ਜਗੇ ਮੂਰਛਨਾ ਪੁਨਿ ਜੀ ਆਯੋ॥**
**ਬਹੁਰੋ ਭਿਰੇ ਸੂਰ[੪] ਦੋਇ ਕ੍ਰੁੱਧਾ॥ ਮੰਡਯੋ ਬਹੁਰ ਆਪ ਮਹਿ ਜੁੱਧਾ॥੩੭॥**

---

[੧] ਪਾਠ– ਭੂਪ
[੨] ਪਾਠ– ਤਹਾਂ
[੩] ਪਾਠ– ਤਮਾਸੋ
[੪] ਬਹੁਰੋ ਭਏ ਅਸੁਰ

***ਭਾਵਾਰਥ:-*** (ਨਰ ਸਿੰਘ ਅਵਤਾਰ ਨੇ ਹਰਨਾਖਸ ਦੇ ਮੂੰਹ ਵਿੱਚ) ਪਾਣੀ (ਸੀਚਿ) ਪਾ ਕੇ ਉਸ ਨੂੰ ਫੇਰ ਜਗਾਇਆ ਮੂਰਛਾ ਤੋਂ ਜਾਗਣ ਉਪਰੰਤ ਫੇਰ (ਜਿਯ) ਹੋਸ਼ ਵਿੱਚ ਆ ਗਿਆ। ਫੇਰ ਦੋਵੇਂ ਯੋਧੇ ਕ੍ਰੋਧ ਨਾਲ ਲੜੇ। ਦੁਬਾਰਾ ਆਪੋ ਵਿੱਚ ਦੀ ਜੰਗ (ਮੰਡਯੋ) ਸ਼ੁਰੂ ਕਰ ਦਿੱਤਾ॥੩੭॥

**ਭੁਜੰਗ ਛੰਦ॥**

**ਹਲਾ ਚਾਲ ਕੈ ਕੈ ਪੁਨਰ ਬੀਰ ਢੂਕੇ॥ ਮਚਯੋ ਜੁੱਧ ਜਯੋਂ ਕਰਨ ਸੰਗੰ ਘੜੂਕੇ॥**
**ਨਖੰ ਪਾਤ ਦੋਊ ਕਰੇ ਦੰਤ ਘਾਤੰ॥ ਮਨੋ ਗੱਜ ਜੁੱਟੇ ਬਨੰ ਮੱਤ ਮਾਤੰ॥੩੮॥**

***ਭਾਵਾਰਥ:-*** (ਹਲਾ ਚਾਲ) ਹਮਲਾ ਕਰਨ ਦੀ ਮਰਯਾਦਾ ਕਰ ਕੇ ਸੂਰਮੇ ਫਿਰ ਜੁੱਟ ਪਏ ਜਿਵੇਂ (ਰਾਜੇ) ਕਰਨ ਦਾ (ਘੜੂਕੇ) ਘਟੋਤਕਚ ਦੇ ਨਾਲ ਜੰਗ ਮੱਚਿਆ ਸੀ। (ਨਰ ਸਿੰਘ ਆਪਣੇ) ਦੋਹਾਂ (ਪੈਰਾਂ ਦੇ) ਨਹੁੰ (ਪਾਤ) ਮਾਰਦਾ ਹੈ ਅਤੇ ਦੰਦਾਂ ਨਾਲ (ਘਾਤੰ) ਵਾਰ ਕਰਦਾ ਹੈ। ਮਾਨੋ ਕਿ ਜੰਗਲ ਵਿੱਚ ਇੱਕ ਮਸਤ ਹਾਥੀ ਨਾਲ ਦੂਸਰਾ ਮਸਤ ਹਾਥੀ ਲੜ ਰਿਹਾ ਹੈ॥੩੮॥

**ਭੁਜੰਗ॥**

**ਪੁਨਰ ਨਰ ਸਿੰਘੰ ਧਰਾ ਤਾਹਿ ਮਾਰਯੋ॥ ਪੁਰਾਨੋ ਪਲਾਸੀ ਮਨੋ ਬਾਯੁ ਡਾਰਯੋ॥**
**ਹਨਯੋ ਦੇਖ ਦੁਸ੍ਰੰ ਭਈ ਪੁਹਪ ਬਰਖੰ॥ ਕੀਏ ਦੇਵਤਯੋਂ ਆਨ ਕੈ ਜੀਤਿ ਕਰਖੰ॥੩੯॥**

***ਭਾਵਾਰਥ:-*** ਫੇਰ ਨਰ ਸਿੰਘ ਅਵਤਾਰ ਨੇ ਓਸ (ਹਰਨਾਖਸ) ਨੂੰ ਜ਼ਮੀਨ 'ਤੇ ਡੇਗ ਲਿਆ। ਮਾਨੋ ਕਿ ਪੌਣ ਨੇ ਪੁਰਾਣਾ (ਬੋਦਾ) ਛਿਛਰਾ ਡੇਗ ਦਿੱਤਾ ਹੈ। ਦੁਸਟ (ਹਰਨਾਖਸ) ਨੂੰ ਮਾਰਿਆ ਵੇਖ ਕੇ (ਦੇਵਤਿਆਂ ਵਲੋਂ) (ਪੁਹਪ) ਫੁੱਲਾਂ ਦੀ ਵਰਖਾ ਹੋਈ। ਦੇਵਤਿਆਂ ਨੇ ਆਣ ਕੇ (ਜੀਤੰ ਕਰਖੰ- ਜਿੱਤ ਨੂੰ ਆਪਣੀ ਵੱਲ ਖਿੱਚ ਕੇ ਵਿਖਾਉਣ ਦੀ ਕਿਰਿਆ, ਉਤਸ਼ਾਹ) ਜਿੱਤ ਦੇ ਮੰਗਲ ਗਾਏ॥੩੯॥

**ਪਾਧੜੀ ਛੰਦ॥**

**ਕੀਨੋ ਨਰਸਿੰਘ ਦੁਸ੍ਰੰ ਸੰਘਾਰ॥ ਧਰਯੋ ਸੁ ਬਿਸਨੁ ਸਪਤਮਵਤਾਰ॥**
**ਲਿੰਨੋ ਸੁ ਭਗਤ ਅਪਨੋ ਛਿਨਾਇ॥ ਸਭ ਸ੍ਰਿਸ੍ਰਿ ਧਰਮ ਕਰਮਨ ਚਲਾਇ॥੪੦॥**

***ਭਾਵਾਰਥ:-*** ਨਰ ਸਿੰਘ ਅਵਤਾਰ ਨੇ ਦੁਸਟ ਦਾ ਨਾਸ ਕੀਤਾ। (ਇਓਂ) ਵਿਸ਼ਨੂੰ ਜੀ ਨੇ ਸੱਤਵਾਂ ਅਵਤਾਰ (ਨਰ ਸਿੰਘ) ਧਾਰਿਆ। ਆਪਣਾ ਭਗਤ (ਪ੍ਰਹਲਾਦ, ਜੱਲਾਦਾਂ ਪਾਸੋਂ) ਖੋਹ (ਛੁਡਾ) ਲਿਆ। ਸਾਰੀ ਦੁਨੀਆਂ 'ਤੇ ਧਰਮ ਦੇ ਕਰਮ ਚਲਾ ਦਿੱਤੇ॥੪੦॥

**ਪਾਧਰੀ ਛੰਦ॥**

**ਪ੍ਰਹਲਾਦ ਕਰਯੋ ਨ੍ਰਿਪ ਛਤ੍ਰ ਫੇਰ॥ ਦੀਨੋ ਸੰਘਾਰ ਸਬ ਇਮ ਅੰਧੇਰ॥**
**ਸਭ ਦੁਸ੍ਰ ਅਰਿਸ੍ਰ ਦਿੱਨੇ ਖਪਾਇ॥ ਪੁਨਿ ਲਈ ਜੋਤਿ ਜੋਤਿਹਿ ਮਿਲਾਇ॥੪੧॥**

***ਭਾਵਾਰਥ:-*** (ਸਿਰ 'ਤੇ) ਛਤਰ ਝੁਲਾ ਕੇ ਪ੍ਰਹਲਾਦ ਨੂੰ ਰਾਜਾ ਕੀਤਾ। ਇਓਂ ਸਾਰਾ (ਅੰਧੇਰ) ਅਨਿਆਂ ਨਾਸ ਕਰ ਦਿੱਤਾ। ਸਾਰੇ (ਅਰਿਸਟ) ਵੈਰੀ ਦੁਸ਼ਟ ਨਾਸ ਕਰ ਦਿੱਤੇ। ਫੇਰ (ਹਰਨਾਖਸ ਦੀ) ਜੋਤੀ ਆਪਣੀ ਜੋਤ ਵਿੱਚ ਮਿਲਾ ਲਈ॥੪੧॥

**ਪਾਧਰੀ ਛੰਦ॥**

**ਸਭ ਦੁਸਟ ਮਾਰ ਕੀਨੇ ਅਭੇਖ॥ ਪੁਨਿ ਮਿਲਯੋ ਜਾਇ ਭੀਤਰਿ ਅਲੇਖ॥**

**ਕਬਿ ਜਥਾ ਮੱਤ ਕੱਥਾ ਬਿਚਾਰ॥ ਇਮ ਧਰਜੋ ਬਿਸਨੁ ਸਪਤਮਵਤਾਰ॥੪੨॥**

***ਭਾਵਾਰਥ:–*** ਸਾਰੇ (ਦੁਸਟ) ਦੈਂਤ ਮਾਰ ਕੇ (ਅਭੇਖ) ਨਾਸ ਕਰ ਦਿੱਤੇ। ਫੇਰ (ਅਲੇਖ) ਬ੍ਰਹਮ ਵਿੱਚ (ਆਪ) ਜਾ ਮਿਲਿਆ। ਕਵੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਬੁੱਧੀ ਅਨੁਸਾਰ ਵਿਚਾਰ ਕਹਿਆ ਹੈ। ਇਓਂ ਹੀ ਸ੍ਰੀ ਵਿਸ਼ਨੂੰ (ਭਗਵਾਨ) ਜੀ ਨੇ ਸੱਤਵਾਂ ਅਵਤਾਰ ਧਾਰਿਆ॥੪੨॥

**ਇਤਿ ਸ੍ਰੀ ਬਚਿਤ੍ਰ ਨਾਟਕ ਹਿਰਨਾਛ ਬਧਹ ਨਰ ਸਿੰਘਾਵਤਾਰ ਸਪਤਮ ਸੰਪੂਰਣ ਮਸਤੁ ਸੁਭ ਮਸਤੁ॥੭॥**[੧]

**ਅਥ ਬਾਵਨ ਅਵਤਾਰ ਕਥਨੰ॥**

**ਸ੍ਰੀ ਭਗਉਤੀ ਜੀ ਸਹਾਇ॥ ਭੁਜੰਗ ਪ੍ਰਯਾਤ ਛੰਦ॥**

**ਭਏ ਦਯੋਸ ਕੇਤੇ ਨਰਸਿੰਘਾਵਤਾਰੰ॥ ਪੁਨਰ ਭੂਮਿ ਮੋ ਪਾਪ ਬਾਢਯੋ ਅਪਾਰੰ॥**

**ਕਰੇ ਲਾਗ ਜੱਗੰ ਪੁਨਰ ਦੈਤਜ ਦਾਨੰ॥ ਬੱਲਿ ਰਾਜ ਕੀ ਦੇਹ ਬਢਯੋ ਗੁਮਾਨੰ॥੧॥**

***ਭਾਵਾਰਥ:–*** ਨਰ ਸਿੰਘ ਅਵਤਾਰ (ਹੋਏ ਨੂੰ) ਕਈ ਦਿਨ ਹੋ ਚੁੱਕੇ ਸਨ। ਫੇਰ ਧਰਤੀ ਤੇ ਬੇਅੰਤ ਪਾਪ (ਕਰਮ) ਵਧ ਗਿਆ। ਦੈਂਤ ਲੋਕ ਫੇਰ ਯੱਗ (ਅਤੇ) ਦਾਨ ਕਰਨ ਲੱਗ ਪਏ। (ਬਲਿ:) ਬਲੀ ਰਾਜੇ ਦੀ ਦੇਹੀ ਵਿੱਚ ਅਹੰਕਾਰ ਵਧ ਗਿਆ॥੧॥

**ਭੁਜੰਗ ਛੰਦ॥**

**ਨ ਪਾਵੈ ਬਲੰ ਦੇਵਤਾ ਜੱਗਜ ਬਾਸੰ॥ ਭਈ ਇੰਦ੍ਰ ਕੀ ਰਾਜਧਾਨੀ ਬਿਨਾਸੰ॥**

**ਕਰੀ ਜੋਗ ਆਰਾਧਨਾ ਸਰਬ ਦੇਵੰ॥ ਪ੍ਰਸੰਨੰ ਭਏ ਕਾਲ ਪੁਰਖੰ ਅਭੇਵੰ॥੨॥**

***ਭਾਵਾਰਥ:–*** ਦੇਵਤਾ (ਲੋਕ) ਬਲੀ ਅਤੇ ਯੱਗ ਦੀ (ਬਾਸੰ) ਸੁਗੰਧੀ ਨਹੀਂ ਪਾ ਸਕਦੇ ਸਨ। (ਜਿਸ ਤੋਂ) ਇੰਦਰ ਦੀ (ਰਾਜਧਾਨੀ) ਨਗਰੀ (ਬਾਦਸ਼ਾਹੀ) ਨਾਸ ਹੋ ਗਈ। ਸਾਰਿਆਂ ਦੇਵਤਿਆਂ ਨੇ ਯੋਗ ਦੀ (ਕਿਰਿਆ ਨਾਲ) (ਆਰਾਧਨਾ) ਖੁਸ਼ ਕਰਨ ਦੀ ਕਿਰਿਆ ਕੀਤੀ। ਤਾਂ ਅਭੇਦ ਅਕਾਲ ਪੁਰਖ ਜੀ ਖੁਸ਼ ਹੋ ਗਏ॥੨॥

**ਭੁਜੰਗ॥**

**ਦਿਯੋ ਆਇਸੰ ਕਾਲ ਪੁਰਖੰ ਅਪਾਰੰ॥ ਧਰੋ ਬਾਵਨਾ ਬਿਸਨੁ ਅਸ੍ਟਮਵਤਾਰੰ॥**

**ਲਈ ਬਿਸਨੁ ਆਗਜਾ ਚਲਯੋ ਧਾਇ ਐਸੇ॥ ਲਹਯੋ ਦਾਰਦੀ ਭੂਪ ਭੰਡਾਰ ਜੈਸੇ॥੩॥**

***ਭਾਵਾਰਥ:–*** ਬੇਅੰਤ ‘ਅਕਾਲ ਪੁਰਖ’ ਨੇ (ਆਇਸੰ) ਹੁਕਮ ਦਿੱਤਾ ਕਿ ਹੇ ਵਿਸ਼ਨੂੰ ਜੀ! ਅੱਠਵਾਂ ਅਵਤਾਰ (ਤੁਸੀਂ) ਬਾਵਨ (ਵਾਮੁਨ) ਰੂਪ (ਬਵੰਜਾ ਉਂਗਲ ਕੱਦ ਵਾਲਾ) ਧਾਰੋ। ਵਿਸ਼ਨੂੰ ਅਗਿਆ ਲੈ ਕੇ ਇਓਂ ਭੱਜ ਕੇ ਚੱਲਿਆ–ਜਿਵੇਂ ਦਲਿਦ੍ਰੀ (ਗਰੀਬ) ਨੇ ਰਾਜੇ ਦਾ (ਭੰਡਾਰ) ਲੰਗਰ (ਲਯੋ) ਜਾਣਿਆ ਹੋਵੇ (ਅਤੇ ਖਾਣ ਨੂੰ ਦੌੜ ਕੇ ਆਇਆ ਹੋਵੇ)॥੩॥

**ਨਰਾਜ ਛੰਦ॥**

**ਸਰੂਪ ਛੋਟ ਧਾਰਿ ਕੈ॥ ਚਲਯੋ ਤਹਾਂ ਬਿਚਾਰਿ ਕੈ॥**

---

[੧] ਇਹ ਪਾਠ ਪੋਥੀ ਦਾ ਹੈ। ਪ੍ਰੈਸ ਦੀ ਬੀੜ ਵਿੱਚ ਸਿਰਫ਼ ‘ਨਰ ਸਿੰਘ ਅਵਤਾਰ॥੭॥ ਸਮਾਪਤੰ’ ਹੀ ਪਾਠ ਹੈ, ਵੇਖੋ ਸਫ਼ਾ ੧੬੭।

**ਸਭਾ ਨਰੇਸ ਜਾਨਿਯੋ॥ ਤਹੀ ਸੁ ਪਾਵ ਠਾਨਿਯੋ॥੪॥**

***ਭਾਵਾਰਥ:–*** ਛੋਟਾ (ਸਰੂਪ) ਆਕਾਰ (ਸਰੀਰ) ਧਾਰ ਕੇ, ਓਥੇ (ਬਲ ਰਾਜੇ ਪਾਸ) ਵਿਚਾਰ ਕੇ ਤੁਰਿਆ। (ਜਿੱਥੇ) ਰਾਜੇ ਦੀ ਸਭਾ ਨੂੰ ਜਾਣ ਲਿਆ ਓਥੇ ਹੀ ਪੈਰ ਧਰਿਆ (ਭਾਵ– ਉੱਥੇ ਪੁੱਜ ਗਿਆ)॥੪॥

**ਨਰਾਜ ਛੰਦ॥**

**ਸੁ ਬੇਦ ਚਾਰੁ ਚਾਰ ਕੈ॥ ਸੁਣਜੋ ਨ੍ਰਿਪੰ ਸੁ ਧਾਰ ਕੈ॥**
**ਬੁਲਾਇ ਬਿਪ ਕੋ ਲਯੋ॥ ਮਲਜਾਗਰ ਮੂੜਕਾ ਦਯੋ॥੫॥**

***ਭਾਵਾਰਥ:–*** ਉਹ (ਬਾਵਨ ਅਵਤਾਰ) ਚਹੁੰ ਵੇਦਾਂ ਦਾ ਉਚਾਰਨ ਕਰਦਾ ਹੈ, ਰਾਜੇ (ਬਲਿ) ਨੇ ਚੰਗੀ ਤਰ੍ਹਾਂ ਸੁਣਿਆ। ਤਾਂ ਬ੍ਰਾਹਮਣ (ਵਾਮੁਨ ਅਵਤਾਰ) ਨੂੰ ਬੁਲਾ ਲਿਆ। (ਮਲਜਾਗਰ) ਚੰਦਨ ਦਾ ਮੂੜ੍ਹਾ (ਭਾਵ– ਚੰਦਨ ਦੀ ਚੌਂਕੀ, ਆਦਰ ਨਾਲ ਬਹਿਣ ਵਾਸਤੇ) ਦਿੱਤਾ॥੫॥

**ਨਰਾਜ॥**

**ਪਦਾਰਘ ਦੀਪ ਦਾਨ ਦੈ॥ ਪ੍ਰਦੱਛਨਾ ਅਨੇਕ ਕੈ॥**
**ਕਰੋਰਿ ਦੱਛਨਾ ਦਈ॥ ਨ ਹਾਥਿ ਬਿੱਪ ਨੈ ਲਈ॥੬॥**

***ਭਾਵਾਰਥ:–*** (ਵਾਮੁਨ ਅਵਤਾਰ ਦੇ) ਚਰਨਾਂ ਨੂੰ ਧੋਣ ਲਈ ਅਰਘੇ (ਨਾਲ ਜਲ) ਅਰਪਣ ਕੀਤਾ ਅਤੇ ਦੀਪ (ਆਰਤੀ ਕਰ ਕੇ) ਦਾਨ ਦੇਣ ਨੂੰ ਅਨੇਕਾਂ ਪ੍ਰਕਰਮਾ ਕੀਤੀਆਂ। ਕਰੋੜਾਂ ਹੀ ਦੱਛਣਾ ਦਿੱਤੀਆਂ, ਪਰ ਬ੍ਰਾਹਮਣ (ਵਾਮੁਨ) ਨੇ ਹੱਥ ਵਿੱਚ (ਕੋਈ) ਨਾ ਲਈ॥੬॥

**ਨਰਾਜ ਛੰਦ॥**

**ਕਹਜੋ ਨ ਮੋਰ ਕਾਜ ਹੈ॥ ਮਿਥਜਾਹਿ[੧] ਤੋਰ ਸਾਜ ਹੈ॥**
**ਅਢਾਇ ਪਾਵ ਭੂਮਿ ਦੈ॥ ਬਿਸੇਖ ਭੂਪ[੨] ਕੀਰਤਿ ਲੈ॥੭॥**

***ਭਾਵਾਰਥ:–*** (ਵਾਮੁਨ ਅਵਤਾਰ ਨੇ) ਕਹਿਆ ਕਿ ਇਹ ਵਸਤੂਆਂ ਮੇਰੇ ਕੰਮ ਨਹੀਂ। ਤੇਰਾ ਸਾਜੋ ਸਮਾਨ ਨਾਸ਼ਵੰਤ ਹੈ। (ਮੈਨੂੰ ਤਾਂ) ਢਾਈ (ਪਾਵ) ਕਦਮ ਜ਼ਮੀਨ ਦੇ। ਹੇ ਰਾਜਨ! ਵਿਸ਼ੇਸ਼–ਯਸ਼ (ਏਹੋ ਹੀ) ਲੈ॥੭॥

**ਚੌਪਈ॥**

**ਜਬ ਦਿਜ ਐਸ ਬਖਾਨੀ ਬਾਨੀ॥ ਭੂਪਤਿ ਸਹਿਤ ਨ ਜਾਨਜੋ ਰਾਨੀ॥**
**ਪੈਰ ਅਢਾਇ ਭੂਮਿ ਦੇ ਕਹੀ॥ ਦ੍ਰਿੜ ਕਰਿ ਬਾਤ ਦਿਜੋਤਮ ਗਹੀ॥੮॥**

***ਭਾਵਾਰਥ:–*** ਜਦੋਂ ਬ੍ਰਾਹਮਣ (ਵਾਮੁਨ) ਨੇ ਇਓਂ ਵਾਕ ਕਹਿਆ। ਰਾਜੇ (ਬਲਿ) ਨੇ ਰਾਣੀ ਸਮੇਤ (ਛਲ ਨੂੰ) ਨਾ ਸਮਝਿਆ। ਢਾਈ ਕਦਮ ਜ਼ਮੀਨ ਦੇਣ ਨੂੰ ਕਹਿ ਦਿੱਤਾ। (ਦਿਜੋਤਮ) ਬ੍ਰਾਹਮਣਾਂ 'ਚੋਂ ਸ੍ਰੇਸ਼ਟ (ਵਾਮੁਨ) ਨੇ (ਇਹ) ਗੱਲ ਪੱਕ ਕਰਕੇ ਫੜ ਲਈ॥੮॥

**ਦਿਜਬਰ ਸੁਕ੍ਰ ਹੁਤੋ ਨ੍ਰਿਪ ਤੀਰਾ॥ ਜਾਨ ਗਯੋ ਸਭ ਭੇਦੁ ਵਜੀਰਾ॥**

---

[੧] ਪਾਠ– ਮਿਥਜਾ ਇਹ

[੨] ਪਾਠ– ਪੂਰ

**ਜਯੋਂ ਜਯੋਂ ਦੇਨ ਪ੍ਰਿਥਵੀ ਨ੍ਰਿਪ ਕਹੈ॥ ਤਿਮੁ ਤਿਮੁ ਨਾਹਿ ਪ੍ਰੋਹਤ ਗਹੈ॥੯॥**

***ਭਾਵਾਰਥ:-*** ਰਾਜੇ (ਬਲਿ) ਦੇ ਪਾਸ ਸ਼ੁਕਰ (ਦਿਜਬਰ) ਆਚਾਰਯ ਸੀ-ਜੋ ਵਜ਼ੀਰ ਸੀ, ਉਹ ਸਾਰਾ ਭੇਤ ਸਮਝ ਗਿਆ ਕਿ ਇਹ ਵਿਸ਼ਨੂੰ ਜੀ ਛੋਟਾ ਰੂਪ ਧਾਰ ਕੇ ਛਲ ਕਰਨ ਵਾਸਤੇ ਆਏ ਹਨ। ਰਾਜਾ ਜਿਉਂ ਜਿਉਂ ਜ਼ਮੀਨ ਦੇਣ ਨੂੰ ਕਹਿੰਦਾ ਸੀ, ਤਿਵੇਂ ਤਿਵੇਂ ਹੀ (ਪ੍ਰੋਹਤ) ਸ਼ੁਕਰਾਚਾਰਯ ਨਾਂਹ (ਇਨਕਾਰ) (ਗਹੈ) ਫੜੀ (ਕਰਦਾ) ਜਾਂਦਾ ਸੀ॥੯॥

**ਚੌਪਈ॥**

**ਜਬ ਨ੍ਰਿਪ ਦੇਨ ਧਰਾ ਮਨ ਕੀਨਾ॥ ਤਬ ਹੀ ਉਤਰ ਸੁਕ੍ਰ ਇਮ ਦੀਨਾ॥**
**ਲਘੁ ਦਿਜ ਯਾਹਿ ਨ ਭੂਪ ਪਛਾਨੋ॥ ਬਿਸ਼ਨੁਵਤਾਰ ਇਸੈ ਕਰ ਮਾਨੋ॥੧੦॥**

***ਭਾਵਾਰਥ:-*** ਜਦੋਂ ਰਾਜੇ (ਬਲਿ) ਨੇ ਜ਼ਮੀਨ ਦੇਣ ਲਈ (ਪੱਕਾ) ਮਨ (ਕੀਨਾ) ਬਣਾ ਲਿਆ। ਉਦੋਂ ਹੀ ਸ਼ੁਕਰਾਚਾਰਯ ਨੇ ਇਓਂ ਉੱਤਰ (ਰਾਜੇ ਬਲਿ ਨੂੰ) ਦਿੱਤਾ। ਹੇ ਰਾਜਨ! ਇਹਨੂੰ ਛੋਟਾ ਬ੍ਰਾਹਮਣ ਨਾ ਸਮਝੋ। ਇਹਨੂੰ ਵਿਸ਼ਨੂੰ ਜੀ ਦਾ ਅਵਤਾਰ ਕਰ ਕੇ ਮੰਨੋ (ਸਮਝੋ) (ਇਹ ਤੁਹਾਡਾ ਯੱਗ ਭੰਗ ਕਰਨ ਆਇਆ ਹੈ)॥॥੧੦॥

**ਚੌਪਈ॥**

**ਸੁਨਤ ਬਚਨ ਦਾਨਵ ਸਭ ਹਸੇ॥ ਉਚਰਤ ਸੁਕ੍ਰ ਕਹਾ ਘਰ ਬਸੇ॥**
**ਸਸਕ ਸਮਾਨਜ ਨ ਦਿਜ ਮਹਿ ਮਾਸਾ॥ ਕਸ ਕਰ ਹੈ ਇਹ ਜਗਜ ਬਿਨਾਸਾ॥੧੧॥**

***ਭਾਵਾਰਥ:-*** (ਸ਼ੁਕਰਾਚਾਰਯ ਦਾ) ਵਾਕ ਸੁਣਦਿਆਂ ਸਾਰ ਸਾਰੇ ਦੈਂਤ (ਮੰਤਰੀ ਅਤੇ ਸਭਾਸਦ) ਹੱਸ (ਮਖੌਲ ਕਰਨ ਲੱਗ) ਪਏ। ਸ਼ੁਕਰਾਚਾਰਯ (ਵਰਗੇ ਮੰਤਰੀ ਜੇ ਇਓਂ) ਉਚਾਰਦਾ ਹੈ-ਤਾਂ ਘਰ ਕੀ ਵੱਸਣਾ ਹੈ? (ਕਿਉਂਕਿ) ਬ੍ਰਾਹਮਣ (ਵਾਮੁਨ) ਵਿੱਚ ਤਾਂ (ਸਸਕ) ਸਹੇ ਜਿੰਨਾਂ ਵੀ ਮਾਸ ਨਹੀਂ। ਇਹ ਯੱਗ-ਵਿਧ੍ਵੰਸ ਨਾਸ ਕਿਵੇਂ ਕਰੇਗਾ?॥੧੧॥

**ਦੋਹਰਾ॥ ਸੁੱਕ੍ਰਬਾਚ॥**

**ਜਿਮ ਚਿਨਗਾਰੀ ਅਗਨਿ ਕੀ ਗਿਰਤ ਸਘਨ ਬਨ ਮਾਹਿ॥**
**ਅਧਿਕ ਤਨਕ ਤੇ ਹੋਤ ਹੈ ਤਿਮ ਦਿਜਬਰ ਨਰਨਾਹਿ॥੧੨॥**

***ਭਾਵਾਰਥ:-*** ਸ਼ੁਕਰਾਚਾਰਯ ਬੋਲਿਆ ਕਿ ਜਿਵੇਂ ਅੱਗ ਦੀ ਚਿੰਗਾਰੀ ਸੰਘਣੇ ਜੰਗਲ ਵਿੱਚ ਡਿਗਦਿਆਂ ਹੀ ਥੋੜ੍ਹੇ ਤੋਂ ਬਹੁਤ ਹੋ ਜਾਂਦੀ ਹੈ, ਉਸੇ ਤਰ੍ਹਾਂ (ਇਹ) ਬ੍ਰਾਹਮਣਵਰ (ਵਾਮੁਨ) ਬੰਦਾ ਨਹੀਂ ਹੈ (ਇਹ ਵਿਸ਼ਨੂੰ ਭਗਵਾਨ ਹੈ)॥੧੨॥

**ਚੌਪਈ॥**

**ਹਸਿ ਭੂਪਤ ਇਹ ਭਾਂਤਿ[1] ਬਖਾਨੀ॥ ਸੁਨਹੁ ਸੁਕ੍ਰ ਤੁਮ ਬਾਤਿ ਨ ਜਾਨੀ॥**
**ਫੁਨਿ ਇਹ ਸਮੋ ਸਭੂ ਛਲਿ ਜੈਹੈ॥ ਹਰਿ ਸੋ ਫੇਰਿ ਨ ਭਿੱਛਕ ਐ ਹੈ॥੧੩॥**

***ਭਾਵਾਰਥ:-*** ਰਾਜੇ (ਬਲਿ) ਨੇ ਹੱਸ ਕੇ ਇਸ ਤਰ੍ਹਾਂ ਕਹਿਆ। ਕਿ ਹੇ ਸ਼ੁਕਰਾਚਾਰਯ! ਸੁਣੋ ਕਿ ਤੂੰ (ਇਹ) ਗੱਲ ਨਹੀਂ ਸਮਝੀ। ਫੇਰ ਇਹ ਸਮਾਂ ਤਾਂ ਸਾਰਿਆਂ ਨੇ ਹੀ ਛਲ ਜਾਣਾ ਹੈ (ਭਾਵ- ਸਮੇਂ ਨੇ

---

[1] ਪਾਠ- ਬਾਤਿ

ਤਾਂ ਕਿਸੇ ਨੂੰ ਛੱਡਣਾ ਹੀ ਨਹੀਂ)- ਪਰ (ਹਰਿ) ਵਿਸ਼ਨੂੰ ਭਗਵਾਨ ਵਰਗਾ (ਭਿੱਛਕ) ਮੰਗਤਾ ਫੇਰ ਨਹੀਂ ਆਉਣਾ (ਏਸ ਵਾਸਤੇ ਵੇਲਾ ਸੰਭਾਲ ਲੈਣਾ ਹੀ ਠੀਕ ਹੈ)॥੧੩॥

**ਚੌਪਈ॥**

**ਮਨ ਮਹਿ ਬਾਤ ਇਹੈ ਠਹਿਰਾਈ॥ ਮਨ ਮੋ ਧਰੀ ਨ ਕਿਸੂ ਬਤਾਈ॥**

**ਭ੍ਰਿਤੁ ਤੇ ਮਾਂਗ ਕਮੰਡਲ ਏਸਾ॥ ਲਗ੍ਯੋ ਦਾਨ ਤਿਹ ਦੇਨ ਨਰੇਸਾ॥੧੪॥**

***ਭਾਵਾਰਥ:–*** ਮਨ ਦੇ ਵਿੱਚ (ਰਾਜੇ ਬਲਿ ਨੇ) ਇਹੋ ਗੱਲ ਪੱਕੀ ਕਰ ਲਈ, ਪਰ ਮਨ ਵਿੱਚ ਹੀ ਰੱਖੀ, ਕਿਸੇ ਨੂੰ ਵੀ ਨਾ ਦੱਸੀ। (ਭ੍ਰਿਤੁ) ਦਾਸ (ਸੇਵਕ) ਤੋਂ (ਕਮੰਡਲ ਏਸਾ) ਵੱਡਾ ਕਮੰਡਲ (ਗੰਗਾ ਸਾਗਰ) ਮੰਗ ਕੇ (ਨਰੇਸਾ) ਰਾਜਾ (ਬਲਿ) ਉਹਨੂੰ (ਵਾਮੁਨ ਨੂੰ) ਦਾਨ ਦੇਣ (ਦਾ ਸੰਕਲਪ ਕਰਨ) ਲੱਗਾ॥੧੪॥

**ਚੌਪਈ॥**

**ਸੁੱਕ੍ਰ ਬਾਤ ਮਨ ਮੋ ਪਹਿਚਾਨੀ॥ ਭੇਦ ਨ ਲਹਤ ਭੂਪ ਅਗ੍ਯਾਨੀ॥**

**ਧਾਰ ਮਕਰ ਕੇ ਜਾਰ ਸਰੂਪਾ॥ ਪੈਠ੍ਯੋ ਮੱਧ੍ਯ ਕਮੰਡਲ ਭੂਪਾ॥੧੫॥**

***ਭਾਵਾਰਥ:–*** ਸ਼ੁਕਰਾਚਾਰਯ ਨੇ ਮਨ ਵਿੱਚ ਇਹ ਗੱਲ ਸਮਝੀ ਕਿ 'ਅੰਞਾਣ ਰਾਜਾ ਮਤਲਬ ਨਹੀਂ ਸਮਝਦਾ'। (ਏਸ ਵਾਸਤੇ) (ਮਕਰਕੇ) ਜਾਲ ਵਾਲੀ ਮੱਕੜੀ (ਜਾਰ) ਜਾਲ ਦਾ ਰੂਪ ਧਾਰ ਕੇ-ਰਾਜੇ ਦੇ ਕਮੰਡਲ ਵਿੱਚ ਵੜ ਗਿਆ॥੧੫॥

**ਚਉਪਈ॥**

**ਨ੍ਰਿਪਬਰ ਪਾਨਿ ਸੁਰਾਹੀ ਲਈ॥ ਦਾਨ ਸਮੈ ਦਿਜਬਰ ਕੀ ਭਈ॥**

**ਦਾਨ ਹੇਤ ਜਬ ਹਾਥ ਚਲਾਯੋ॥ ਨਿਕਸਿ ਨੀਰ ਕਰ ਤਾਹਿ ਨ ਆਯੋ॥੧੬॥**

***ਭਾਵਾਰਥ:–*** ਸ੍ਰੇਸ਼ਟ ਰਾਜੇ (ਬਲਿ) ਨੇ ਹੱਥ ਵਿੱਚ (ਸੁਰਾਹੀ) ਕਮੰਡਲ ਲਿਆ। ਦਾਨ ਵੇਲੇ ਉਹ (ਕਮੰਡਲ) ਬ੍ਰਾਹਮਣ ਦਾ ਹੋਇਆ (ਭਾਵ- ਦਾਨ ਦੇਣ ਦਾ ਸੰਕਲਪ ਕਰਨ ਸਮੇਂ ਕਮੰਡਲ ਬ੍ਰਾਹਮਣ ਨੂੰ ਫੜਾਉਣੀ ਪੈਂਦੀ ਹੈ)। ਜਦੋਂ ਦਾਨ ਦੇਣ ਲਈ ਹੱਥ (ਚਲਾਯੋ) ਵਧਾਇਆ ਤਾਂ ਉਹਦੇ (ਰਾਜੇ ਦੇ) ਹੱਥ 'ਤੇ ਪਾਣੀ ਨਿਕਲ ਕੇ ਨਾ ਪਿਆ (ਵਾਮੁਨ ਜੀ ਨੇ ਜਾਣਿਆ ਕਿ ਸ਼ੁਕਰਾਚਾਰਯ ਜੀ ਨੇ ਹੀ ਪਾਣੀ ਰੋਕ ਦਿੱਤਾ ਹੈ)॥੧੬॥

**ਤੋਮਰ ਛੰਦ॥**

**ਚਮਕ੍ਯੋ ਤਬੈ ਦਿਜ ਰਾਜ॥ ਕਰੀਐ ਨ੍ਰਿਪੇਸੁ ਇਲਾਜ॥**

**ਤਿਨਕਾ ਮਿਲੇ ਇਹ ਬੀਚ॥ ਇਕ ਚੱਛ ਹ੍ਵੈ ਹੈ ਨੀਚ॥੧੭॥**

***ਭਾਵਾਰਥ:–*** ਤਾਂ ਦਿਜ ਰਾਜ (ਵਾਮੁਨ) (ਚਮਕ੍ਯੋ) ਤਿੱਖੇ ਬਚਨ ਨਾਲ (ਬੋਲਿਆ) (ਅਤੇ ਕਹਿਆ ਕਿ) ਹੇ ਰਾਜਨ! ਏਸ ਦਾ ਇਲਾਜ ਕੀਤਾ ਜਾਵੇ-ਇਹਦੇ ਵਿੱਚ (ਤਿਨਕਾ) ਤੀਲਾ (ਮਿਲੇ) ਫੇਰਿਆ ਜਾਵੇ। (ਮਨ ਵਿੱਚ ਵਿਚਾਰਿਆ ਕਿ) ਨੀਚ (ਸ਼ੁਕਰਾਚਾਰਯ) (ਇਕ ਚੱਛ) ਕਾਣਾ ਹੋ ਜਾਏਗਾ॥੧੭॥

**ਤੋਮਰ॥**

**ਤਿਨਕਾ ਨ੍ਰਿਪਤਿ ਕਰ ਲੀਨ॥ ਭੀਤਰਿ ਕਮੰਡਲ ਦੀਨ॥**

**ਸੁਕ੍ਰਾਂਖ ਲਗੀਆ ਜਾਇ॥ ਇਕ ਚੱਛੁ ਭਯੋ ਦਿਜ ਰਾਇ॥੧੮॥**

***ਭਾਵਾਰਥ:-*** ਰਾਜੇ (ਬਲਿ) ਨੇ ਹੱਥ ਵਿੱਚ (ਤਿਨਕਾ) ਤੀਲਾ ਲਿਆ। ਕਮੰਡਲ ਦੇ (ਮੂੰਹ) ਵਿੱਚ ਦੇ ਦਿੱਤਾ। ਸ਼ੁਕਰਾਚਾਰਯ ਦੀ ਅੱਖ ਵਿੱਚ ਜਾ ਲੱਗਾ। ਤਾਂ (ਦਿਜ ਰਾਇ) ਸ਼ੁਕਰਾਚਾਰਯ (ਇਕ ਚੱਛ) ਕਾਣਾ ਹੋ ਗਿਆ॥੧੮॥

**ਤੋਮਰ ਛੰਦ॥**

**ਨੇਤ੍ਰ ਤੇ ਜੁ ਗਿਰਯੋ ਨੀਰ॥ ਸੋ ਲਯੋ ਕਰ ਦਿਜ ਬੀਰ॥**

**ਕਰਿ ਨੀਰ ਚੁਵਨ ਨ ਦੀਨੁ॥ ਇਮ ਸ੍ਵਾਮਿ ਕਾਰਜ ਕੀਨੁ॥੧੯॥**

***ਭਾਵਾਰਥ:-*** (ਸ਼ੁਕਰਾਚਾਰਯ ਦੀ) ਅੱਖ ਤੋਂ ਜੋ ਪਾਣੀ ਡਿੱਗਾ। (ਦਿਜ ਬੀਰ) ਵਾਮੁਨ ਜੀ ਨੇ ਉਹ ਹੀ ਹੱਥ ਵਿੱਚ ਲਿਆ। (ਇਓਂ) (ਕਰਿ ਨੀਰ) ਕਮੰਡਲ 'ਚੋਂ ਨਾ ਚੋਣ ਦਿੱਤਾ। ਇਓਂ ਮਾਲਿਕ ਦਾ ਕੰਮ ਕੀਤਾ॥੧੯॥

**ਚੌਪਈ॥**

**ਚੱਛੁ ਨੀਰ ਕਰ ਭੀਤਰਿ ਪਰਾ॥ ਵਹੈ ਸੰਕਲਪ ਦਿਜਹ ਕਰਿ ਧਰਾ॥**

**ਐਸ ਤਬੈ ਨਿਜ ਦੇਹ ਬਢਾਯੋ॥ ਲੋਕ ਛੇਦ ਪਰਲੋਕ ਸਿਧਾਯੋ॥੨੦॥**

***ਭਾਵਾਰਥ:-*** (ਸ਼ੁਕਰਾਚਾਰਯ ਦੀ) ਅੱਖ ਦਾ ਪਾਣੀ ਹੀ (ਰਾਜੇ ਬਲਿ ਦੇ) ਹੱਥ ਵਿੱਚ ਪਿਆ। (ਰਾਜੇ ਬਲਿ ਨੇ) ਓਹੋ ਹੀ ਸੰਕਲਪ ਕਰ ਕੇ ਬ੍ਰਾਹਮਣ (ਵਾਮੁਨ) ਦੇ ਹੱਥ 'ਤੇ ਰੱਖ ਦਿੱਤਾ। ਉਦੋਂ ਹੀ (ਵਾਮੁਨ ਨੇ) ਇਓਂ ਆਪਣਾ ਸਰੀਰ ਵਧਾਇਆ ਕਿ ਮਾਤ ਲੋਕ ਨੂੰ ਵਿੰਨ੍ਹ ਕੇ ਪਤਾਲ ਪਰਲੋਕ ਨੂੰ ਚਲਿਆ ਗਿਆ॥੨੦॥

**ਚੌਪਈ॥**

**ਨਿਰਖ ਲੋਗ ਅਦਭੁਤ ਬਿਸਮਏ॥ ਦਾਨਵ ਪੇਖਿ ਮੂਰਛਨ ਭਏ॥**

**ਪਾਵ ਪਤਾਰ ਛੁਯੋ ਸਿਰ ਕਾਸਾ॥ ਚਕ੍ਰਿਤ ਭਏ ਲਖਿ ਲੋਕ ਤਮਾਸਾ॥੨੧॥**

***ਭਾਵਾਰਥ:-*** (ਅਦਭੁਤ) ਅਸਚਰਜ ਰੂਪ ਵੇਖ ਕੇ ਲੋਕ (ਬਿਸਮਏ) ਹੈਰਾਨ ਹੋ ਗਏ। ਦੈਂਤ ਵੇਖ ਕੇ (ਮੂਰਛਨ) ਬੇਹੋਸ਼ ਹੋ ਗਏ। ਪੈਰ ਪਾਤਾਲ ਨੂੰ ਅਤੇ ਸਿਰ ਆਕਾਸ਼ ਨੂੰ ਛੂੰਹਦਾ ਸੀ। ਲੋਕ ਤਮਾਸ਼ਾ ਵੇਖ ਕੇ (ਚਕ੍ਰਿਤ) ਹੈਰਾਨ ਹੋ ਗਏ॥੨੧॥

**ਚੌਪਈ॥**

**ਏਕੈ ਪਾਵ ਪਤਾਰਹ ਛੂਆ॥ ਦੂਸਰ ਪਾਵ ਗਗਨ ਲਉ ਹੂਆ॥**

**ਭਿਦਯੋ ਅੰਡ ਬ੍ਰਹਮੰਡ ਅਪਾਰਾ॥ ਤਿਹ ਤੇ ਗਿਰੀ ਗੰਗ ਕੀ ਧਾਰਾ॥੨੨॥**

***ਭਾਵਾਰਥ:-*** ਇੱਕ ਹੀ (ਪਾਵ) ਕਦਮ (ਮਾਪਣ) ਨਾਲ ਪਾਤਾਲ ਨੂੰ ਛੁਹ ਲਿਆ। ਦੂਜਾ ਕਦਮ ਆਕਾਸ਼ ਤੱਕ ਹੋ ਗਿਆ। ਅਪਾਰ ਬ੍ਰਹਮੰਡ ਵਿੱਚ (ਚਰਨ ਦੇ ਜਾਣ ਨਾਲ) (ਅੰਡ) ਅੰਡ-ਕਟਾਹ ਪਰਬਤ (ਭਿਦਯੋ) ਵਿੰਨ੍ਹਿਆ ਗਿਆ। ਉਸ ਤੋਂ ਹੀ ਗੰਗਾ ਦੀ ਧਾਰ ਡਿੱਗੀ ਸੀ॥੨੨॥

**ਚੌਪਈ॥**

**ਇਹ ਬਿਧਿ ਭੂਪ ਅਚੰਭਵ ਲਹਾ॥ ਮਨ ਕ੍ਰਮ ਬਚਨ ਚਕ੍ਰਿਤ ਹ੍ਵੈ ਰਹਾ॥**

**ਸੋ ਕਛੁ ਭਯੋ ਜੋ ਸੁਕ੍ਰ ਉਚਾਰਾ॥ ਸੋ ਅਖਿਯਨ ਹਮ ਆਜ ਨਿਹਾਰਾ॥੨੩॥**

***ਭਾਵਾਰਥ:-*** ਰਾਜੇ (ਬਲਿ) ਨੇ ਇਸ ਤਰ੍ਹਾਂ (ਅਚੰਭਵ) ਅਸਚਰਜ ਵੇਖਿਆ। ਮਨ, ਬਾਣੀ ਅਤੇ ਕਰਮ ਕਰਕੇ (ਚਕ੍ਰਿਤ) ਹੈਰਾਨ ਹੋ ਗਿਆ। (ਸੋਚਿਆ ਕਿ) ਉਹੋ ਕੁਝ ਹੀ ਹੋਇਆ ਹੈ-ਜੋ ਸ਼ੁਕਰਾਚਾਰਯ ਨੇ ਕਹਿਆ ਸੀ। ਉਹੋ ਹੀ ਮੈਂ ਅੱਜ ਅੱਖੀਆਂ ਨਾਲ ਵੇਖਿਆ ਹੈ॥੨੩॥

**ਚੌਪਈ॥**

**ਅਰਧਿ ਦੇਹਿ ਅਪਨੋ ਮਿਨ ਦੀਨਾ॥ ਇਹ ਬਿਧਿ ਕੈ ਭੂਪਤਿ ਜਸੁ ਲੀਨਾ॥**
**ਜਬ ਲਉ ਗੰਗ ਜਮੁਨ ਕੋ ਨੀਰਾ॥ ਤਬ ਲਉ ਚਲੀ ਕਥਾ ਜਗ ਧੀਰਾ॥੨੪॥**

***ਭਾਵਾਰਥ:-*** (ਦੋ ਕਦਮਾਂ ਵਿੱਚ ਤਿੰਨ ਲੋਕ ਪੂਰੇ ਹੋ ਗਏ ਅਤੇ ਅੱਧੀ ਕਰਮ ਬਾਕੀ ਦੇਣੀ ਰਹਿ ਗਈ ਤਾਂ ਉਸ ਵਿੱਚ ਬਲਿ ਰਾਜੇ ਨੇ) ਅੱਧੀ (ਕਦਮ) ਵਿੱਚ ਆਪਣਾ ਸਰੀਰ ਮਿਣ ਦਿੱਤਾ। ਇਸ ਤਰ੍ਹਾਂ ਕਰ ਕੇ ਰਾਜੇ (ਬਲਿ) ਨੇ ਜੱਸ ਲਿਆ। ਜਿੰਨਾ ਚਿਰ ਤੱਕ ਗੰਗਾ ਜਮੁਨਾ ਦਾ ਪਾਣੀ ਹੈ। ਓਨਾ ਚਿਰ ਤੱਕ (ਧੀਰਾ) ਗਿਆਨੀ (ਰਾਜੇ ਬਲਿ) ਦੇ ਯੱਗ ਦੀ ਕਥਾ ਚਲੀ (ਰਹੇਗੀ)॥੨੪॥

**ਚੌਪਈ॥**

**ਬਿਸਨੁ ਪ੍ਰਸੰਨਿ ਪ੍ਰਤੱਛ ਹ੍ਵੈ ਕਹਾ॥ ਚੋਬਦਾਰੁ ਦ੍ਵਾਰੈ ਹ੍ਵੈ ਰਹਾ॥**
**ਕਹਜੋ ਚਲੇ ਤਬ ਲਗੈ ਕਹਾਨੀ॥ ਜਬ ਲਗ ਗੰਗ ਜਮੁਨ ਕੋ ਪਾਨੀ॥੨੫॥**

***ਭਾਵਾਰਥ:-*** ਵਿਸ਼ਨੂੰ ਨੇ ਪ੍ਰਤੱਖ ਰੂਪ ਵਿੱਚ ਖੁਸ਼ ਹੋ ਕੇ ਆਖਿਆ (ਕਿ ਮੈਂ ਤੇਰੇ) ਦਰਵਾਜ਼ੇ ਦਾ ਚੋਬਦਾਰ (ਦੁਆਰਪਾਲ) ਹੋ ਰਿਹਾ ਹਾਂ। ਆਖਿਆ ਕਿ ਓਨਾ ਚਿਰ ਤੱਕ (ਇਹ) ਕਥਾ (ਚਲੇ) ਚਲਦੀ ਰਹੇਗੀ-ਜਿੰਨਾ ਚਿਰ ਤੱਕ ਗੰਗਾ ਜਮੁਨਾ ਦਾ ਪਾਣੀ ਹੈ॥੨੫॥

**ਦੋਹਰਾ॥**

**ਜਹ ਸਾਧਨ ਸੰਕਟ ਪਰੈ ਤਹ ਤਹ ਭਏ ਸਹਾਇ॥**
**ਦੁਆਰਪਾਲ ਹ੍ਵੈ ਦਰਿ ਬਸੇ ਭਗਤ ਹੇਤ ਹਰਿ ਰਾਇ॥੨੬॥**

***ਭਾਵਾਰਥ:-*** (ਜਿੱਥੇ) ਜਿੱਥੇ ਸਾਧੂਆਂ ਨੂੰ ਦੁੱਖ (ਪਰੈ) ਆਇਆ ਹੈ, ਓਥੇ ਓਥੇ ਹੀ ਸਹਾਈ ਹੋਏ ਹਨ। (ਹਰਿ ਰਾਇ) ਵਿਸ਼ਨੂੰ ਭਗਵਾਨ ਜੀ ਭਗਤ ਦੇ ਵਾਸਤੇ ਦੁਆਰਪਾਲ ਬਣ ਕੇ ਦਰਵਾਜ਼ੇ 'ਤੇ ਵੱਸ ਗਏ॥੨੬॥

**ਚੌਪਈ॥**

**ਅਸ੍ਰਮ ਅਵਤਾਰ ਬਿਸਨੁ ਅਸ ਧਰਾ॥ ਸਾਧਨ ਸਬੈ ਕ੍ਰਿਤਾਰਥ ਕਰਾ॥**
**ਅਬ ਨਵਮੋਂ ਬਰਨੋਂ ਅਵਤਾਰਾ॥ ਸੁਨਹੁ ਸੰਤ ਚਿਤ ਲਾਇ ਸੁਧਾਰਾ॥੨੭॥**

***ਭਾਵਾਰਥ:-*** ਇਓਂ ਵਿਸ਼ਨੂੰ ਜੀ ਨੇ ਅੱਠਵਾਂ ਅਵਤਾਰ ਧਾਰਿਆ। ਸਾਰਿਆਂ ਸਾਧੂਆਂ ਦਾ (ਕ੍ਰਿਤਾਰਥ) ਮਨੋਰਥ ਸਫ਼ਲਾ ਕਰ ਦਿੱਤਾ ਸੀ। (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) ਹੁਣ ਨੌਵਾਂ ਅਵਤਾਰ ਕਹਿੰਦਾ ਹਾਂ। ਹੇ ਸੰਤੋ! ਚੰਗੀ ਤਰ੍ਹਾਂ ਚਿੱਤ ਲਾ ਕੇ ਸੁਣੋ॥੨੭॥

**ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਬਲਿ ਛਲਨ ਬਰਨਨੰ ਬਾਵਨ ਅਵਤਾਰ**
**ਅਸ੍ਰਮੋ ਸਮਾਪਤ ਮਸਤ ਸੁਭ ਮਸਤੁ[੧]॥੮॥**

---

[੧] ਇਹ 'ਇਤਿ ਸ੍ਰੀ' ਪੋਥੀ ਅਤੇ ਬੀੜ ਤੋਂ ਮਿਲਾ ਕੇ ਲਿਖੀ ਗਈ ਹੈ।

**ਅਥ ਪਰਸੁਰਾਮ ਅਵਤਾਰ ਕਥਨੰ॥ ਸ੍ਰੀ ਭਗਉਤੀ ਜੀ ਸਹਾਇ॥**

**ਚੌਪਈ॥**

**ਪੁਨਿ ਕੇਤਿਕ ਦਿਨ ਭਏ ਬਿਤੀਤਾ॥ ਛਤ੍ਰਿਨਿ ਸਕਲ ਧਰਾ ਕਹ ਜੀਤਾ॥**

**ਅਧਿਕ ਜਗਤ ਮਹਿ ਊਚ[੧] ਜਨਾਯੋ॥ ਬਾਸਵ ਬਲਿ ਕਹੂੰ ਲੈਨ ਨ ਪਾਯੋ॥੧॥**

***ਭਾਵਾਰਥ:–*** ਫਿਰ ਕੁਝ ਕੁ ਦਿਨ ਗੁਜ਼ਰੇ ਤਾਂ ਖੱਤਰੀਆਂ ਨੇ ਸਾਰੀ ਧਰਤੀ ਨੂੰ ਜਿੱਤ ਲਿਆ। ਸੰਸਾਰ ਵਿੱਚ ਆਪ ਨੂੰ ਬਹੁਤ ਉੱਚਾ (ਜਾਨਯੋ) ਪ੍ਰਗਟਾਇਆ ਅਤੇ (ਬਾਸਵ) ਇੰਦਰ ਕਿਤਿਓਂ ਵੀ (ਬਲਿ) ਭੇਟਾ ਨਾ ਲੈਣੀ ਪਾ ਸਕਿਆ॥੧॥

**ਚੌਪਈ॥**

**ਬਿਆਕੁਲ ਸਕਲ ਦੇਵਤਾ ਭਏ॥ ਮਿਲਿ ਕਰਿ ਸਭੁ ਬਾਸਵ ਪੈ ਗਏ॥**

**ਛਤ੍ਰੀ ਰੂਪ ਧਰੇ ਸਭੁ ਅਸੁਰਨ॥ ਆਵਤ ਕਹਾ ਭੂਪ ਤੁਮਰੇ ਮਨ॥੨॥**

***ਭਾਵਾਰਥ:–*** ਸਾਰੇ ਦੇਵਤੇ (ਬਿਆਕੁਲ) ਦੁਖੀ ਹੋਏ। ਸਾਰੇ ਇਕੱਠੇ ਹੋ ਕੇ (ਬਾਸਵ) ਇੰਦਰ ਪਾਸ ਗਏ। "(ਅਤੇ ਕਹਿਆ ਕਿ) ਸਾਰਿਆਂ (ਅਸੁਰਨ) ਦੈਂਤਾਂ ਨੇ ਖੱਤਰੀਆਂ ਦੇ (ਰੂਪ) ਸਰੀਰ ਧਾਰ ਲਏ ਹਨ।" ਹੇ (ਭੂਪ) ਰਾਜਨ (ਇੰਦਰ)! ਤੇਰੇ ਮਨ ਵਿੱਚ ਕੀ ਆਉਂਦਾ ਹੈ॥੨॥

**ਸਬ ਦੇਵਨ ਮਿਲਿ ਕਰਯੋ ਬਿਚਾਰਾ॥ ਛੀਰ ਸਮੁਦ੍ਰ ਕਹ ਚਲੇ ਸੁਧਾਰਾ॥**

**ਕਾਲ ਪੁਰਖ ਕੀ ਕਰੀ ਬਡਾਈ॥ ਇਮ ਆਗਿਆ ਤਹ ਤੇ ਤਿਨ ਆਈ ੩॥**

***ਭਾਵਾਰਥ:–*** ਸਾਰੇ ਦੇਵਤਿਆਂ ਇਕੱਠੇ ਹੋ ਕੇ (ਸੁਧਾਰਾ) ਚੰਗੀ ਤਰ੍ਹਾਂ ਵਿਚਾਰ ਕੀਤੀ ਤਾਂ ਛੀਰ ਸਾਗਰ (ਕਹ) ਨੂੰ ਚੱਲ ਪਏ। (ਓਥੇ ਜਾ ਕੇ) ਕਾਲ ਪੁਰਸ਼ ਦੀ ਵਡਿਆਈ (ਉਸਤਤਿ, ਬੰਦਗੀ) ਕੀਤੀ। ਉਨ੍ਹਾਂ (ਦੇਵਤਿਆਂ) ਨੇ ਓਥੋਂ ਇਓਂ ਹੁਕਮ ਪਾਇਆ॥੩॥

**ਚੌਪਈ॥**

**ਦਿਜ ਜਮਦਗਨਿ ਜਗਤ ਮੋ ਸੋਹਤ॥ ਨਿਤਿ ਉਠਿ ਕਰਤ ਅਘਨ ਓਘਨ ਹਤ॥**

**ਤਹ ਤੁਮ ਧਰੋ ਬਿਸਨੁ ਅਵਤਾਰਾ॥ ਹਨਹੁ ਸਕ੍ਰ ਕੇ ਸੱਤ੍ਰ ਸੁਧਾਰਾ॥੪॥**

***ਭਾਵਾਰਥ:–*** ਜਮਦਗਨਿ ਬ੍ਰਾਹਮਣ ਸੰਸਾਰ ਵਿੱਚ ਸੋਂਹਦਾ (ਮੌਜੂਦ) ਹੈ। ਸਦਾ ਉੱਠ ਕੇ (ਓਘਨ) ਸਾਰਿਆਂ ਪਾਪਾਂ ਨੂੰ ਨਾਸ ਕਰਦਾ ਹੈ) ਭਾਵ– ਜਪ, ਤਪ, ਸਿਮਰਨ ਕਰਦਾ ਹੈ)। ਹੇ ਵਿਸ਼ਨੂੰ! ਤੂੰ ਓਥੇ ਅਵਤਾਰ ਧਾਰ ਕੇ (ਚੰਗੀ ਤਰ੍ਹਾਂ) (ਸਕ੍ਰ) ਇੰਦਰ ਦੇ ਦੁਸ਼ਮਣ (ਹਨਹੁ) ਮਾਰੋ॥੪॥

**ਭੁਜੰਗ ਪ੍ਰਯਾਤ ਛੰਦ॥**

**ਜਯੋ ਜਾਮਦਗਨੰ ਦਿਜੰ ਆਵਤਾਰੀ॥ ਭਯੋ ਰੇਣੁਕਾ ਤੇ ਕਵਾਚੀ ਕੁਠਾਰੀ॥**

**ਧਰਯੋ ਛਤ੍ਰਿਯਾਪਾਤ ਕੋ ਕਾਲ ਰੂਪੰ॥ ਹਨਯੋ ਜਾਇ ਜੌਨੇ ਸਹਸ੍ਰਾਸਤ੍ਰ ਭੂਪੰ॥੫॥**

***ਭਾਵਾਰਥ:–*** ਜਮਦਗਨਿ ਬ੍ਰਾਹਮਣ ਦਾ (ਜਯੋ) ਪੁੱਤਰ ਅਵਤਾਰ ਹੋਇਆ। ਰੇਣੁਕਾ (ਮਾਤਾ) ਤੋਂ (ਕਵਾਚੀ) ਸੰਜੋਅ ਵਾਲਾ ਅਤੇ ਕੁਹਾੜੇ ਵਾਲਾ (ਯੋਧਾ) (ਭਯੋ) ਪੈਦਾ ਹੋਇਆ। ਖੱਤਰੀਆਂ ਦੇ

---

[੧] ਪਾਠ– ਓਜ

(ਆਪਾਤ) ਸਰਵ ਨਾਸ਼ ਨੂੰ ਕਾਲ ਨੇ ਹੀ ਰੂਪ ਧਾਰਿਆ। (ਜਉਨੇ) ਜੀਹਨੇ ਜਾ ਕੇ ਰਾਜਾ (ਸਹਸ੍ਰਾਸਤ੍ਰ- ਹਜ਼ਾਰ ਅਸਤਰ ਧਾਰਨ ਵਾਲਾ, ਹਜ਼ਾਰ ਬਾਹਾਂ ਵਾਲਾ) ਸਹਸ੍ਰਾਰਜੁਨ ਮਾਰਿਆ॥੫॥

**ਭੁਜੰਗ॥**

**ਕਹਾ ਗਮਜ ਏਤੀ ਕਥਾ ਸਰਬ ਭਾਖੋਂ॥ ਕਥਾ ਬ੍ਰਿਧ ਤੇ ਥੋਰੀਐ ਬਾਤ ਰਾਖੋਂ[੧]॥**
**ਭਰੇ ਗਰਬ ਛਤ੍ਰੀ ਨਰੇਸੰ ਅਪਾਰੰ॥ ਤਿਨੈ ਨਾਸ ਕੋ ਪਾਣਿ ਧਾਰਯੋ ਕੁਠਾਰੰ॥੬॥**

***ਭਾਵਾਰਥ:-*** (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਮੇਰੀ) ਏਨੀ ਕਿੱਥੋਂ (ਗਮਜ) ਪਹੁੰਚ ਹੈ? (ਭਾਵ- ਸਾਰੀ ਕਥਾ ਨੂੰ ਲਿਖ ਕੇ ਅੰਤ ਤੱਕ ਸਮਾਪਤ ਕਰਨ ਯੋਗ ਤਾਕਤ, ਸਿਹਤ, ਮਾਇਆ, ਉਮਰ, ਸਹੂਲੀਅਤ ਆਦਿਕ ਨਹੀਂ)। ਖੱਤਰੀ ਰਾਜੇ ਬਹੁਤ ਅਹੰਕਾਰ ਵਿੱਚ ਭਰੇ ਹੋਏ ਸਨ। ਉਨ੍ਹਾਂ ਦੇ ਨਾਸ ਨੂੰ ਹੱਥ ਵਿੱਚ (ਪਰਸ਼ੂਰਾਮ ਨੇ) ਕੁਹਾੜਾ ਧਾਰਿਆ॥੬॥

**ਭੁਜੰਗ॥**

**ਹੁਤੀ ਨੰਦਨੀ ਸਿੰਧੁਜਾ ਕੀ ਸੁਪੁਤ੍ਰੀ॥ ਤਿਸੈ ਮਾਂਗ ਹਾਰਯੋ ਸਹਸ੍ਰਾਸਤ੍ਰ ਛਤ੍ਰੀ॥**
**ਲਿਯੋ ਛੀਨ ਗਾਯੰ ਹਤਯੋ ਰਾਮ ਤਾਤੰ॥ ਤਿਸੀ ਬੈਰ ਕੀਨੇ ਸਬੈ ਭੂਪ ਪਾਤੰ॥੭॥**

***ਭਾਵਾਰਥ:-*** (ਸਿੰਧੁਜਾ) ਕਾਮਧੇਨ ਦੀ ਸਪੁੱਤਰੀ ਨੰਦਨੀ (ਨਾਮੇ ਗਾਂ) ਸੀ। ਸਹਸ੍ਰਾਰਜੁਨ (ਛੱਤ੍ਰੀ) ਰਾਜਾ ਉਸ ਨੂੰ ਮੰਗ ਮੰਗ ਕੇ (ਹਾਰਯੋ) ਥੱਕ ਗਿਆ (ਪਰ ਜਮਦਗਨਿ ਨੇ ਨਾ ਦਿੱਤੀ)। (ਸਹਸ੍ਰਾਰਜੁਨ ਨੇ ਪਰਸ਼ੂ) ਰਾਮ ਦੇ (ਤਾਤੰ) ਪਿਤਾ ਨੂੰ ਮਾਰ ਕੇ ਗਾਂ ਨੂੰ ਖੋਹ ਲਿਆ। (ਪਰਸ਼ੂਰਾਮ ਨੇ) ਉਸ ਹੀ ਵੈਰ ਤੋਂ ਸਾਰੇ ਰਾਜੇ (ਪਾਤੰ) ਨਾਸ ਕੀਤੇ॥੭॥

**ਭੁਜੰਗ॥**

**ਗਈ ਬਾਲਤਾ ਤੇ ਲਿਯੋ ਸੋਧ ਤਾ ਕੋ॥ ਹਨਯੋ ਤਾਤ ਮੇਰੋ ਕਹੋ ਨਾਮੁ ਵਾ ਕੋ॥**
**ਸਹਸ੍ਰਾਸਤ੍ਰ ਭੂਪੰ ਸੁਣਯੋ ਸ੍ਰੌਣ ਨਾਮੰ॥ ਗਹੇ ਸਸਤ੍ਰ ਅਸਤ੍ਰੰ ਚਲਯੋ ਤੌਨ ਠਾਮੰ॥੮॥**

***ਭਾਵਾਰਥ:-*** (ਜਮਦਗਨਿ ਦੀ) (ਬਾਲਾ) ਇਸਤਰੀ ਗਈ ਅਤੇ (ਤਾ) ਉਸ (ਪਰਸ਼ੂਰਾਮ) ਨੂੰ (ਸੋਧ) ਲੱਭ ਲਿਆ, (ਪਰਸ਼ੂਰਾਮ ਨੇ ਮਾਂ ਤੋਂ ਪੁੱਛਿਆ ਕਿ ਜਿਸ) ਮੇਰਾ ਪਿਓ ਮਾਰਿਆ ਹੈ ਉਹਦਾ ਨਾਮ (ਕਹੋ) ਦੱਸ? (ਤਾਂ ਰੇਣੁਕਾ ਨੇ ਸਹਸ੍ਰਾਰਜੁਨ ਨਾਮ ਦੱਸਿਆ-ਸੋ ਪਰਸ਼ੂਰਾਮ ਨੇ) ਰਾਜਾ ਸਹਸ੍ਰਾਰਜੁਨ ਦਾ ਨਾਂ ਕੰਨੀਂ ਸੁਣ ਲਿਆ। ਸ਼ਸਤਰ ਅਸਤਰ ਫੜ ਲਏ ਅਤੇ ਓਸ ਥਾਂ (ਸਹਸ੍ਰਾਰਜੁਨ ਦੀ ਰਾਜਧਾਨੀ) ਨੂੰ ਚੱਲ ਪਿਆ॥੮॥

**ਭੁਜੰਗ ॥**

**ਕਹੋ ਰਾਜ ਮੇਰੋ ਹਨਯੋ ਤਾਤ ਕੈਸੇ॥ ਅਬੈ ਜੁੱਧੁ ਜੀਤੋਂ ਹਨੋਂ ਤੋਹਿ ਤੈਸੇ॥**
**ਕਹਾ ਮੂੜ ਬੈਠੋ ਸੁਅਸਤ੍ਰੰ ਸੰਭਾਰੋ॥ ਚਲੋ ਭਾਜ ਨਾ ਤੋ ਸਭੈ ਸਸਤ੍ਰ ਡਾਰੋ॥੯॥**

***ਭਾਵਾਰਥ:-*** (ਪਰਸ਼ੂਰਾਮ ਨੇ) ਕਹਿਆ ਕਿ ਹੇ ਰਾਜੇ! ਮੇਰਾ ਪਿਓ ਕਿਵੇਂ ਮਾਰਿਆ ਹੈ? (ਭਾਵ- ਜਿਵੇਂ ਤੂੰ ਮੇਰਾ ਪਿਤਾ ਮਾਰਿਆ ਹੈ)। ਹੁਣ ਯੁੱਧ ਵਿੱਚ ਜਿੱਤ ਕੇ ਤੈਨੂੰ ਮੈਂ ਓਸੇ ਤਰ੍ਹਾਂ ਮਾਰਾਂਗਾ। ਹੇ

---

[੧] ਪਾਠ- ਬਾਤ ਥੋਰਹੀ ਰਾਖਉਂ

ਮੂੜ! ਕਿੱਥੇ ਬੈਠਾ ਹੈਂ? ਅਸਤਰਾਂ ਨੂੰ ਸੰਭਾਲ। ਨਹੀਂ ਤਾਂ ਸਾਰੇ ਸ਼ਸਤਰ ਛੱਡ ਕੇ ਭੱਜ (ਚਲੋ) ਜਾਹ॥੯॥

**ਭੁਜੰਗ॥**

**ਸੁਣੇ ਬੋਲ ਬੰਕੇ ਭਰਯੋ ਭੂਪ ਕੋਪੰ॥ ਉਠਯੋ ਰਾਜ ਸਰਦੂਲ ਲੈ ਪਾਣ ਧੋਪੰ॥**
**ਹਠਯੋ ਖੇਤ ਖੂਨੀ ਦਿਜੰ ਖੱਤ੍ਰਿਹਾਯੋ[੧]॥ ਚਹੇ ਆਜ ਹੀ ਜੁੱਧ ਮੋ ਸੋ ਮਚਾਯੋ॥੧੦॥**

***ਭਾਵਾਰਥ:–*** (ਬੰਕੇ) ਟੇਢੇ (ਵਿਅੰਗ) ਵਾਕ ਸੁਣ ਕੇ ਰਾਜਾ ਗੁੱਸੇ ਵਿੱਚ ਭਰ ਗਿਆ। ਹੱਥ ਵਿੱਚ (ਧੋਪੰ) ਕਿਰਚ (ਤਲਵਾਰ) ਲੈ ਕੇ (ਰਾਜ ਸਰਦੂਲ) ਸ਼੍ਰੋਮਣੀ ਰਾਜਾ (ਸਹਸ੍ਰਾਰਜੁਨ) ਉੱਠਿਆ। (ਖੱਤ੍ਰਿ) ਖੱਤਰੀਆਂ ਨੂੰ (ਹਾਯੋ) ਨਾਸ ਕਰਨ ਵਾਲੇ ਖੂਨੀ (ਦਿਜੰ) ਬ੍ਰਾਹਮਣ (ਪਰਸ਼ੁਰਾਮ) ਨਾਲ (ਖੇਤ) ਮੈਦਾਨ ਵਿੱਚ (ਹਠਯੋ) ਜੁੱਟ ਪਿਆ। ਕਿ (ਇਹ ਪਰਸ਼ੁਰਾਮ ਬ੍ਰਾਹਮਣ) ਮੇਰੇ ਨਾਲ ਅੱਜ ਹੀ ਜੰਗ ਕਰਨਾ ਚਾਹੁੰਦਾ ਹੈ॥੧੦॥

**ਭੁਜੰਗ॥**

**ਧਏ ਸੂਰ ਸਰਬੰ ਸੁਨੇ ਬੈਨ ਰਾਜੰ॥ ਚੜਯੋ ਕ੍ਰੁੱਧ ਜੁੱਧੰ ਸੂਜੇ ਸਰਬ ਸਾਜੰ॥**
**ਗਦਾ ਸੈਹਥੀ ਸੂਲ ਸੇਲੰ ਸੰਭਾਰੀ॥ ਚਲੇ ਜੁੱਧ ਕਾਜੰ ਬਡੇ ਛੱਤ੍ਰ ਧਾਰੀ॥੧੧॥**

***ਭਾਵਾਰਥ:–*** ਰਾਜੇ (ਸਹਸ੍ਰਵਾਹੁ) ਦੇ ਵਾਕ ਸੁਣ ਕੇ ਸਾਰੇ ਯੋਧੇ ਦੌੜ ਪਏ। (ਸਹਸ੍ਰਵਾਹੁ) ਸਾਰੇ ਸਾਮਾਨ (ਸੂਜੇ) ਬਣਾ ਕੇ ਕ੍ਰੋਧ ਨਾਲ ਜੰਗ ਨੂੰ ਚੜ੍ਹਿਆ। ਗਦਾ, ਬਰਛੀਆਂ, (ਸੂਲ) ਤੀਰ ਅਤੇ (ਸੇਲੰ) ਬਰਛੇ ਸੰਭਾਲ ਕੇ ਮਹਾਂ (ਛਤ੍ਰਧਾਰੀ) ਰਾਜੇ ਯੁੱਧ ਵਾਸਤੇ ਚੱਲ ਪਏ॥੧੧॥

**ਨਰਾਜ ਛੰਦ॥**

**ਕ੍ਰਿਪਾਣ ਪਾਣ ਧਾਰਿ ਕੈ॥ ਚਲੇ ਬਲੀ ਪੁਕਾਰਿ ਕੈ॥**
**ਸੁ ਮਾਰਿ ਮਾਰਿ ਭਾਖਹੀ॥ ਸਰੋਘ ਸ੍ਰੋਣ ਚਾਖਹੀ॥੧੨॥**

***ਭਾਵਾਰਥ:–*** ਹੱਥਾਂ ਵਿੱਚ ਤਲਵਾਰਾਂ ਫੜ ਕੇ (ਪੁਕਾਰਿ) ਰੌਲਾ ਪਾ ਕੇ ਬਲਵਾਨ ਤੁਰ ਪਏ। ਮਾਰ ਮਾਰ ਕਹਿੰਦੇ ਹਨ। (ਸਰੋਘ) ਸਾਰੇ ਤੀਰ (ਸ੍ਰੋਣ) ਕੰਨਾਂ ਕੋਲ (ਚਾਖਹੀ) ਵੇਖੇ ਜਾਂਦੇ ਹਨ (ਭਾਵ– ਸਭ ਤੀਰ ਤਣ ਗਏ) ਅਥਵਾ– ਸਾਰੇ ਤੀਰ ਲਹੂ ਪੀਂਦੇ ਹਨ, ਭਾਵ– ਤੀਰ ਲਹੂ 'ਚ ਭਿੱਜ ਗਏ)॥੧੨॥

**ਨਰਾਜ॥**

**ਸੰਜੋਇ ਸੈਹਥੀਨ ਲੈ॥ ਚੜੇ ਸੁ ਬੀਰ ਰੋਸ ਕੈ॥**
**ਚਟਾਕ ਚਾਬਕੰ ਉਠੇ॥ ਸਹੰਸ੍ਰ ਸਾਇਕੰ ਬੁਠੇ॥੧੩॥**

***ਭਾਵਾਰਥ:–*** ਸੰਜੋਆਂ ਬਰਛੀਆਂ ਵਾਲੇ ਯੋਧੇ ਗੁੱਸੇ ਨਾਲ ਚੜ੍ਹੇ। ਚਾਬਕਾਂ ਦੇ (ਚਟਾਕ) ਅਵਾਜ਼ੇ ਉੱਠਦੇ ਹਨ। ਹਜ਼ਾਰਾਂ ਹੀ (ਸਾਇਕੰ) ਤੀਰ ਵਰ੍ਹਦੇ ਹਨ॥੧੩॥

**ਰਸਾਵਲ ਛੰਦ॥**

**ਭਏ ਏਕ ਠਉਰੇ॥ ਸਬੈ ਸੂਰ ਦਉਰੇ॥**
**ਲਿਯੋ ਘੇਰ ਰਾਮੰ॥ ਘਟਾ ਸੂਰ ਸਯਾਮੰ॥੧੪॥**

---

[੧] ਪਾਠ– ਖੇਤ੍ਰ ਹਾਯੋ

***ਭਾਵਾਰਥ:-*** ਸਾਰੇ ਯੋਧੇ ਇਕੱਠੇ ਹੋਏ ਹੋਏ ਦੌੜੇ। (ਰਾਮੰ) ਪਰਸ਼ੂਰਾਮ ਨੂੰ ਘੇਰ ਲਿਆ (ਮਾਨੋ ਕਿ) ਕਾਲੀ ਘਟਾ ਨੇ ਸੂਰਜ (ਨੂੰ ਘੇਰਿਆ ਹੈ)॥੧੪॥

**ਰਸਾਵਲ ਛੰਦ॥**

**ਕਮਾਣੰ ਕੜੰਕੇ॥ ਭਏ ਨਾਦ ਬੰਕੇ॥**

**ਘਟਾ ਜਾਨਿ ਸਜਾਹੰ॥ ਚੜਯੋ ਤਯੋਂ ਸਿਪਾਹੰ॥੧੫॥**

***ਭਾਵਾਰਥ:-*** ਕਮਾਣਾਂ ਕੜਕੀਆਂ। (ਬੰਕੇ) ਵਿਅੰਗ ਸ਼ਬਦ ਹੋਏ। ਮਾਨੋ ਕਿ ਕਾਲੀ ਘਟਾ ਦੇ (ਜਾਨਿ) ਜਿਵੇਂ ਹੁੰਦੀ ਹੈ-ਤਿਵੇਂ ਹੀ (ਸਿਪਾਹੰ) ਫ਼ੌਜ ਚੜ੍ਹੀ॥੧੫॥

**ਰਸਾਵਲ ਛੰਦ॥**

**ਭਏ ਨਾਦ ਬੰਕੇ॥ ਸੁ ਸੇਲੰ ਧਮੰਕੇ॥**

**ਗਜਾ ਜੂਹ ਗੱਜੇ॥ ਸੁਭੰ ਸੰਜ ਸੱਜੇ॥੧੬॥**

***ਭਾਵਾਰਥ:-*** ਵਿਅੰਗ ਸ਼ਬਦ ਹੋਏ। ਸੇਲੇ (ਧਮੰਕੇ) ਮਾਰ ਦਿੱਤੇ (ਧਸਾ ਦਿੱਤੇ)। (ਜੂਹ) ਸਭ ਹਾਥੀ ਗੱਜਣ ਲੱਗ ਪਏ। ਜੋ ਚੰਗਿਆਂ (ਸੰਜ) ਹੌਦਿਆਂ (ਝੁਲਾਂ, ਸੰਜੋਆਂ, ਸਮਾਨਾਂ) ਨਾਲ ਸਾਜੇ ਹੋਏ ਸਨ॥੧੬॥

**ਰਸਾਵਲ ਛੰਦ॥**

**ਚਹੂੰ ਓਰ ਢੂਕੇ॥ ਗਜੰ ਜੂਹ ਝੂਕੇ॥**

**ਸਰੰ ਬਜੂਹ ਛੂਟੇ॥ ਰਿਪੰ ਸੀਸ ਫੂਟੇ॥੧੭॥**

***ਭਾਵਾਰਥ:-*** (ਜੂਹ) ਸਾਰੇ ਹਾਥੀ (ਜੰਗ ਵਿੱਚ) (ਝੂਕੇ) (ਤੋਰੇ ਹੋਏ) ਚਹੁੰਆਂ ਪਾਸਿਆਂ ਤੋਂ ਢੁਕ ਆਏ। (ਬਜੂਹ) ਸਭ ਤੀਰ ਚੱਲ ਪਏ। ਦੁਸ਼ਮਣਾਂ ਦੇ ਸਿਰ ਤੋੜੇ ਗਏ॥੧੭॥

**ਰਸਾਵਲ॥**

**ਉਠੇ ਨਾਦ ਭਾਰੀ॥ ਰਿਸੇ ਛਤ੍ਰਧਾਰੀ॥**

**ਘਿਰਯੋ ਰਾਮ ਸੈਨੰ॥ ਸਿਵੰ ਜੇਮ ਮੈਨੰ॥੧੮॥**

***ਭਾਵਾਰਥ:-*** ਮਹਾਂ ਸ਼ਬਦ ਹੋਏ, (ਛਤ੍ਰਧਾਰੀ) ਯੋਧੇ ਕ੍ਰੋਧ ਵਿੱਚ ਭਰ ਗਏ। ਪਰਸ਼ੂਰਾਮ ਨੂੰ ਸੈਨਾ ਨੇ ਘੇਰ ਲਿਆ, ਜਿਵੇਂ ਸ਼ਿਵ ਨੂੰ (ਮੈਨੰ) ਕਾਮ ਨੇ (ਘੇਰਿਆ ਸੀ)॥੧੮॥

**ਰਸਾਵਲ॥**

**ਰਣੰ ਰੰਗ ਰੱਤੇ॥ ਤ੍ਰਸੇ ਤੇਜ ਤੱਤੇ॥**

**ਉਠੀ ਸੈਣ ਧੂਰੰ॥ ਰਹਯੋ ਗੈਣ ਪੂਰੰ॥੧੯॥**

***ਭਾਵਾਰਥ:-*** ਜੰਗ ਦੇ ਰੰਗ ਵਿੱਚ ਲਾਲ (ਯੋਧੇ) (ਤੱਤੇ) ਕ੍ਰੋਧ ਦੇ (ਤੇਜ) ਪ੍ਰਭਾਵ ਨਾਲ (ਤ੍ਰਸੇ) ਡਾਂਟਦੇ ਹਨ। ਫ਼ੌਜ ਦੀ ਧੂੜ (ਐਸੀ) ਉੱਠੀ ਕਿ ਆਕਾਸ਼ ਵੀ ਪਰਿਪੂਰਨ ਹੋ ਰਹਿਆ ਸੀ॥੧੯॥

**ਰਸਾਵਲ॥**

**ਘਣੇ[1] ਢੋਲ ਬੱਜੇ॥ ਮਹਾਂ ਬੀਰ ਗੱਜੇ॥**
**ਮਨੋ ਸਿੰਘ ਛੁੱਟੇ॥ ਇਮੰ ਬੀਰ ਜੁੱਟੇ॥੨੦॥**

***ਭਾਵਾਰਥ:–*** ਬਹੁਤੇ ਢੋਲ (ਨਗਾਰੇ) ਵੱਜੇ। ਵੱਡੇ ਯੋਧੇ ਬੋਲ ਉੱਠੇ। ਮਾਨੋ ਕਿ ਸ਼ੇਰ (ਛੁੱਟੇ) ਮਾਰ ਲਈ ਦੌੜੇ ਹਨ। ਇਓਂ ਸੂਰਬੀਰ (ਜੰਗ ਨੂੰ) ਜੁੜ ਗਏ॥੨੦॥

**ਰਸਾਵਲ॥**
**ਕਰੈ ਮਾਰਿ ਮਾਰੰ॥ ਬਕੈ ਬਿਕਰਾਰੰ॥**
**ਗਿਰੇ ਅੰਗ ਭੰਗੰ॥ ਦਵੰ ਜਾਨ ਦੰਗੰ॥੨੧॥**

***ਭਾਵਾਰਥ:–*** ਮਾਰ ਮਾਰ ਕਹਿੰਦੇ ਹੋਏ (ਬਿਕਰਾਰੰ) ਬੇਥਵੇ ਬਕਦੇ ਹਨ। (ਅੰਗ ਭੰਗੰ) ਕੱਟੇ ਵੱਢੇ ਡਿੱਗਦੇ ਹਨ, (ਜਾਨ) ਮਾਨੋ ਕਿ (ਦੰਗੰ) ਜੰਗ ਦੀ (ਦਵੰ) ਅੱਗ ਲੱਗੀ ਹੋਈ ਹੈ॥੨੧॥

**ਰਸਾਵਲ॥**
**ਗਏ ਛੂਟ ਅਸਤ੍ਰੰ॥ ਭਜੇ ਹ੍ਵੈ ਨਿਰਸਤ੍ਰੰ॥**
**ਖਿਲੈਂ ਸਾਰ ਬਾਜੀ॥ ਤੁਰੇ ਤੁੰਦ ਤਾਜੀ॥੨੨॥**

***ਭਾਵਾਰਥ:–*** (ਅਸਤ੍ਰ) ਮੁਕਤ ਸ਼ਸਤਰ (ਤੀਰ ਆਦਿਕ) ਛੁੱਟ ਗਏ। ਮੁਕਤ ਸ਼ਸਤਰਾਂ (ਤੀਰ ਆਦਿਕਾਂ ਤੋਂ) ਖਾਲੀ ਹੋ ਕੇ ਭੱਜ ਜਾਂਦੇ ਹਨ। (ਸਾਰ) ਸ਼ਸਤਰਾਂ ਦੀ ਬਾਜ਼ੀ ਖੇਡਦੇ ਹਨ। (ਤਾਜੀ) ਘੋੜੇ (ਤੁੰਦ) ਤ੍ਰਿਖੇ ਤੁਰ ਪਏ॥੨੨॥

**ਰਸਾਵਲ॥**
**ਭੁਜਾ ਠੋਕ ਬੀਰੰ॥ ਕਰੈਂ ਘਾਇ ਤੀਰੰ॥**
**ਨੇਜੇ ਗੱਡ ਗਾਢੇ॥ ਮਚੇ ਬੈਰ ਬਾਢੇ॥੨੩॥**

***ਭਾਵਾਰਥ:–*** ਯੋਧੇ ਬਾਹਾਂ ਠੋਕ ਕੇ ਤੀਰਾਂ ਦੇ ਵਾਰ ਕਰਦੇ ਹਨ। (ਗਾਢੇ) ਮਜ਼ਬੂਤ (ਪੈਰ) ਗੱਡ ਕੇ ਗੱਜਦੇ ਹਨ। ਵੈਰ ਵਧੇ ਹੋਏ (ਦੁਸ਼ਮਣ) (ਮਚੇ) ਲੜਦੇ ਹਨ॥੨੩॥

**ਰਸਾਵਲ॥**
**ਘਣੰ ਘਾਇ ਪੇਲੈਂ॥ ਮਨੋ ਫਾਗ ਖੇਲੈਂ॥**
**ਕਰੈਂ ਬਾਣ ਬਰਖਾ॥ ਭਏ ਜੀਤ ਕਰਖਾ॥੨੪॥**

***ਭਾਵਾਰਥ:–*** ਬਹੁਤੇ ਵਾਰ (ਪੇਲੈਂ) ਚਲਾਉਂਦੇ ਹਨ। ਮਾਨੋ ਕਿ (ਫਾਗ) ਹੋਲੀ ਖੇਡਦੇ ਹਨ। ਤੀਰਾਂ ਦੀ ਵਰਖਾ ਕਰਦੇ ਹਨ। ਜਿੱਤ ਦੇ ਕਰਖਾ (ਨਾਮਕ ਛੰਦ, ਭਾਵ– ਗੀਤ) ਗਾਏ ਗਏ॥੨੪॥

**ਰਸਾਵਲ॥**
**ਗਿਰੇ ਅੰਤ ਘੂਮੰ॥ ਮਨੋ ਬ੍ਰਿੱਛ ਝੂਮੰ॥**
**ਟੁਟੇ ਸਸਤ੍ਰ ਅਸਤ੍ਰੰ॥ ਭਜੇ ਹ੍ਵੈ ਨਿਰਸਤ੍ਰੰ॥੨੫॥**

---

[1] ਪਾਠ– ਪਣੰ

***ਭਾਵਾਰਥ:-*** ਆਖਰ- (ਘੁੰਮ) ਚੱਕਰ ਖਾ ਕੇ ਡਿੱਗ ਪੈਂਦੇ ਹਨ, ਮਾਨੋ ਕਿ (ਝੁਮੰ) ਹਵਾ ਨਾਲ ਝੁਕ ਕੇ ਦਰਖਤ (ਡਿੱਗਦਾ) ਹੈ। ਸ਼ਸਤਰਾਂ ਅਸਤਰਾਂ ਦੇ ਟੁੱਟ (ਨਿਖੁਟ) ਜਾਣ ਤੋਂ ਅਸਤਰਾਂ (ਤੀਰ ਆਦਿਕ ਸ਼ਸਤਰਾਂ) ਤੋਂ ਖਾਲੀ) ਹੋ ਕੇ ਭੱਜ ਜਾਂਦੇ ਹਨ॥੨੫॥

**ਰਸਾਵਲ॥**

**ਜਿਤੇ ਸਤ੍ਰ ਆਏ॥ ਤਿਤੇ ਰਾਮ ਘਾਏ॥**
**ਚਲੇ ਭਾਜ ਸਰਬੰ॥ ਭਯੋ ਦੂਰ ਗਰਬੰ॥੨੬॥**

***ਭਾਵਾਰਥ:-*** (ਮੈਦਾਨੇ ਜੰਗ ਵਿੱਚ) ਜਿੰਨੇ ਵੈਰੀ ਆਏ, ਓਨੇ ਹੀ ਪਰਸ਼ੂਰਾਮ ਨੇ ਮਾਰ ਸੁੱਟੇ। (ਬਾਕੀ) ਸਾਰੇ ਭੱਜ ਤੁਰੇ। ਅਹੰਕਾਰ ਦੂਰ ਹੋ ਗਿਆ॥੨੬॥

**ਭੁਜੰਗ॥**

**ਮਹਾ ਸਸਤ੍ਰ ਧਾਰੇ ਚਲ੍ਯੋ ਆਪ ਭੂਪੰ॥ ਲਿਯੋ ਸਰਬ ਸੈਨਾ ਕਿਯੇ ਆਪ ਰੂਪੰ॥**
**ਅਨੰਤਾਸਤ੍ਰ ਛੋਰੇ ਭਰ੍ਯੋ ਜੁੱਧ ਮਾਨੰ॥ ਪ੍ਰਭਾ ਕਾਲ ਮਾਨੋ ਸੁਭੈ ਰਸਮਿ ਭਾਨੰ॥੨੭॥**

***ਭਾਵਾਰਥ:-*** (ਫੇਰ) ਰਾਜਾ (ਸਹਸ੍ਰਾਰਜੁਨ) ਆਪ ਹੀ ਮਹਾਂ ਸ਼ਸਤਰ ਨੂੰ ਧਾਰ ਕੇ ਚੱਲਿਆ। (ਆਪ ਰੂਪੰ) ਆਪਣੇ ਤੁਲ (ਸ਼ਸਤਰਾ-ਸ਼ਸਤਰਧਾਰੀ) (ਕਿਯੇ) ਬਣਾ ਕੇ ਸਾਰੀ ਫ਼ੌਜ ਨਾਲ ਲਈ। ਲੜਾਈ ਦੇ ਅਭਿਮਾਨ ਵਿੱਚ ਭਰੇ ਹੋਏ ਨੇ ਬੇਅੰਤ ਅਸਤਰ (ਤੀਰ) ਚਲਾਏ। ਮਾਨੋ ਕਿ (ਪ੍ਰਭਾ) ਪ੍ਰਭਾਤ ਦੇ ਵੇਲੇ ਸੂਰਜ ਦੀਆਂ (ਰਸਮਿ) ਕਿਰਨਾਂ ਸ਼ੋਭਦੀਆਂ ਹਨ॥੨੭॥

**ਭੁਜੰਗ॥**

**ਭੁਜਾ ਠੋਕ ਭੂਪੰ ਕਿਯੋ ਜੁੱਧ ਐਸੇ॥ ਮਨੋ ਬੀਰ ਬ੍ਰਿਤ੍ਰਾਸੁਰੈ ਇੰਦ੍ਰ ਜੈਸੇ॥**
**ਸਬੈ ਕਾਟਿ ਰਾਮੰ ਕਿਯੋ ਬਾਹੁ ਹੀਨੰ॥ ਹਤੀ ਸਰਬ ਸੈਨਾ ਭਯੋ ਗਰਬ ਛੀਨੰ॥੨੮॥**

***ਭਾਵਾਰਥ:-*** ਰਾਜੇ (ਸਹਸ੍ਰਾਰਜੁਨ) ਨੇ ਡੌਲੇ ਵਜਾ ਕੇ ਇਓਂ ਜੰਗ ਕੀਤਾ ਮਾਨੋ ਕਿ ਵ੍ਰਿਤ ਦੈਂਤ ਯੋਧੇ ਨਾਲ ਜਿਵੇਂ ਇੰਦਰ (ਲੜਿਆ) ਸੀ। (ਰਾਮੰ) ਪਰਸ਼ੂਰਾਮ ਨੇ ਸਾਰੀਆਂ ਬਾਹਾਂ ਕੱਟ ਕੇ (ਹੀਨੰ) ਖਾਲੀ (ਟੁੰਡਾ) ਕਰ ਦਿੱਤਾ। ਸਾਰੀ ਫ਼ੌਜ ਮਾਰੀ ਗਈ ਅਤੇ ਅਭਿਮਾਨ ਖ਼ਤਮ ਹੋ ਗਿਆ॥੨੮॥

**ਭੁਜੰਗ॥**

**ਗਹ੍ਯੋ ਰਾਮ ਪਾਣੰ ਕੁਠਾਰੰ ਕਰਾਲੰ॥ ਕਟੀ ਸੁੰਡ ਸੀ ਰਾਜ ਬਾਹੰ ਬਿਸਾਲੰ॥**
**ਭਏ ਅੰਗ ਭੰਗੰ ਕਰੰਗੁੱਲਿ ਹੀਣੰ[੧]॥ ਗਯੋ ਗਰਬ ਸਰਬੰ ਭਈ ਸੈਣ ਝੀਣੰ[੨]॥੨੯॥**

***ਭਾਵਾਰਥ:-*** ਪਰਸ਼ੂਰਾਮ ਨੇ ਹੱਥ ਵਿੱਚ ਭਿਆਨਕ ਕੁਹਾੜਾ ਫੜ ਕੇ (ਹਾਥੀ ਦੇ) ਸੁੰਡ ਵਰਗੀਆਂ ਰਾਜੇ (ਸਹਸ੍ਰਵਾਹੁ) ਦੀਆਂ ਵੱਡੀਆਂ ਬਾਹਾਂ ਕੱਟ ਦਿੱਤੀਆਂ। (ਕਰੰਗੁਲਿ- ਕਰ ਅੰਗੁਲਿ) ਹੱਥ ਦੀਆਂ ਉਂਗਲੀਆਂ ਤੋਂ ਹੀਣ (ਅੰਗ ਭੰਗੰ) ਟੁੰਡਾ ਹੋ ਗਿਆ। ਸਾਰਾ ਅਭਿਮਾਨ ਚਲਿਆ ਗਿਆ, ਫ਼ੌਜ (ਝੀਣੰ) ਕਮਜ਼ੋਰ (ਨਿਮੋਝੂਣੀ, ਨਸ਼ਟ) ਹੋ ਗਈ॥੨੯॥

**ਭੁਜੰਗ॥**

---

[੧] ਪਾਠ- ਭਏ ਅੰਗ ਭੰਗੰ ਕਰੰ ਕਾਲ ਹੀਣੰ॥

[੨] ਪਾਠ- ਛੀਣੰ

**ਰਹਯੋ ਅੰਤ ਖੇਤੰ ਅਚੇਤੰ ਨਰੇਸੰ॥ ਬਚੇ ਬੀਰ ਜੇਤੇ ਗਏ ਭਾਜ ਦੇਸੰ॥**
**ਲਈ ਛੀਨ ਛੋਨੀ ਕਰੇ ਛਤ੍ਰਿ ਘਾਤੰ॥ ਚਿਰੰਕਾਲ ਪੂਜਾ ਕਰੀ ਲੋਗ ਮਾਤੰ॥੩੦॥**

***ਭਾਵਾਰਥ:–*** (ਨਰੇਸੰ) ਰਾਜਾ (ਸਹਸ੍ਰਵਾਹੁ) ਆਖਰ ਮੈਦਾਨ (ਜੰਗ) ਵਿੱਚ (ਅਚੇਤੰ) ਮੁਰਦਾ ਹੋ ਕੇ ਰਹਿ ਗਿਆ। ਜਿੰਨੇ ਯੋਧੇ ਬਚੇ ਸਨ–ਉਹ ਦੇਸ਼ 'ਚੋਂ ਭੱਜ ਗਏ। (ਪਰਸ਼ੂਰਾਮ ਨੇ) ਖੱਤਰੀਆਂ ਦਾ ਨਾਸ ਕਰ ਕੇ (ਛੋਨੀ) ਜ਼ਮੀਨ ਖੋਹ ਲਈ (ਅਤੇ ਪਰਸ਼ੂਰਾਮ ਨੇ ਵੀ) ਬਹੁਤ ਚਿਰ ਤੱਕ (ਲੋਕਮਾਤੰ) ਜਗਤ ਮਾਤਾ (ਚੰਡਿਕਾ) ਦੀ ਪੂਜਾ ਕੀਤੀ॥੩੦॥

**ਇਤਿ ਸ੍ਰੀ ਬਚਿਤ੍ਰ ਨਾਟਕੇ ਨ੍ਰਿਪ ਸਹਸ੍ਰ ਬਾਹੁ ਬਧਹ ਪਰਸਰਾਮ ਬਿਜਯ ਬਰਨਨੰ ਸਮਾਪਤ ਮਸਤੁ ਸੁਭ ਮਸਤ[1]॥**

**ਸ੍ਰੀ ਭਗਉਤੀ ਜੀ ਸਹਾਇ[2]॥ ਭੁਜੰਗ ਪ੍ਰਯਾਤ ਛੰਦ॥**
**ਲਈ ਛੀਨਿ ਛੋਨੀ ਕਰੇ ਬਿਪ ਭੂਪੰ॥ ਹਰੀ ਫੇਰ ਛਤ੍ਰਿਨਿ[3] ਦਿਜੰ ਜੀਤਿ ਜੂਪੰ॥**
**ਦਿਜੰ[4] ਆਰਤੰ ਤੀਰ ਰਾਮੰ ਪੁਕਾਰੰ॥ ਚਲਯੋ ਰੋਸ ਸੀ ਰਾਮ ਲੀਨੇ ਕੁਠਾਰੰ॥੩੧॥**

***ਭਾਵਾਰਥ:–*** (ਪਰਸ਼ੂਰਾਮ ਨੇ) ਜ਼ਮੀਨ ਖੋਹ ਲਈ, ਬ੍ਰਾਹਮਣ ਰਾਜੇ ਕਰ ਦਿੱਤੇ। ਫੇਰ ਖੱਤਰੀਆਂ ਨੇ ਬ੍ਰਾਹਮਣਾਂ ਨੂੰ (ਜੂਪੰ) ਜੂਏ ਵਿੱਚ ਜਿੱਤ ਕੇ (ਜ਼ਮੀਨ) ਲੈ ਲਈ। (ਇਓਂ) (ਆਰਤੰ) ਦੁਖੀ ਹੋ ਕੇ ਬ੍ਰਾਹਮਣ ਪਰਸ਼ੂਰਾਮ ਪਾਸ ਪੁਕਾਰੇ। (ਫੇਰ) ਪਰਸ਼ੂਰਾਮ ਕੁਹਾੜਾ ਲੈ ਕੇ ਗੁੱਸੇ (ਸੀ) ਨਾਲ ਚੱਲਿਆ॥੩੧॥

**ਭੁਜੰਗ॥**
**ਸੁਨਯੋ ਸਰਬ ਭੂਪੰ ਹਠੀ ਰਾਮ ਆਏ॥ ਸਭੰ ਜੁੱਧੁ ਕੋ ਸਸਤ੍ਰ ਅਸਤ੍ਰੰ ਬਨਾਏ॥**
**ਚੜੈ ਚੌਪ ਕੈ ਕੈ ਕਿਏ ਜੁੱਧ ਐਸੇ॥ ਮਨੋ ਰਾਮ ਸੋ ਰਾਵਣੰ ਲੰਕ ਜੈਸੇ॥੩੨॥**

***ਭਾਵਾਰਥ:–*** (ਹਠੀ) ਬਲੀ ਪਰਸ਼ੂਰਾਮ ਦੇ ਆਉਣ ਨੂੰ ਸਾਰਿਆਂ ਰਾਜਿਆਂ ਸੁਣਿਆਂ–ਤਾਂ ਸਾਰਿਆਂ ਹੀ ਜੰਗ ਲਈ ਸ਼ਸਤਰ ਅਸਤਰ ਤਿਆਰ ਕਰ ਲਏ। (ਚਉਪ) ਉਮੰਗਾਂ ਨਾਲ ਚੜ੍ਹੇ ਅਤੇ ਐਹੋ ਜਿਹਾ ਜੰਗ ਕੀਤਾ–ਮਾਨੋ ਕਿ ਲੰਕਾ ਵਿੱਚ ਰਾਵਨ ਨਾਲ ਜਿਵੇਂ ਸ੍ਰੀ ਰਾਮ ਚੰਦਰ ਜੀ (ਲੜੇ) ਸਨ॥੩੨॥

**ਭੁਜੰਗ॥**
**ਲਗੇ ਸਸਤ੍ਰ ਅਸਤ੍ਰੰ ਲਖੇ ਰਾਮ ਅੰਗੰ॥ ਗਹੇ ਬਾਣ ਪਾਣੰ ਕਿਯੇ ਸਤ੍ਰ ਭੰਗੰ॥**
**ਭੁਜਾ ਹੀਣ ਏਕੰ ਸਿਰੰ ਹੀਣ ਕੇਤੇ॥ ਸਭੈ ਮਾਰ ਡਾਰੇ ਗਏ ਬੀਰ ਜੇਤੇ॥੩੩॥**

***ਭਾਵਾਰਥ:–*** ਪਰਸ਼ੂਰਾਮ ਨੇ (ਖੱਤਰੀ ਰਾਜਿਆਂ ਦੇ) ਅੰਗਾਂ ਨਾਲ ਸ਼ਸਤਰ ਅਸਤਰ ਲੱਗੇ ਹੋਏ ਵੇਖੇ ਤਾਂ ਹੱਥ ਵਿੱਚ ਤੀਰ ਫੜ ਕੇ ਵੈਰੀ ਨਾਸ ਕਰ ਦਿੱਤੇ। ਕਈ ਬਾਹਾਂ ਤੋਂ ਹੀਣੇ, ਕਈ ਸਿਰਾਂ ਤੋਂ ਬਿਨਾਂ ਕਰ ਕੇ ਜਿੰਨੇ ਯੋਧੇ (ਲੜਨ) ਗਏ ਸਨ, ਸਾਰੇ ਮਾਰ ਸੁੱਟੇ॥੩੩॥

---

[1] ਇਹ 'ਇਤਿ ਸ੍ਰੀ' ਪੋਥੀ ਅਤੇ ਬੀੜ ਦਾ ਪਾਠ ਮਿਲਾ ਕੇ ਲਿਖੀ ਗਈ ਹੈ।
[2] ਇਹ ਪੋਥੀ ਵਿੱਚ ਮੰਗਲ ਨਹੀਂ ਹੈ।
[3] ਪਾਠ– ਛਤ੍ਰੀਯੋ
[4] ਪਾਠ– ਦਿਜਹੁ

**ਭੁਜੰਗ॥**

**ਕਰੀ ਛਤ੍ਰਿ ਹੀਣੰ ਛਿਤੰ ਕੀਸ ਬਾਰੰ॥ ਹਣੇ ਐਸ ਹੀ ਭੂਪ ਸਰਬੰ ਸੁਧਾਰੰ॥**

**ਕਥਾ ਸਰਬ ਜੌ ਛੋਰ ਤੇ ਲੈ ਸੁਨਾਊਂ॥ ਹ੍ਰਿਦੈ ਗ੍ਰੰਥ ਕੇ ਬਾਢਬੇ ਤੇ ਡਰਾਊਂ॥੩੪॥**

***ਭਾਵਾਰਥ:-*** (ਪਰਸ਼ੂਰਾਮ ਨੇ) (ਛੱਤ੍ਰਿ) ਰਾਜਿਆਂ (ਰਾਜ ਖੇਤਰਾਂ, ਸਿੰਘਾਸਣਾਂ) ਤੋਂ ਇੱਕੀਹ ਵਾਰ ਜ਼ਮੀਨ ਖਾਲੀ ਕੀਤੀ। ਸਾਰੇ ਰਾਜੇ ਇਓਂ ਹੀ (ਸੁਧਾਰੰ) ਚੰਗੀ ਤਰ੍ਹਾਂ ਮਾਰ ਦਿੱਤੇ। (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) ਜੇ ਸਾਰੀ ਕਥਾ (ਛੋਰ) ਆਦਿ ਤੋਂ ਲੈ ਕੇ ਮੈਂ ਸੁਣਾਵਾਂ ਤਾਂ ਦਿਲ ਵਿੱਚ ਗ੍ਰੰਥ ਦੇ ਵਧਣ ਤੋਂ ਡਰਦਾ ਹਾਂ[੧]॥੩੪॥

**ਚੌਪਈ॥**

**ਕਰਿ ਜਗ ਮੋ ਇਹ ਭਾਂਤਿ ਅਖਾਰਾ॥ ਨਵਮ ਵਤਾਰ ਬਿਸਨੁ ਇਮ ਧਾਰਾ॥**

**ਅਬ ਬਰਨੌਂ ਦਸਮੋ ਅਵਤਾਰਾ॥ ਸੰਤ ਜਨਾਂ ਕਾ ਪ੍ਰਾਨ ਅਧਾਰਾ॥੩੫॥**

***ਭਾਵਾਰਥ:-*** ਦੁਨੀਆਂ ਵਿੱਚ ਇਸ ਤਰ੍ਹਾਂ ਦਾ (ਅਖਾਰਾ) ਜੰਗ (ਕੌਤਕ) ਕਰ ਕੇ ਸ੍ਰੀ ਵਿਸ਼ਨੂੰ ਜੀ ਨੇ ਇਓਂ ਨੌਵਾਂ ਅਵਤਾਰ ਧਾਰਿਆ ਸੀ। (ਸ੍ਰੀ ਗੁਰੂ ਜੀ ਕਹਿੰਦੇ ਹਨ ਕਿ) ਹੁਣ ਉਸਦਾ ਦਸਵਾਂ ਅਵਤਾਰ ਕਹਿੰਦਾ ਹਾਂ-ਜੋ ਮਹਾਂਪੁਰਸ਼ਾਂ ਦੇ ਪ੍ਰਾਣਾਂ ਦਾ ਆਸਰਾ (ਭਗਵਾਨ) ਹੈ॥੩੫॥

**ਇਤਿ ਸ੍ਰੀ ਬਚਿਤ੍ਰ ਨਾਟਕੇ ਪਰਸੁਰਾਮ ਨਵਮੋ ਅਵਤਾਰ ਬਰਨਨੰ ਸਮਾਪਤ ਮਸਤੁ ਸੁਭ ਮਸਤੁ॥੯॥**[੨]

**ਸ੍ਰੀ ਭਗਉਤੀ ਜੀ ਸਹਾਇ॥ ਅਥ ਬ੍ਰਹਮਾ ਅਵਤਾਰ ਕਥਨੰ॥ ਚੌਪਈ॥**

**ਅਬ ਉਚਰੋਂ ਮੈ ਕਥਾ ਚਿਰਾਨੀ॥ ਜਿਮ ਉਪਜਯੋ ਬ੍ਰਹਮਾ ਸੁਰ ਗਯਾਨੀ॥**

**ਚਤੁਰਾਨਨ ਅਘ ਓਘਨ ਹਰਤਾ॥ ਉਪਜਯੋ ਸਕਲ ਸ੍ਰਿਸ੍ਰਿ ਕੋ ਕਰਤਾ॥੧॥**

***ਭਾਵਾਰਥ:-*** (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) ਹੁਣ ਮੈਂ (ਚਿਰਾਨੀ- ਚਿਰ ਦੀ) ਪੁਰਾਣੀ ਕਥਾ ਕਹਿੰਦਾ ਹਾਂ ਕਿ ਜਿਵੇਂ (ਸੁਰ) ਦਿਵਯ-ਗਿਆਨੀ ਬ੍ਰਹਮਾ ਪੈਦਾ ਹੋਇਆ ਸੀ। ਚਾਰ ਮੂੰਹਾਂ ਵਾਲਾ, (ਓਘਨ) ਸਾਰਿਆਂ (ਅਘ) ਪਾਪਾਂ ਨੂੰ ਨਾਸ ਕਰਨ ਵਾਲਾ ਅਤੇ ਸਾਰੀ (ਸ੍ਰਿਸ਼ਟੀ) ਦੁਨੀਆਂ ਨੂੰ ਪੈਦਾ ਕਰਨ ਵਾਲਾ (ਜਿਵੇਂ) ਪੈਦਾ ਹੋਇਆ ਸੀ॥੧॥

**ਚੌਪਈ॥**

**ਜਬ ਜਬ ਬੇਦ ਨਾਸ ਹੁਇ ਜਾਹੀ॥ ਤਬ ਤਬ ਪੁਨਿ ਬ੍ਰਹਮਾ ਪ੍ਰਗਟਾਹੀ॥**

---

[੧] ਸ੍ਰੀ ਗੁਰੂ ਜੀ ਦਾ ਆਸ਼ਾ ਹੈ ਕਿ ਜੇ ਮੈਂ ਇੱਕ ਹੀ ਕਥਾ ਨੂੰ ਖਲੋ ਕੇ ਵਿਸਤਾਰ ਨਾਲ ਦੱਸਣ ਲੱਗ ਪਵਾਂ ਤਾਂ ਹੋਰ ਜਿਹੜੇ ਗ੍ਰੰਥਾਂ ਦੀਆਂ ਵਿਚਾਰਾਂ ਮੈਂ ਦੱਸਣੀਆਂ ਹਨ ਉਹ ਨਹੀਂ ਦੱਸ ਸਕਾਂਗਾ, ਕਿਉਂਕਿ ਜ਼ਿੰਦਗੀ ਦਾ ਵਕਤ ਤਾਂ ਮਹਦੂਦ ਹੀ ਹੁੰਦਾ ਹੈ ਅਤੇ ਇਨਸਾਨ ਨੂੰ ਉਹ ਕੰਮ ਕਰਨਾ ਚਾਹੀਦਾ ਹੈ, ਜੋ ਉਹ ਆਪਣੀ ਜ਼ਿੰਦਗੀ ਵਿੱਚ ਹੀ ਪੂਰਾ ਕਰ ਸਕੇ, ਜੇ ਮੁੱਢਲਾ ਕੰਮ ਅਧੂਰਾ ਰਹਿ ਜਾਵੇ ਤਾਂ ਓਸ ਦੇ ਅਨੁਸਾਰੀ ਲੋਕ ਅਧੂਰੀ ਥਿਊਰੀ ਤੋਂ ਵਿਰੋਧੀ ਤਰਕਾਂ ਦਾ ਮੁਕਾਬਲਾ ਨਹੀਂ ਕਰ ਸਕਿਆ ਕਰਦੇ ਅਤੇ ਆਖ਼ਿਰ ਖ਼ਤਮ ਹੋ ਜਾਇਆ ਕਰਦੇ ਹਨ। ਹਜ਼ਾਰਾਂ ਲੋਕ ਐਹੋ ਜਿਹੇ ਹੋਏ ਹਨ, ਜਿਨ੍ਹਾਂ ਨੇ ਅਧੂਰੀਆਂ ਵਿਚਾਰਾਂ ਵਾਲੇ ਗ੍ਰੰਥ ਲਿਖੇ ਹੋਏ ਹਨ, ਓਨ੍ਹਾਂ ਦੀਆਂ ਅਧੂਰੀਆਂ ਵਿਚਾਰਾਂ ਦੇ ਕਾਰਨ ਹੀ ਓਨ੍ਹਾਂ ਦੇ ਹੀ ਕਈ ਫ਼ਿਰਕੇ ਬਣੇ ਹੋਏ ਹਨ।

[੨] 'ਇਤਿ ਸ੍ਰੀ' ਦਾ ਸਾਰਾ ਪਾਠ ਪੋਥੀ 'ਚੋਂ ਸ਼ੁੱਧ ਸਮਝ ਕੇ ਲਿਖ ਦਿੱਤਾ ਹੈ, ਪ੍ਰੈਸ ਵਿੱਚ ਆਈ ਬੀੜ ਦਾ ਪਾਠ ਅਸ਼ੁੱਧ ਜਾਣ ਕੇ ਨਹੀਂ ਲਿਖਿਆ। ਪ੍ਰੈਸ ਦਾ ਪਾਠਾਂਤਰ ਲਿਖਣ ਤੋਂ ਕੋਈ ਲਾਭ ਨਹੀਂ ਪ੍ਰਤੀਤ ਹੋਇਆ।

**ਤਾ ਤੇ ਬਿਸਨੁ ਬ੍ਰਹਮ ਬਪੁ ਧਰਾ॥ ਚਤੁਰਾਨਨ ਕਰਿ ਜਗਤ ਉਚਰਾ॥੨॥**

***ਭਾਵਾਰਥ:–*** ਜਦੋਂ ਜਦੋਂ ਵੇਦ ਨਸ਼ਟ ਹੋ ਜਾਂਦੇ ਹਨ, ਉਦੋਂ ਉਦੋਂ ਫੇਰ ਬ੍ਰਹਮਾ ਪ੍ਰਗਟ ਹੁੰਦੇ ਹਨ। ਏਸ (ਵਿਚਾਰ) ਤੋਂ (ਹੀ ਮੰਨਿਆ ਜਾਂਦਾ ਹੈ ਕਿ) ਵਿਸ਼ਨੂੰ ਨੇ ਹੀ ਬ੍ਰਹਮਾ ਦਾ ਸਰੀਰ ਧਾਰਿਆ ਹੈ[੧]। ਸੰਸਾਰ ਨੇ (ਬ੍ਰਹਮਾ ਨੂੰ) ਚਹੁੰ ਮੂੰਹਾਂ ਵਾਲਾ[੨] ਕਹਿ ਕੇ ਦੱਸਿਆ ਹੈ॥੨॥

**ਚੌਪਈ॥**

**ਜਬ ਹੀ ਬਿਸਨੁ ਬ੍ਰਹਮ ਬਪੁ ਧਰਾ॥ ਤਬ ਸਬ ਬੇਦ ਪ੍ਰਚੁਰ ਜਗ ਕਰਾ॥**
**ਸਾਸਤ੍ਰ ਸਿੰਮ੍ਰਿਤਿ ਸਕਲ ਬਨਾਏ॥ ਜੀਵ ਜਗਤ ਕੇ ਪੰਥ ਲਗਾਏ॥੩॥**

***ਭਾਵਾਰਥ:–*** ਜਦੋਂ ਹੀ ਵਿਸ਼ਨੂੰ ਨੇ ਬ੍ਰਹਮਾ ਦਾ ਰੂਪ ਧਾਰਿਆ ਸੀ, ਉਦੋਂ ਹੀ ਸਾਰਿਆਂ ਵੇਦਾਂ ਨੂੰ ਸੰਸਾਰ ਵਿੱਚ (ਪ੍ਰਚੁਰ) ਫੈਲਾਉਣ ਕੀਤਾ ਸੀ। ਸਾਰੇ ਸ਼ਾਸ਼ਤਰ ਅਤੇ ਸਿਮ੍ਰਿਤੀਆਂ ਬਣਾਏ ਸਨ ਅਤੇ ਸੰਸਾਰ ਦੇ ਜੀਵਾਂ (ਇਨ੍ਹਾਂ ਦੇ) ਰਾਹ ਲਾਏ ਗਏ ਸਨ॥੩॥

**ਚੌਪਈ॥**

**ਜੇ ਜੇ ਹੁਤੇ ਅਘਨ ਕੇ ਕਰਤਾ॥ ਤੇ ਤੇ ਭਏ ਪਾਪ ਤੇ ਹਰਤਾ॥**
**ਪਾਪ ਕਰਮੁ ਕਹਿ ਪ੍ਰਗਟਿ ਦਿਖਾਏ॥ ਧਰਮ ਕਰਮ ਸਬ ਜੀਵ ਚਲਾਏ॥੪॥**

***ਭਾਵਾਰਥ:–*** ਜਿਹੜੇ ਜਿਹੜੇ ਪਾਪਾਂ ਨੂੰ ਕਰਨ ਵਾਲੇ ਸਨ–ਉਹ ਉਹ ਪਾਪਾਂ ਤੋਂ (ਹਰਤਾ) ਰਹਿਤ ਹੋ ਗਏ। ਪਾਪਾਂ ਦੇ ਕਰਮ ਜ਼ਾਹਰ ਕਰ ਕੇ ਵਿਖਾ ਦਿੱਤੇ। (ਇਓਂ) ਸਾਰੇ ਜੀਵ ਧਰਮ ਦੇ ਕਰਮ (ਅਨੁਸਾਰ) ਤੋਰੇ ਗਏ॥੪॥

**ਚੌਪਈ॥**

**ਇਹ ਬਿਧਿ ਭਯੋ ਬ੍ਰਹਮ ਅਵਤਾਰਾ॥ ਸਬ ਪਾਪਨ ਕੋ ਮੇਟਨਹਾਰਾ॥**
**ਪ੍ਰਜਾ ਲੋਕੁ ਸਬ ਪੰਥ ਚਲਾਏ॥ ਪਾਪ ਕਰਮ ਤੇ ਸਬੈ ਹਟਾਏ॥੫॥**

***ਭਾਵਾਰਥ:–*** (ਸ੍ਰੀ ਗੁਰੂ ਜੀ ਕਹਿੰਦੇ ਹਨ ਕਿ) ਇਸ ਤਰ੍ਹਾਂ ਬ੍ਰਹਮਾ ਦਾ ਅਵਤਾਰ ਹੋਇਆ ਹੈ–ਜੋ ਸਾਰਿਆਂ ਪਾਪਾਂ ਨੂੰ ਨਾਸ ਕਰਨ ਵਾਲਾ ਸੀ। ਸਾਰੇ (ਪ੍ਰਜਾ) ਸ੍ਰਿਸ਼ਟੀ ਦੇ ਲੋਕ (ਸ਼ੁਭ) ਮਾਰਗ ਵਿੱਚ ਤੋਰੇ ਅਤੇ ਸਾਰੇ ਹੀ ਪਾਪ ਕਰਮਾਂ ਤੋਂ ਵਰਜ ਦਿੱਤੇ ਗਏ॥੫॥

**ਦੋਹਰਾ॥**

**ਇਹ ਬਿਧਿ ਪ੍ਰਜਾ ਪਵਿਤ੍ਰ ਕਰ ਧਰਯੋ ਬ੍ਰਹਮ ਅਵਤਾਰ॥**
**ਧਰਮ ਕਰਮ ਲਾਗੇ ਸਬੈ ਪਾਪ ਕਰਮ ਕਹ ਡਾਰ॥੬॥**

---

[੧] ਇਹ ਥਿਊਰੀ ਕੋਈ ਪਾਇਦਾਰ ਨਹੀਂ ਹੈ ਕਿ 'ਏਸੇ ਤੋਂ ਹੀ ਬ੍ਰਹਮਾ ਜੀ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਜਾਂਦਾ ਹੈ।' ਜਿਸ ਨੂੰ ਜਿਸਦਾ ਅਵਤਾਰ ਕਿਹਾ ਜਾਂਦਾ ਹੈ ਉਸ ਵਿੱਚ ਉਸਦੇ ਕੁਝ ਸਮਗੁਣ ਹੁੰਦੇ ਹਨ। ਵਿਸ਼ਨੂੰ ਅਤੇ ਬ੍ਰਹਮਾ ਦੇ ਸਮਗੁਣਾਂ ਦਾ ਏਥੇ ਕੋਈ ਵਰਣਨ ਨਹੀਂ।

[੨] ਸ੍ਰੀਮਦ ਭਾਗਵਤ ਗੀਤਾ ਵਿੱਚ ਵੇਦ ਤਿੰਨ ਹੀ ਲਿਖੇ ਹਨ ਪਰੰਤੂ ਹੁਣ ਵੇਦ ਚਾਰ ਹਨ। ਸ਼ਾਇਦ 'ਚਹੁੰ ਵੇਦਾਂ ਦਾ ਉਚਾਰਨ ਕਰਤਾ' ਮੰਨ ਕੇ 'ਚਹੁੰ ਮੂੰਹਾਂ ਵਾਲਾ (ਚਤੁਰਾਨਨ)' ਨਾਮ ਰੱਖਿਆ ਗਿਆ ਹੋਵੇ ਪਰ 'ਚਤੁਰਾਨਨ' ਨਾਮ ਤਾਂ ਪੁਰਾਤਨ ਸੰਸਕ੍ਰਿਤ ਦਿਆ ਗ੍ਰੰਥਾਂ ਵਿੱਚ ਵੀ ਮੌਜੂਦ ਹੈ ਅਤੇ ਵੇਦ ਤਿੰਨ ਲਿਖੇ ਹੋਏ ਹਨ। ਏਸ ਹਿਸਾਬ ਅਨੁਸਾਰ ਉਪਰੋਕਤ ਭਾਵ ਠੀਕ ਨਹੀਂ ਬਣਦਾ। ਸ਼ਾਇਦ ਇਹਦਾ ਭਾਵ 'ਸਭਿ ਪਾਸੇ ਨਿਗ੍ਹਾ ਕਰਨ ਵਾਲਾ' ਹੋਵੇ ਕਿਉਂਕਿ ਵੇਦ (ਗ੍ਰੰਥ) ਸਾਰੀਆਂ ਵਿਚਾਰਾਂ ਨੂੰ ਅਨੁਭਵ ਕੀਤਿਆਂ ਬਿਨਾਂ ਲਿਖੇ ਨਹੀਂ ਜਾ ਸਕਦੇ।

***ਭਾਵਾਰਥ:–*** ਏਸ ਤਰ੍ਹਾਂ (ਪ੍ਰਜਾ) ਸ੍ਰਿਸ਼ਟੀ ਨੂੰ ਪਵਿੱਤਰ ਕਰਨ ਵਾਲਾ ਬ੍ਰਹਮਾ ਨੇ ਅਵਤਾਰ ਧਾਰਿਆ। ਸਾਰੇ ਪਾਪ ਕਰਮਾਂ ਨੂੰ ਤਿਆਗ ਕੇ ਧਰਮ ਕਰਮ ਵਿੱਚ ਲੱਗ ਗਏ॥੬॥

**ਚੌਪਈ॥**

**ਦਸਮ ਅਵਤਾਰ ਬਿਸਨੁ ਕੋ ਬ੍ਰਹਮਾ॥ ਧਰਜੋ ਜਗਤ ਭੀਤਰਿ ਸੁਭ ਕਰਮਾ॥**
**ਬ੍ਰਹਮ ਬਿਸਨੁ ਮਹਿ ਭੇਦੁ ਨ ਲਹੀਐ॥ ਸਾਸਤ੍ਰ ਸਿਮ੍ਰਿਤਿ ਭੀਤਰਿ ਕਹੀਐ॥੭॥**

***ਭਾਵਾਰਥ:–*** ਵਿਸ਼ਨੂੰ ਜੀ ਦਾ ਸ਼ੁਭ ਕਰਮਾਂ ਨੂੰ ਚਲਾਉਣ ਵਾਲਾ ਦਸਵਾਂ ਅਵਤਾਰ ਬ੍ਰਹਮਾ ਸੰਸਾਰ ਵਿੱਚ ਧਾਰਿਆ ਹੋਇਆ ਹੈ। ਸ਼ਾਸ਼ਤਰਾਂ ਅਤੇ ਸਿਮ੍ਰਿਤੀਆਂ ਵਿੱਚ ਕਿਹਾ ਜਾਂਦਾ ਹੈ ਕਿ ਬ੍ਰਹਮਾ ਅਤੇ ਵਿਸ਼ਨੂੰ ਵਿੱਚ (ਭੇਦ) ਫ਼ਰਕ ਨਾ ਸਮਝੋ॥੭॥

**ਇਤਿ ਸ੍ਰੀ ਬਚਿਤ੍ਰ ਨਾਟਕੇ ਦਸਮੋ ਅਵਤਾਰ ਬ੍ਰਹਮਾ ਬਰਨਨੰ ਸਮਾਪਤ ਮਸਤੁ ਸੁਭ ਮਸਤੁ॥੧੦॥**

**ਅਥ ਰੁਦ੍ਰ ਅਵਤਾਰ ਬਰਨਨੰ॥ ਸ੍ਰੀ ਭਗਉਤੀ ਜੀ ਸਹਾਇ॥ ਤੋਟਕ ਛੰਦ॥**
**ਸਬ ਹੀ ਜਨ ਧਰਮ ਕੇ ਕਰਮ ਲਗੇ॥ ਤਜਿ ਜੋਗ ਕੀ ਰੀਤਿ ਕੀ ਪ੍ਰੀਤਿ ਭਗੇ॥**
**ਜਬ ਧਰਮ ਚਲੇ ਤਬ ਜੀਉ ਬਢੇ॥ ਜਨੁ ਕੋਟ ਸਰੂਪ ਕੇ ਬ੍ਰਹਮੁ ਗਢੇ॥੧॥**

***ਭਾਵਾਰਥ:–*** ਸਾਰੇ ਹੀ ਬੰਦੇ ਧਰਮ ਦੇ ਕਰਮ ਵਿੱਚ ਲੱਗ ਗਏ। (ਜੋਗ) ਸੰਯੋਗ (ਭੋਗ) ਦੀ ਰੀਤ ਦੀ ਪ੍ਰੀਤ ਨੂੰ ਛੱਡ ਕੇ ਭੱਜ ਤੁਰੇ। ਜਦੋਂ ਧਰਮ ਚੱਲ ਪਿਆ ਉਦੋਂ (ਜੀਉ) ਬੰਦੇ ਵੀ ਵਧ ਗਏ। ਮਾਨੋ ਕਿ ਕਰੋੜਾਂ ਸਰੂਪ ਕਰ ਕੇ ਬ੍ਰਹਮਾ ਹੀ ਘੜੇ ਹੋਏ ਹਨ॥੧॥

**ਤੋਟਕ॥**

**ਜਗਜੀਵਨ ਭਾਰ ਭਰੀ ਧਰਣੀ॥ ਦੁਖਿ ਆਕੁਲਿ ਜਾਤਿ ਨਹੀ ਬਰਣੀ॥**
**ਧਰਿ ਰੂਪ ਗਊ ਦਧਿ ਸਿੰਧੁ ਗਈ॥ ਜਗਨਾਇਕ ਪੈ ਦੁੱਖ ਰੋਤ ਭਈ॥੨॥**

***ਭਾਵਾਰਥ:–*** ਸੰਸਾਰ ਦੇ ਜੀਵਾਂ ਦੇ ਬੋਝ ਨਾਲ ਜ਼ਮੀਨ ਭਰੀ ਗਈ, ਦੁੱਖ ਨਾਲ ਵਿਆਕੁਲ ਹੋ ਗਈ, ਜੋ ਕਹੀ ਨਹੀਂ ਜਾਂਦੀ ਸੀ। ਗਾਂ ਦਾ ਰੂਪ ਧਾਰ ਜੇ (ਦਧਿ) ਛੀਰ ਸਾਗਰ ਨੂੰ ਗਈ ਅਤੇ ਜਗਤ ਦੇ ਮਾਲਕ (ਕਾਲ) ਦੇ ਪਾਸ (ਆਪਣਾ) ਦੁੱਖ ਰੋਈ॥੨॥

**ਤੋਟਕ॥**

**ਹਸਿ ਕਾਲ ਪ੍ਰਸੰਨਿ ਭਏ ਤਬ ਹੀ॥ ਦੁੱਖ ਸ੍ਰਉਨਨ ਭੂਮਿ ਸੁਨਜੋ ਜਬ ਹੀ॥**
**ਢਿਗ ਬਿਸਨੁ ਬੁਲਾਇ ਲਯੋ ਅਪਨੇ॥ ਇਹ ਭਾਂਤਿ ਕਹਜੋ ਤਿਹ ਕੋ ਸੁ ਪੁਨੇ॥੩॥**

***ਭਾਵਾਰਥ:–*** ਜਦੋਂ ਹੀ ਜ਼ਮੀਨ ਦਾ ਦੁੱਖ ਕੰਨੀਂ ਸੁਣਿਆ–ਉਦੋਂ ਹੀ ਕਾਲ (ਭਗਵਾਨ ਜੀ) ਖੁਸ਼ ਹੋ ਕੇ ਹੱਸ ਪਏ। ਵਿਸ਼ਨੂੰ ਨੂੰ ਆਪਣੇ ਪਾਸ ਬੁਲਾ ਲਿਆ ਅਤੇ ਫੇਰ ਉਸ ਨੂੰ ਇਸ ਤਰ੍ਹਾਂ ਆਖਿਆ॥੩॥

**ਤੋਟਕ॥**

**ਸੁ ਕਹਜੋ ਤੁਮ ਰੁਦ੍ਰ ਸਰੂਪ ਧਰੋ॥ ਜਗਜੀਵਨ ਕੋ ਚਲਿ ਨਾਸ ਕਰੋ॥**
**ਤਬ ਹੀ ਤਿਹ ਰੁਦ੍ਰ ਸਰੂਪ ਧਰਜੋ॥ ਜਗ ਜੰਤੁ ਸੰਘਾਰ ਕੈ ਜੋਗ ਕਰਜੋ॥੪॥**

***ਭਾਵਾਰਥ:-*** ਠੀਕ-ਕਹਿਆ ਕਿ ਤੁਸੀਂ (ਰੁਦ੍ਰ) ਸ਼ਿਵ ਦਾ ਰੂਪ ਧਾਰੋ। ਜਾ ਕੇ ਸੰਸਾਰ ਦੇ ਜੀਵਾਂ ਦਾ ਨਾਸ ਕਰੋ। ਉਦੋਂ ਹੀ ਉਸ (ਵਿਸ਼ਨੂੰ) ਨੇ ਸ਼ਿਵ ਰੂਪ ਧਾਰ ਲਿਆ। ਸੰਸਾਰੀ ਜੀਵਾਂ ਦੇ (ਸੰਘਾਰ ਕੈ = ਸੰਘਾਰਕ) ਮਾਰਨ ਵਾਲਾ (ਜੋਗ) ਜ਼ਰੀਆ (ਸਬੱਬ) ਰਚ ਦਿੱਤਾ॥੪॥

**ਤੋਟਕ॥**

**ਕਹਿਹੋਂ ਸਿਵ ਜੈਸਕ ਜੁੱਧ ਕੀਏ॥ ਸੁਖ ਸੰਤਨ ਕੋ ਜਿਹ ਭਾਂਤਿ ਦੀਏ॥**
**ਗਨਿਹੋਂ ਜਿਹ ਭਾਂਤਿ ਬਰੀ ਗਿਰਿਜਾ॥ ਜਗ ਜੀਤ ਸੁਯੰਬਰ ਮੋ ਸੁ ਪ੍ਰਭਾ॥੫॥**

***ਭਾਵਾਰਥ:-*** (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) ਸ਼ਿਵ ਨੇ ਜਿੰਨੇ ਕੁ ਜੰਗ ਕੀਤੇ ਹਨ-ਸੋ ਕਹਾਂਗਾ। ਜਿਸ ਤਰ੍ਹਾਂ ਸੰਤਾਂ ਨੂੰ ਸੁੱਖ ਦਿੱਤੇ ਹਨ, ਜਿਸ ਤਰ੍ਹਾਂ (ਸੁ) ਉੱਤਮ ਪ੍ਰਭਾ ਵਾਲੀ (ਗਿਰਿਜਾ) ਪਾਰਬਤੀ ਸ੍ਵਯੰਬਰ-ਮਈ ਯੱਗ ਵਿੱਚ ਜਿੱਤ ਕੇ ਵਿਆਹੀ ਹੈ।(ਗਨਿ ਹੋ) ਗਿਣਾਂਗਾ (ਕਹਾਂਗਾ)॥੫॥

**ਤੋਟਕ॥**

**ਜਿਮ ਅੰਧਕ ਸੋਂ ਹਰ ਜੁੱਧੁ ਕਰਯੋ॥ ਜਿਹ ਭਾਂਤਿ ਮਨੋਜ ਕੋ ਮਾਨ ਹਰਯੋ॥**
**ਦਲ ਦੈਤਜ ਦਲੇ ਕਰ ਕੋਪ ਜਿਮੰ॥ ਕਹਿਹੋਂ ਸਬ ਛੋਰਿ ਪ੍ਰਸੰਗ ਤਿਮੰ॥੬॥**

***ਭਾਵਾਰਥ:-*** ਜਿਵੇਂ ਸ਼ਿਵ ਨੇ ਅੰਧਕ (ਨਾਮੇ ਦੈਂਤ) ਨਾਲ ਜੰਗ ਕੀਤਾ, ਜਿਸ ਤਰ੍ਹਾਂ (ਮਨੋਜ) ਕਾਮ ਦੇਵ ਦਾ ਅਭਿਮਾਨ ਨਾਸ ਕੀਤਾ, ਦੈਂਤ ਦਲ ਜਿਵੇਂ ਕ੍ਰੋਧ ਨਾਲ (ਦਲੇ) ਨਾਸ ਕੀਤੇ, ਤਿਵੇਂ ਹੀ ਸਾਰੇ ਪ੍ਰਸੰਗ (ਛੋਰਿ) ਖੋਲ੍ਹ ਕੇ ਕਹਾਂਗਾ॥੬॥

**ਪਾਧੜੀ ਛੰਦ॥**

**ਜਬ ਹੋਤਿ ਧਰਨਿ ਭਾਰਾਕ੍ਰਾਂਤਿ॥ ਤਬ ਪਰਤਿ ਨਾਹਿ ਤਿਹ ਹ੍ਰਿਦੈ ਸਾਂਤਿ॥**
**ਚਲਿ ਦਧਿ ਸਮੁਦ੍ਰ ਕਰਈ ਪੁਕਾਰ॥ ਤਬ ਧਰਤ ਬਿਸਨੁ ਰੁਦ੍ਰਾਵਤਾਰ॥੭॥**

***ਭਾਵਾਰਥ:-*** ਜਦੋਂ ਧਰਤੀ (ਪਾਪਮਈ) (ਭਾਰਾਕ੍ਰਾਂਤ= ਭਾਰ+ਆਕ੍ਰਾਂਤ) ਬੋਝ ਨਾਲ ਦੁਖੀ ਹੁੰਦੀ ਹੈ, ਉਸੋਂ ਹੀ ਉਹਦੇ ਹਿਰਦੇ ਵਿੱਚ (ਸਾਂਤਿ) ਠੰਢ ਨਹੀਂ ਪੈਂਦੀ। (ਫੇਰ) (ਦਧਿ ਸਮੁੰਦ੍ਰ) ਛੀਰ ਸਾਗਰ ਵੱਲ ਜਾ ਕੇ ਪੁਕਾਰ ਕਰਦੀ ਹੈ। ਤਾਂ ਵਿਸ਼ਨੂੰ ਹੀ ਸ਼ਿਵ ਅਵਤਾਰ ਧਾਰਦੇ ਹਨ॥੭॥

**ਪਾਧਰੀ ਛੰਦ॥**

**ਤਬ ਕਰਤ ਸਕਲ ਦਾਨਵ ਸੰਘਾਰ॥ ਕਰ ਦਨੁਜ ਪ੍ਰਲਵ ਸੰਤਨ ਉਧਾਰ॥**
**ਇਹ ਭਾਂਤਿ ਸਕਲ ਕਰਿ ਦੁਸਟ ਨਾਸ॥ ਪੁਨਿ ਕਰਤ ਹਿਰਦੈ ਭਗਤਾਨ ਬਾਸ॥੮॥**

***ਭਾਵਾਰਥ:-*** ਤਾਂ ਸਾਰਿਆਂ ਦੈਂਤਾਂ ਦਾ (ਸੰਘਾਰ) ਨਾਸ ਕਰਦਾ ਹੈ। ਦੈਂਤਾਂ ਦਾ (ਪ੍ਰਲਵ- ਪਰਲਯ) ਨਾਸ ਕਰ ਕੇ ਸੰਤਾਂ ਦਾ ਬਚਾਵ ਕਰਦਾ ਹੈ। ਇਸ ਤਰ੍ਹਾਂ ਸਾਰਿਆਂ ਦੁਸ਼ਟਾਂ ਦਾ ਨਾਸ ਕਰ ਕੇ-ਫੇਰ ਭਗਤਾਂ ਦੇ ਹਿਰਦੇ ਵਿੱਚ ਨਿਵਾਸ ਕਰਦਾ ਹੈ॥੮॥

**ਤੋਟਕ॥**

**ਤ੍ਰਿਪੁਰੈ ਇਕ ਦੈਤਜ ਬਢਯੋ ਤ੍ਰਿਪੁਰੰ॥ ਜਿਹ ਤੇਜ ਤਪੈ ਰਵਿ ਜਯੋਂ ਤ੍ਰਿਪੁਰੰ॥**
**ਬਰਦਾਇ ਮਹਾ ਸੁਰ ਐਸ ਭਯੋ॥ ਜਿਨ ਲੋਕ ਚਤੁਰਦਸ ਜੀਤਿ ਲਯੋ॥੯॥**

***ਭਾਵਾਰਥ:–*** ਤ੍ਰਿਪੁਰ ਨਾਮੇ ਇੱਕ ਦੈਂਤ (ਤ੍ਰਿਪੁਰੰ) ਤਿੰਨ ਲੋਕ (ਸੰਸਾਰ) ਵਿੱਚ ਵਧ ਗਿਆ, ਜੀਹਦਾ ਤੇਜ਼ ਤਿੰਨਾਂ ਲੋਕਾਂ ਵਿੱਚ (ਰਵਿ) ਸੂਰਜ ਵਾਂਗ ਚਮਕਦਾ ਸੀ, (ਬਰਦਾਇ) ਵਰਾਂ ਨੂੰ ਦੇਣ ਵਾਲਾ (ਪ੍ਰਤਾਪੀ) ਮਹਾਂ ਅਸੁਰ ਐਹੋ ਜਿਹਾ ਹੋਇਆ, ਜੀਹਨੇ ਚੌਦਾਂ ਲੋਕਾਂ ਨੂੰ ਹੀ ਜਿੱਤ ਲਿਆ ਸੀ॥੯॥

**ਤੋਟਕ॥**

**ਜੋਊ ਏਕਹਿ ਬਾਣ ਹਣੈ ਤ੍ਰਿਪੁਰੰ॥ ਸੋਊ ਨਾਸ ਕਰੈ ਤਿਹ ਦੈਤਜ ਦੁਰੰ॥**
**ਅਸ ਕੋ ਪ੍ਰਗਟਯੋ ਕਬਿ ਤਾਹਿ ਗਨੈ॥ ਇਕ ਬਾਣਹਿ ਸੋ ਪੁਰ ਤੀਨ ਹਨੈ॥੧੦॥**

***ਭਾਵਾਰਥ:–*** ਜਿਹੜਾ ਇੱਕ ਹੀ ਤੀਰ ਨਾਲ ਤਿੰਨਾਂ ਲੋਕਾਂ ਨੂੰ (ਹਣੈ) ਵਿੰਨ੍ਹ ਦੇਵੇ, ਉਹੋ ਹੀ ਓਸ (ਦੁਰੰ) ਬੁਰੇ ਦੈਂਤ ਨੂੰ ਮਾਰ ਸਕਦਾ ਸੀ (ਕਵੀ ਜੀ ਕਹਿੰਦੇ ਹਨ ਕਿ) ਐਹੋ ਜਿਹਾ ਕੌਣ (ਪ੍ਰਗਟਯੋ) ਜੰਮਿਆ ਹੈ? ਉਹਨੂੰ ਮੈਂ ਗਿਣ ਸਕਾਂ ਕਿ ਜੋ ਇੱਕ ਹੀ ਤੀਰ ਨਾਲ ਤਿੰਨਾਂ ਲੋਕਾਂ ਨੂੰ ਵਿੰਨ੍ਹ ਦੇਵੇ॥੧੦॥

**ਤੋਟਕ॥**

**ਸਿਵ ਧਾਇ ਚਲਯੋ ਤਿਹ ਮਾਰਨ ਕੋ॥ ਜਗ ਕੇ ਸਬ ਜੀਵ ਉਧਾਰਨ ਕੋ॥**
**ਕਰ ਕੋਪ ਤਜਯੋ ਸਿਤ ਸੁੱਧ ਸਰੰ॥ ਇਕ ਬਾਰਹਿ ਨਾਸ ਕਿਯੋ ਤ੍ਰਿਪੁਰੰ॥੧੧॥**

***ਭਾਵਾਰਥ:–*** ਸ਼ਿਵ ਉਹਨੂੰ ਮਾਰਨ ਲਈ ਦੌੜ ਕੇ ਚੱਲਿਆ, (ਅਤੇ) ਸਾਰੇ ਸੰਸਾਰ ਦੇ ਜੀਵਾਂ ਨੂੰ ਬਚਾਉਣ ਲਈ (ਦੌੜ ਕੇ ਚੱਲਿਆ) ਕ੍ਰੋਧ ਨਾਲ (ਸੁੱਧ) ਠੀਕ ਨਿਸ਼ਾਨੇ ’ਤੇ (ਸਿਤ) ਤ੍ਰਿਖਾ ਤੀਰ ਛੱਡਿਆ, ਤਾਂ ਇੱਕੋ ਵਾਰ ਹੀ ਤ੍ਰਿਪੁਰ (ਦੈਂਤ) ਨੂੰ ਨਾਸ ਕਰ ਦਿੱਤਾ॥੧੧॥

**ਤੋਟਕ॥**

**ਲਖਿ ਕਉਤਕ ਸਾਧ ਸਬੈ ਹਰਖੇ॥ ਸੁਮਨੰ ਬਰਖਾ ਨਭ ਤੇ ਬਰਖੇ॥**
**ਧੁਨਿ ਪੂਰਿ ਰਹੀ ਜਯ ਸੱਦ ਹੂਅੰ॥ ਗਿਰਿ ਹੇਮ ਹਲਾਚਲ ਕੰਪ ਭੂਅੰ॥੧੨॥**

***ਭਾਵਾਰਥ:–*** ਸਾਰੇ ਸਾਧੂ ਤਮਾਸ਼ਾ ਵੇਖ ਕੇ ਖ਼ੁਸ਼ ਹੋਏ, ਆਕਾਸ਼ ਤੋਂ (ਸੁਮਨੰ) ਫੁੱਲਾਂ ਦੀ ਬਾਰਸ਼ ਕੀਤੀ। ਜੈ ਦੀ (ਸੱਦ) ਆਵਾਜ਼ ਤੋਂ (ਹੂਅੰ) ਉੱਠੀ ਹੋਈ ਧ੍ਵਨੀ (ਪੂਰਿ) ਭਰ ਰਹੀ ਸੀ। (ਗਿਰਿ ਹੇਮ) ਸੁਮੇਰ (ਹਿਮਾਲਾ) (ਹਲਾਚਲ) ਡੋਲ ਗਿਆ (ਅਥਵਾ– ਅਚਲ (ਪਹਾੜ) ਹਿੱਲਿਆ) ਅਤੇ ਜ਼ਮੀਨ ਕੰਬ ਗਈ (ਅਥਵਾ–ਭੂਚਾਲ ਆ ਗਿਆ)॥੧੨॥

**ਤੋਟਕ॥**

**ਦਿਨ ਕੇਤਕ ਬੀਤਿ ਗਏ ਜਬ ਹੀ॥ ਅਸੁਰੰਧਕ ਬੀਰ ਬੀਯੋ ਤਬ ਹੀ॥**
**ਤਬ ਬੈਲ ਚੜਯੋ ਗਹਿ ਸੂਲ ਸਿਵੰ॥ ਸੁਰ ਚਉਕ ਚਲੇ ਹਰ ਕੋਪ ਕਿਵੰ॥੧੩॥**

***ਭਾਵਾਰਥ:–*** ਜਦੋਂ ਕੁਝ ਕੁ ਦਿਨ ਗੁਜ਼ਰ ਗਏ, ਤਾਂ ਅੰਧਕ ਦੈਂਤ ਯੋਧਾ (ਬਿਯੋ) ਪੈਦਾ ਹੋ ਗਿਆ ਤਾਂ ਬੈਲ ਤੇ ਚੜ੍ਹ ਕੇ ਅਤੇ (ਸੂਲ) ਤ੍ਰਿਸ਼ੂਲ ਨੂੰ ਫੜ੍ਹ ਕੇ ਸ਼ਿਵ ਚੜ੍ਹ ਪਿਆ। ਦੇਵਤੇ (ਚਉਕ) ਚਕ੍ਰਿਤ ਹੋ ਚੱਲੇ ਕਿ ਸ਼ਿਵ ਦਾ ਕ੍ਰੋਧ ਕਿਵੇਂ ਹੋਇਆ ਹੈ?॥੧੩॥

**ਤੋਟਕ॥**

**ਗਣ ਗੰਧ੍ਰਬ ਜੱਛ ਸਬੈ ਉਰਗੰ॥ ਬਰਦਾਨ ਦਯੋ ਸਿਵ ਕੋ ਦੁਰਗੰ॥**
**ਹਨਿਹੋ ਨਿਰਖੰਤ ਮੁਰਾਰਿ ਸੁਰੰ॥ ਤ੍ਰਿਪੁਰਾਰਿ ਹਨਯੋ ਜਿਮ ਕੈ ਤ੍ਰਿਪੁਰੰ॥੧੪॥**

***ਭਾਵਾਰਥ:-*** ਗਣ, ਗੰਧ੍ਰਵ, ਯੱਛ ਅਤੇ ਸਾਰੇ (ਉਰਗੰ) ਸੱਪਾਂ (ਸਮੇਤ) ਸ਼ਿਵ ਨੂੰ ਦੁਰਗਾ (ਸ਼ਕਤੀ) ਨੇ ਵਰ ਦਾਨ ਦਿੱਤੇ। (ਮੁਰਾਰਿ) ਵਿਸ਼ਨੂੰ ਅਤੇ ਦੇਵਤਿਆਂ ਦੇ ਵੇਖਦਿਆਂ ਹੀ (ਤੁਸੀਂ ਅੰਧਕ ਦੈਂਤ ਨੂੰ) ਮਾਰੋਗੇ। ਹੇ (ਤ੍ਰਿਪੁਰਾਰਿ) ਸ਼ਿਵ! ਜਿਸ ਤਰ੍ਹਾਂ ਨਾਲ ਤ੍ਰਿਪੁਰ (ਦੈਂਤ) ਨੂੰ ਮਾਰਿਆ ਹੈ॥੧੪॥

**ਤੋਟਕ॥**

**ਉਹੁ ਓਰ ਚੜੇ ਦਲ ਲੈ ਦੁਜਨੰ॥ ਇਹ ਓਰ ਰਿਸਜੋ ਗਹਿ ਸੂਲ ਸਿਵੰ॥**
**ਰਣ ਰੰਗ ਰੰਗੇ ਰਣ ਧੀਰ ਰਣੰ॥ ਜਨੁ ਸੋਭਿਤ ਪਾਵਕ ਜ੍ਵਾਲ ਬਣੰ॥੧੫॥**

***ਭਾਵਾਰਥ:-*** ਉਸ ਪਾਸਿਓਂ (ਦੁਜਨੰ) ਦੈਂਤ ਫ਼ੌਜ ਲੈ ਕੇ ਚੜ੍ਹ ਪਏ। ਏਸ ਪਾਸਿਓਂ ਤ੍ਰਿਸ਼ੂਲ ਫੜ੍ਹ ਕੇ ਸ਼ਿਵ ਕ੍ਰੋਧਵਾਨ ਹੋਇਆ, ਜੰਗ ਦੇ ਚਾਅ ਨਾਲ ਜੰਗ ਵਿੱਚ (ਰਣਧੀਰ) ਸੂਰਮੇ ਰੰਗੇ ਗਏ, ਮਾਨੋ ਕਿ ਜੰਗਲ ਵਿੱਚ (ਪਾਵਕ ਜ੍ਵਾਲ) ਅੱਗ ਦੀ ਲਾਟ ਸੋਭਦੀ ਹੈ॥੧੫॥

**ਤੋਟਕ॥**

**ਦਨੁ ਦੇਵ ਦੋਊ ਰਣ ਰੰਗ ਰਚੇ॥ ਗਹਿ ਸਸਤ੍ਰ ਸਭੈ ਰਸ ਰੁਦ੍ਰ ਮਚੇ॥**
**ਸਰ ਛਾਡਤ ਬੀਰ ਦੋਊ ਹਰਖੇ॥ ਜਨੁ ਅੰਤ ਪ੍ਰਲਯ ਘਨ ਸੇ ਬਰਖੇ॥੧੬॥**

***ਭਾਵਾਰਥ:-*** ਦੈਂਤ ਅਤੇ ਦੇਵਤੇ ਦੋਵੇਂ ਹੀ, ਰਣ ਰੰਗ ਵਿੱਚ ਰਚ ਗਏ। ਸਾਰੇ ਹੀ ਸ਼ਸਤਰ ਫੜ੍ਹ ਕੇ ਰੌਦ੍ਰ ਰਸ ਵਿੱਚ (ਮਚੇ) ਤਤਪਰ ਹੋ ਗਏ। ਦੋਵੇਂ (ਦੋਹਾਂ ਪਾਸਿਆਂ ਦੇ) ਯੋਧੇ ਤੀਰ ਚਲਾਉਂਦੇ ਹੋਏ ਖੁਸ਼ ਹੋਏ। ਮਾਨੋ ਕਿ ਆਖਰ ਦੀ ਪਰਲਯ ਦੇ ਬੱਦਲਾਂ ਵਾਂਗ ਵਰ੍ਹੇ ਹਨ॥੧੬॥

**ਰੁਆਮਲ ਛੰਦ॥**

**ਘਾਇ ਖਾਇ ਭਜੇ ਸੁਰਾਰਦਨ ਕੋਪੁ ਓਪ ਮਿਟਾਇ॥**
**ਅੰਧ ਕੰਧ ਫਿਰਜੋ ਤਬੈ ਜਯ ਦੁੰਦਭੀਨ ਬਜਾਇ॥**
**ਸੂਲ ਸੈਹਥਿ ਪਰਘ ਪਟਸਿ ਬਾਣ ਓਘ ਪ੍ਰਹਾਰ॥**
**ਪੇਲ ਪੇਲ ਗਿਰੇ ਸੁ ਬੀਰਨ ਕੇਲ ਜਾਨੁ ਧਮਾਰ॥੧੭॥**

***ਭਾਵਾਰਥ:-*** (ਸੁਰਾਰਦਨ) ਦੈਂਤ (ਘਾਇ) ਸੱਟਾਂ ਖਾ ਕੇ ਅਤੇ ਗੁੱਸੇ ਦੀ (ਓਪ) ਪ੍ਰਭਤ (ਚਮਕ) ਨੂੰ ਮਿਟਾ ਕੇ ਭੱਜ ਗਏ। ਤਾਂ ਅੰਧਕ (ਦੈਂਤ) ਅੰਨ੍ਹਾ ਹੋ ਕੇ ਫਿਰਿਆ, ਜਿੱਤ ਦੇ ਨਗਾਰੇ ਵਜਾ ਕੇ। (ਸੂਲ) ਨੇਜੇ, ਬਰਛੀਆਂ, ਪਰਘੇ, ਪਟੇ ਅਤੇ (ਓਘ) ਸਮੂਹ ਬਾਣ ਚਲਾਏ। ਚੰਗਿਆਂ ਯੋਧਿਆਂ ਨੂੰ ਧੱਕ ਧੱਕ ਕੇ (ਯੋਧੇ) ਡਿੱਗ ਪਏ, ਮਾਨੋ ਕਿ (ਧਮਾਰ) ਲੁੱਡੀ ਦਾ (ਕੇਲ) ਤਮਾਸ਼ਾ (ਖੇਲ) ਸੀ॥੧੭॥

**ਰੁਆਮਲ॥**

**ਸੇਲ ਰੇਲ ਭਈ ਤਹਾਂ ਅਰੁ ਤੇਗ ਤੀਰ ਪਰਿਹਾਰ॥**
**ਗਾਹਿ ਗਾਹਿ ਫਿਰੈ ਫਵਜਨ ਬਾਹਿ ਬਾਹਿ ਹਥਯਾਰ॥**
**ਅੰਗ ਭੰਗ ਪਰੇ ਕਹੂੰ ਸਰਬੰਗ ਸ੍ਰੋਨਤ ਪੂਰ॥**
**ਏਕ ਏਕ ਬਰੀ ਅਨੇਕਨ ਹੇਰਿ ਹੇਰਿ ਸੁ ਹੂਰ॥੧੮॥**

***ਭਾਵਾਰਥ:-*** ਓਥੇ (ਸੇਲ) ਬਰਛਿਆਂ ਦੀ (ਰੇਲ) ਰੈਲੀ (ਲੜੀ) ਹੋ ਗਈ, ਤੇਗਾਂ ਅਤੇ ਤੀਰ (ਪਰਿਹਾਰ) ਚਲਾਏ। ਕਿਤੇ (ਸਰਬੰਗ) ਹਰ ਪਾਸਿਓਂ ਲਹੂ ਨਾਲ ਭਰੇ ਹੋਏ (ਅੰਗ ਭੰਗ) ਮੁਰਦੇ ਪਏ ਹੋਏ ਹਨ। ਅਨੇਕਾਂ (ਯੋਧਿਆਂ) ਨੇ ਇੱਕ ਇੱਕ ਉੱਤਮ ਹੂਰ ਵੇਖ ਵੇਖ ਕੇ ਵਿਆਹੀ॥੧੮॥

**ਰੁਆਮਲ॥**

**ਚਉਰ ਚੀਰ ਰਥੀ ਰਥੋਤਮ ਬਾਜਿਰਾਜ ਅਨੰਤ॥**

**ਸ੍ਰੋਣ ਕੀ ਸਰਿਤਾ ਉਠੀ ਸੁ ਬਿਅੰਤ[1] ਰੂਪ ਦੁਰੰਤ॥**

**ਸਾਜ ਬਾਜ ਕਟੇ ਕਹੂੰ ਗਜਰਾਜ ਤਾਜਿ ਅਨੇਕ॥**

**ਉਸ੍ਰ ਪੁਸ੍ਰ ਗਿਰੇ ਕਹੂੰ ਰਿਪੁ ਬਾਚਿਯੰ ਨਹੀ ਏਕ॥੧੯॥**

***ਭਾਵਾਰਥ:-*** ਚੌਰ, ਕੱਪੜੇ, ਰਥੀ (ਯੋਧੇ), ਉੱਤਮ ਰਥ ਅਤੇ ਬਹੁਤ (ਬਾਜਿਰਾਜ) ਵੱਡੇ ਘੋੜਿਆਂ ਦੇ ਲਹੂ ਦੀ (ਸਰਿਤਾ) ਨਦੀ ਪੈਦਾ ਹੋਈ ਬੇਅੰਤ ਰੂਪਾਂ ਨਾਲ (ਸੁ ਬਿਅੰਤ- ਸੁਭਿਯੰਤ) ਸੋਭਦੀ ਹੈ। ਕਿਤੇ ਅਨੇਕਾਂ (ਗਜਰਾਜ) ਵੱਡੇ ਹਾਥੀਆਂ ਅਤੇ (ਤਾਜਿ) ਘੋੜਿਆਂ ਦੇ (ਸਾਜ ਬਾਜ) ਸਾਜੋ ਸਮਾਨ ਕੱਟੇ ਪਏ ਹਨ। ਕਿਤੇ ਤਕੜੇ ਉਠ ਡਿੱਗੇ ਪਏ ਹਨ (ਅੰਤ ਨੂੰ) ਇੱਕ ਵੀ ਵੈਰੀ ਨਹੀਂ ਬਚਿਆ॥੧੯॥

**ਰੁਆਮਲ ਛੰਦ॥**

**ਛਾਡਿ ਛਾਡਿ ਚਲੇ ਤਹਾ ਨ੍ਰਿਪ ਸਾਜ ਬਾਜ ਅਨੰਤ॥**

**ਗਾਜ ਗਾਜ ਹਨੇ ਸਦਾ ਸਿਵ ਸੂਰਬੀਰ ਦੁਰੰਤ॥**

**ਭਾਜ ਭਾਜ ਚਲੇ ਹਠੀ ਹਥਜਾਰ ਹਾਥਿ ਬਿਸਾਰ॥**

**ਬਾਣ ਪਾਣ ਕਮਾਣ ਛਾਡਿ ਸੁ ਚਰਮ ਬਰਮ ਬਿਸਾਰ[2]॥੨੦॥**

---

[1] ਮੇਰੀ ਖ਼ਿਆਲ ਵਿੱਚ ਲਿਖਾਰੀ ਨੇ 'ਸੁਭਿਯੰਤ' ਦੀ ਥਾਂ 'ਸੁ ਬਿਅੰਤ' ਪਾਠ ਲਿਖ ਦਿੱਤਾ ਹੈ।

[2] ਕਦੀ ਕਦੀ ਲੋਕਾਂ ਨੂੰ ਗੁਰਬਾਣੀ ਛਾਪਦਿਆਂ ਅਤੇ ਵਿਚਾਰਦਿਆਂ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਫੁੱਟ ਨੋਟਾਂ ਵਿੱਚ ਸੁਧਾਈ ਕਰਨ ਦੀ ਥਾਂ ਮੂਲ ਪਾਠ ਹੀ ਵਿਗਾੜ ਦਿੱਤੇ ਹੋਏ ਹਨ। ਬੇਸ਼ੱਕ! ਪਹਿਲੇ ਲਿਖਾਰੀ ਪੜ੍ਹੇ ਲਿਖੇ ਨਹੀਂ ਦਿਸਦੇ ਪਰ ਸਾਨੂੰ ਤਾਂ ਉਨ੍ਹਾਂ ਦੀਆਂ ਲਿਖੀਆਂ ਹੋਈਆਂ ਕਾਪੀਆਂ ਹੀ ਪ੍ਰਾਪਤ ਹੋ ਸਕੀਆਂ ਹਨ। ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀਆਂ 'ਚੋਂ ਨਹੀਂ ਹਾਂ, ਅਸੀਂ ਤਾਂ ਅੱਜ (੧੩-੨-੧੯੭੩) ਦੀ ਦੁਨੀਆਂ ਦੇ ਬੰਦੇ ਹਾਂ। ਜੇ ਕੋਈ ਹੁਣ ਸੰਨ ੧੬੬੬ ਤੋਂ ਲੈ ਕੇ ੧੭੦੮ ਤੱਕ ਦੀਆਂ ਗੱਲਾਂ ਕਰਦਾ ਹੈ, ਤਾਂ ਉਹ ਕਿਸ ਆਧਾਰ ਤੇ? ਆਕਲ ਬੰਦੇ ਅਕਲ ਤੋਂ ਕੰਮ ਲੈਂਦੇ ਹਨ ਕਿ ਉਨ੍ਹਾਂ ਪਾਸ ਕੋਈ ਆਧਾਰ ਹੁੰਦਾ ਹੈ, ਸਾਡੇ ਪਾਸ ਐਸ ਵੇਲੇ ਜੋ ਆਧਾਰ ਹੈ, ਉਹ ਗੁਰਬਾਣੀ ਦੇ ਪੁਰਾਤਨ ਨੁਸਖੇ ਹੀ ਹਨ, ਉਨ੍ਹਾਂ ਨੂੰ ਵਿਗਾੜਿਆਂ ਹੋਇਆਂ ਤਾਂ ਕੋਈ ਕੰਮ ਸਿਰੇ ਨਹੀਂ ਚੜ੍ਹ ਸਕਦਾ, ਫੇਰ ਤਾਂ ਆਧਾਰ ਹੀ ਨਾਸ ਹੋ ਗਿਆ, ਜੇ ਆਧਾਰ ਨਹੀਂ ਤਾਂ ਅਧੇਯ ਕਿਵੇਂ ਰਹੇਗਾ? ਪ੍ਰੈਸ ਵਿੱਚ ਬੀੜਾਂ ਨੂੰ ਲਿਆਉਣ ਵਾਲਿਆਂ ਨੇ ਵਪਾਰ ਤਾਂ ਤੋਰ ਲਿਆ ਹੈ, ਪਰ ਬੀੜ 'ਚੋਂ ਮੂਲ ਪਾਠ ਹੀ ਬਦਲ ਦਿੱਤੇ ਹਨ, ਜਿਨ੍ਹਾਂ ਦਾ ਨਮੂਨਾ ਸ੍ਰ. ਬ. ਕਾਨ੍ਹ ਸਿੰਘ ਜੀ ਦੇ ਲੇਖ 'ਚੋਂ ਹੀ ਹੇਠਾਂ ਦਰਜ ਕਰਦੇ ਹਾਂ:-

> ਰੂਆਮਲ- ਇੱਕ ਛੰਦ, ਜਿਸਦਾ ਲੱਛਣ ਹੈ- ਚਾਰ ਚਰਣ, ਪ੍ਰਤੀ ਚਰਣ ਰ, ਸ, ਜ, ਜ, ਭ, ਗ
> ਰੂਆਲ- । S । S, । । S, । S ।, । S ।, S । ।, S, । ਦਸ ਅਰੁ ਸੱਤ ਅੱਖਰਾਂ ਪੁਰ ਵਿਸ੍ਰਾਮ
> ਉਦਾਹਰਣ- ਦੇਵ ਭੇਵ ਨ ਜਾਨਹੀ ਜਿਹ ਭੇਦ ਔਰ ਕਤੇਬ॥
> ਰੂਪ ਰੰਗ ਨ ਜਾਤਿ ਪਾਤਿ ਸੁ ਜਾਨਹੀ ਕਿਹ ਜੇਬ॥ (ਜਾਪੁ)

ਦਸਮ ਗ੍ਰੰਥ ਦੇ ਰੁਦ੍ਰ ਅਵਤਾਰ ਵਿੱਚ "ਰੁਆਮਲ" "ਰੁਆਲ" ਅਤੇ "ਰੂਆਮਲ" ਸਿਰਲੇਖ ਹੇਠ ਜਾਪੁ ਵਾਲਾ ਹੀ ਸਰੂਪ ਦੇਖਿਆ ਜਾਂਦਾ ਹੈ, ਦੇਖੋ ਤਿੰਨੇ ਰੂਪ-

> (ੳ) ਰੁਆਮਣ- ਅੰਧ ਕੰਧ ਫਿਰਜੋ ਤਬੈ ਜਯ ਦੁੰਦਭੀਨ ਬਜਾਇ...
> (ਅ) ਰੁਆਲ- ਅੰਗ ਭੰਗ ਪਰੇ ਕਹੂੰ ਸਰਬੰਗ ਸ੍ਰੋਨਤ ਪੂਰ..
> (ੲ) ਰੂਆਮਲ- ਸਾਜ ਬਾਜ ਕਟੇ ਕਹੂੰ ਗਜਰਾਜ ਤਾਜਿ ਅਨੇਕ...

(ਮਹਾਨ ਕੋਸ਼ ਦੂਜੀ ਐਡੀਸ਼ਨ ਸਫ਼ਾ ੨੯੧, ਕਾਲਮ ੪)

ਹੁਣ ਮੌਜੂਦਾ ਬੀੜ 'ਚੋਂ 'ਰੁਆਮਣ' ਤੇ 'ਰੁਆਲ' ਦਾ ਨਾਮੋ ਨਿਸ਼ਾਨ ਹੀ ਮਿਟ ਚੁੱਕਾ ਹੈ, ਵੇਖੋ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਦੀਆਂ ਸੰਮਤ ੨੦੧੩ ਬਿ. ਦੀਆਂ ਛਾਪੀਆਂ ਹੋਈਆਂ ਸੈਂਚੀਆਂ ਦਾ ਸਫ਼ਾ ੧੭੪। ਲਿਖਤ ਪੋਥੀ ਵਿੱਚ ਅੰਕ ੧੭ ਦੇ ਆਰੰਭ ਵਿੱਚ 'ਰੂਆਲਾ ਛੰਦ' ਹੀ ਸਿਰਲੇਖ ਹੈ।

***ਭਾਵਾਰਥ:–*** ਰਾਜੇ ਓਥੇ ਬੇਅੰਤ ਸਾਜੋ ਸਮਾਨ ਛੱਡ ਛੱਡ (ਭੱਜ) ਤੁਰੇ। ਸਦਾ ਸ਼ਿਵ ਨੇ ਬੇਅੰਤ ਸੂਰਵੀਰ ਗੱਜ ਗੱਜ ਕੇ ਮਾਰੇ। ਹਠੀ ਯੋਧੇ ਹਥਿਆਰ ਅਤੇ ਹਾਥੀ (ਅਥਵਾ– ਹੱਥਾਂ 'ਚੋਂ ਹਥਿਆਰ) (ਬਿਸਾਰ) ਭੁਲਾ (ਅਥਵਾ– ਸੁੱਟ) ਕੇ ਚਲੇ ਗਏ। ਹੱਥਾਂ 'ਚੋਂ ਤੀਰ ਕਮਾਨ, ਚੰਗੀਆਂ ਢਾਲਾਂ ਅਤੇ (ਧਰਮ) ਸੰਜੋਆਂ (ਬਿਸਾਰ) ਭੁਲਾ ਕੇ ਛੱਡ ਗਏ॥੨੦॥

**ਨਰਾਜ ਛੰਦ[੧]॥**

**ਜਿਤੇਕ ਸੂਰ ਧਾਇਯੰ॥ ਤਿਤੇਕ ਰੁਦ੍ਰ ਘਾਇਯੰ॥**

**ਜਿਤੇਕ ਔਰ ਧਾਵਹੀ॥ ਤਿਤਯੋਂ ਮਹੇਸ ਘਾਵਹੀ॥੨੧॥**

***ਭਾਵਾਰਥ:–*** ਜਿੰਨੇ ਕੁ ਯੋਧੇ ਚੜ੍ਹੇ ਸਨ। ਓਨੇ ਕੁ (ਰੁਦ੍ਰ) ਸ਼ਿਵ ਨੇ ਮਾਰ ਦਿੱਤੇ। ਜਿੰਨੇ ਕੁ ਹੋਰ ਆਉਂਦੇ ਹਨ, ਓਨਿਆਂ ਨੂੰ ਹੀ ਸ਼ਿਵ ਮਾਰਦਾ ਜਾਂਦਾ ਹੈ॥੨੧॥

**ਨਰਾਜ ਛੰਦ॥**

**ਕਮੰਧ ਅੰਧ ਉੱਠਹੀ॥ ਬਿਸੇਖ ਬਾਣ ਬੁੱਠਹੀ॥**

**ਪਿਨਾਕ ਪਾਣਿ ਤੇ ਹਣੇ॥ ਅਨੰਤ ਸੂਰਮਾ ਬਣੇ॥੨੨॥**

***ਭਾਵਾਰਥ:–*** (ਕਮੰਧ ਅੰਧ) ਅੰਧਕ ਦਾ ਸਰੀਰ ਉੱਠਦਾ ਹੈ ਅਤੇ ਬਹੁਤ ਤੀਰ ਵਰਸਾਉਂਦਾ ਹੈ (ਜਿਸ ਤੋਂ) ਬੇਅੰਤ ਯੋਧੇ ਬਣਦੇ ਹਨ– ਉਹ (ਪਿਨਾਕ ਪਾਣਿ) ਸ਼ਿਵ ਮਾਰਦਾ (ਜਾਂਦਾ) ਹੈ॥੨੨॥

**ਰਸਾਵਲ ਛੰਦ॥**

**ਸਿਲਹ ਸੰਜਿ ਸੱਜੇ॥ ਚਹੂੰ ਓਰ ਗੱਜੇ॥**

**ਮਹਾਬੀਰ ਬੰਕੇ॥ ਮਿਟੈ ਨਾਹਿ ਡੰਕੇ॥੨੩॥**

***ਭਾਵਾਰਥ:–*** (ਸਿਲਹ) ਹਥਿਆਰਾਂ ਨੂੰ (ਸੰਜਿ) ਇਕੱਠੇ ਕਰ ਕੇ ਸਜੇ ਹੋਏ (ਯੋਧੇ), ਚਹੁੰ ਪਾਸੀਂ ਗੱਜ ਪਏ। ਮਹਾਂ ਸੁੰਦਰ ਯੋਧੇ ਜੋ ਡੰਕੇ (ਦੀ ਚੋਟ ਲੱਗਣ, ਭਾਵ– ਜੰਗ ਤੋਂ) ਹਟਦੇ ਨਹੀਂ ਸਨ॥੨੩॥

**ਰਸਾਵਲ॥**

**ਬਜੇ ਘੋਰਿ ਬਾਜੰ॥ ਸਜੇ ਸੂਰ ਸਾਜੰ॥**

**ਘਣੰ ਜੇਮ ਗੱਜੇ॥ ਮਹਿਖੁਆਸ ਸੱਜੇ॥੨੪॥**

***ਭਾਵਾਰਥ:–*** (ਘੋਰਿ) ਜੰਗੀ ਵਾਜੇ ਵੱਜੇ। (ਸੂਰਮਿਆਂ) ਸੂਰਮਿਆਂ ਵਾਲੇ ਸਾਜੋ ਸਮਾਨ ਸਾਜ ਲਏ। ਬੱਦਲ ਵਾਂਗ ਗੱਜ ਪਏ। (ਮਹਿਖੁਆਸ) ਵੱਡੇ ਧਨੁਸ਼ ਸਜਾ ਲਏ॥੨੪॥

**ਰਸਾਵਲ॥**

**ਮਹਿਖੁਆਸ ਧਾਰੀ॥ ਚਲੇ ਬਯੋਮ ਚਾਰੀ॥**

**ਸੁਭੰ ਸੂਰ ਹਰਖੇ॥ ਸਰੰ ਧਾਰ ਬਰਖੇ॥੨੫॥**

***ਭਾਵਾਰਥ:–*** ਮਹਾਂ ਧਨੁਸ਼ਧਾਰੀ (ਯੋਧੇ), (ਬਯੋਮ ਚਾਰੀ) ਉੱਡ ਚਲੇ, ਚੰਗੇ ਯੋਧੇ ਖੁਸ਼ ਹੋਏ ਅਤੇ ਤੀਰਾਂ ਦੀ ਧਾਰ ਨੂੰ ਵਰ੍ਹੇ॥੨੫॥

---

[੧] ਇਹ 'ਅਰਧ ਨਰਾਜ' ਛੰਦ ਹੈ, ਇਹਦਾ 'ਨਗ ਸ੍ਵਰੂਪਣੀ' ਨਾਮ ਵੀ ਹੈ।

**ਰਸਾਵਲ॥**

**ਧਰੇ ਬਾਣ ਪਾਣੰ॥ ਚੜੇ ਤੇਜਮਾਣੰ॥**

**ਕਟਾ ਕਟਿ ਬਾਹੈਂ॥ ਅਧੋ ਅੰਗ ਲਾਹੈਂ॥੨੬॥**

***ਭਾਵਾਰਥ:–*** ਹੱਥਾਂ ਵਿੱਚ (ਤੇਜਮਾਣੰ) ਚਮਕੀਲੇ ਤੀਰ ਫੜ੍ਹ ਕੇ ਚੜ੍ਹੇ (ਕਟਾ ਕਟਿ) ਦਬਾਦਬ ਵਹੁੰਦੇ ਅਤੇ ਅੱਧਿਆਂ ਸਰੀਰਾਂ ਨੂੰ ਲਾਹ ਸੁੱਟਦੇ ਹਨ (ਅਥਵਾ– (ਅੰਗਾਂ) ਸਰੀਰਾਂ ਵਿੱਚ ਧਸਾ ਦੇਂਦੇ ਹਨ)॥੨੬॥

**ਰਸਾਵਲ॥**

**ਰਸੇ[1] ਰੋਸ ਰੁਦ੍ਰੰ॥ ਚਲੈ ਭਾਜ ਛੁਦ੍ਰੰ॥**

**ਮਹਾਬੀਰ ਗੱਜੇ॥ ਸਿਲਹ ਸੰਜਿ ਸੱਜੇ[2]॥੨੭॥**

***ਭਾਵਾਰਥ:–*** ਸ਼ਿਵ ਗੁੱਸੇ ਵਿੱਚ (ਰਸੇ) ਤਤਪਰ ਹੋ ਗਿਆ। (ਛੁਦ੍ਰੰ) ਤੁੱਛ (ਨੀਚ, ਕਾਇਰ) ਭੱਜ ਤੁਰੇ। ਮਹਾਂ ਯੋਧੇ ਹਥਿਆਰਾਂ ਨੂੰ ਸੰਚਿਤ ਕਰ ਕੇ ਸਜੇ ਹੋਏ ਗੱਜ ਪਏ॥੨੭॥

**ਰਸਾਵਲ॥**

**ਲਏ ਸਕਤਿ ਪਾਣੰ॥ ਚੜੇ ਤੇਜ ਮਾਣੰ[3]॥**

**ਗਣੰ ਗਾੜ ਗਾਜੇ॥ ਰਣੰ ਰੁਦ੍ਰ ਰਾਜੇ॥੨੮॥**

***ਭਾਵਾਰਥ:–*** ਤੇਜ ਵਾਲੇ (ਯੋਧੇ) ਹੱਥਾਂ ਵਿੱਚ (ਸਕਤਿ) ਬਰਛੀਆਂ ਲੈ ਕੇ ਚੜ੍ਹ ਪਏ। ਜੰਗ ਵਿੱਚ ਰਾਜੇ ਸ਼ਿਵ ਦੇ ਤਕੜੇ ਗਣ ਗੱਜੇ॥੨੮॥

**ਭਭੰਕੰਤ[4] ਘਾਯੰ॥ ਲਰੇ ਚਉਪ ਚਾਯੰ॥**

**ਡਕੀ ਡਾਕਣੀਯੰ॥ ਰੜੇ ਕਾਕਣੀਯੰ॥੨੯॥**

***ਭਾਵਾਰਥ:–*** ਜ਼ਖ਼ਮ (ਭਭੰਕੰਤ) ਲਹੂ ਨਿਕਲਣ ਦੀ ਧੁਨੀ ਕਰਦੇ ਹਨ–ਤਾਂ ਵੀ ਖੁਸ਼ੀ ਨਾਲ ਲੜਦੇ ਹਨ। (ਡਾਕਣੀਯੰ) ਗਿਰਝਾਂ (ਡਕੀ) ਬੋਲੀਆਂ (ਅਥਵਾ– ਡਾਇਣਾਂ (ਲਹੂ ਨਾਲ ਰੱਜ ਕੇ) ਡਕਾਰ ਮਾਰਦੀਆਂ ਹਨ)। (ਕਾਕਣੀਯੰ) ਇੱਲ੍ਹਾਂ (ਰੜੇ) ਬੋਲਦੀਆਂ ਹਨ॥੨੯॥

**ਭਯੰ ਰੋਸ ਰੁਦ੍ਰੰ॥ ਹਣੇ ਦੈਤਜ ਛੁਦ੍ਰੰ॥**

**ਕਟੇ ਅੱਧ ਅੱਧੰ॥ ਭਈ ਸੈਣ ਬੱਧੰ॥੩੦॥**

***ਭਾਵਾਰਥ:–*** ਸ਼ਿਵ ਨੂੰ ਗੁੱਸਾ ਹੋ ਗਿਆ, ਨੀਚ ਦੈਂਤ ਮਾਰ ਦਿੱਤੇ। ਅੱਧੋ ਅੱਧ (ਕਟੇ) ਵਿੱਛੁੜ ਕੇ ਸੈਨਾ (ਬੱਧੰ) ਨਾਸ ਹੋ ਗਈ॥੩੦॥

**ਰਿਸਜੋ ਸੂਲ ਪਾਣੰ॥ ਹਣੇ ਦੈਤ ਭਾਣੰ॥**

**ਸਰੰ ਓਘ ਛੁੱਟੇ॥ ਘਣੰ ਜੇਮ ਟੁੱਟੇ॥੩੧॥**

---

[1] ਪਾਠ– ਰਿਸੇ

[2] ਇਹ ਤੁਕ ਅੰਕ ੨੩ ਵਿੱਚ ਵੀ ਆਈ ਹੈ।

[3] ਇਹ ਤੁਕ ਅੰਕ ੨੬ ਵਿੱਚ ਵੀ ਆਈ ਹੋਈ ਹੈ।

[4] ਪਾਠ– ਭਭੱਕੇਤ

***ਭਾਵਾਰਥ:–*** (ਸੂਲ ਪਾਨਿ) ਸ਼ਿਵ ਨੇ ਕ੍ਰੋਧਵਾਨ ਹੋ ਕੇ (ਭਾਣੰ) ਹੁਕਮ ਨਾਲ ਦੈਂਤ ਮਾਰ ਦਿੱਤੇ। ਸਭ ਤੀਰ ਚੱਲੇ, ਬੱਦਲ ਵਾਂਗ ਟੁੱਟ ਪਏ॥੩੧॥

**ਰਣੰ ਰੁੱਦ੍ਰ ਗੱਜੇ॥ ਤਬੈ ਦੈਤਜ ਭੱਜੇ॥**
**ਤਜੇ ਸਸਤ੍ਰ ਸਰਬੰ॥ ਮਿਟਯੋ ਦੇਹ ਗਰਬੰ॥੩੨॥**

***ਭਾਵਾਰਥ:–*** ਜਦੋਂ ਜੰਗ ਵਿੱਚ ਸ਼ਿਵ ਗੱਜਿਆ, ਓਦੋਂ ਹੀ ਦੈਂਤ ਭੱਜ ਗਏ। ਸਾਰਿਆਂ ਸ਼ਸਤਰ ਛੱਡ ਦਿੱਤੇ, ਦੇਹਾਭਿਮਾਨ ਦੂਰ ਹੋ ਗਿਆ॥੩੨॥

**ਚੌਪਈ॥**

**ਧਾਯੋ ਤਬ ਅੰਧਕ ਬਲਵਾਨਾ॥ ਸੰਗ ਲੈ ਸੈਨ ਦਾਨਵੀ ਨਾਨਾ॥**
**ਅਮਿਤ ਬਾਣ ਨੰਦੀ ਕਹੁੰ ਮਾਰੇ॥ ਬੇਧ ਅੰਗ ਕਹ ਪਾਰ ਪਧਾਰੇ॥੩੩॥**

***ਭਾਵਾਰਥ:–*** ਤਾਂ ਬਲੀ ਅੰਧਕ (ਦੈਂਤ) ਚੱਲਿਆ। ਨਾਲ ਬਹੁਤੀ ਦੈਂਤ ਸੈਨਾ ਲੈ ਲਈ। (ਨੰਦੀ) ਬਲਦ ਨੂੰ ਬੇਅੰਤ ਤੀਰ ਮਾਰੇ, ਜੋ (ਅੰਗਕ) ਸਰੀਰ ਨੂੰ ਵਿੰਨ੍ਹ ਕੇ ਪਾਰ ਚਲੇ ਗਏ॥੩੩॥

**ਜਬ ਹੀ ਬਾਣ ਲਗੇ ਬਾਹਣ ਤਨ॥ ਰੋਸ ਜਗਯੋ ਤਬ ਹੀ ਸ਼ਿਵ ਕੇ ਮਨ॥**
**ਅਧਿਕ ਰੋਸ ਕਰ ਬਿਸਖ ਚਲਾਏ॥ ਭੂਮਿ ਅਕਾਸ ਛਿਨਕ ਮਹਿ ਛਾਏ॥੩੪॥**

***ਭਾਵਾਰਥ:–*** ਜਦੋਂ ਹੀ (ਬਾਹਣ) ਸਵਾਰੀ (ਬੈਲ) (ਤਨ) ਨੂੰ ਤੀਰ ਲੱਗੇ। ਉਦੋਂ ਹੀ ਸ਼ਿਵ ਦੇ ਮਨ ਵਿੱਚ ਗੁੱਸਾ ਉੱਠਿਆ। ਤਾਂ ਬਹੁਤ ਗੁੱਸੇ ਨਾਲ (ਬਿਸਖ) ਤੀਰ ਛੱਡੇ। ਜੋ ਇੱਕ ਛਿਨ ਵਿੱਚ ਜ਼ਮੀਨ ਤੋਂ ਅਸਮਾਨ ਤੱਕ ਗਏ॥੩੪॥

**ਬਾਣਾਵਲੀ ਰੁਦ੍ਰ ਜਬਿ ਸਾਜੀ॥ ਤਬ ਹੀ ਸੈਣ ਦਾਨਵੀ ਭਾਜੀ॥**
**ਤਬਿ ਅੰਧਿਕ ਸਿਵ ਸਾਮੁਹਿ ਧਾਯੋ॥ ਦੁੰਦ ਜੁੱਧ ਰਣ ਮੱਧਜ ਮਚਾਯੋ॥੩੫॥**

***ਭਾਵਾਰਥ:–*** ਜਦੋਂ ਸ਼ਿਵ ਨੇ ਤੀਰਾਂ ਦੀ ਕਤਾਰ (ਸਾਜੀ) ਬੰਨ੍ਹ ਦਿੱਤੀ, ਉਦੋਂ ਹੀ ਦੈਂਤ ਫ਼ੌਜ ਭੱਜ ਉੱਠੀ। ਤਾਂ ਅੰਧਕ ਸ਼ਿਵ ਜੀ ਸਾਹਮਣੇ (ਧਾਯੋ= ਧਾ+ਆਯੋ) ਦੌੜ ਆਇਆ। ਰਣ (ਮੈਦਾਨ) ਵਿੱਚ (ਦੁੰਦ) ਦੋਹਾਂ (ਭਾਰੀ) ਜੰਗ ਮਚਾਇਆ॥੩੫॥

**ਅੜਿੱਲ॥**

**ਬੀਸ ਬਾਣ ਤਿਨ ਸਿਵਹਿ ਪ੍ਰਹਾਰੇ ਕੋਪ ਕਰ॥**
**ਲਗੇ ਰੁਦ੍ਰ ਕੇ ਗਾਤ ਗਏ ਓਹ ਘਾਨਿ ਕਰ॥**
**ਗਹਿ ਪਿਨਾਕ ਕਹਿ ਪਾਨਿ ਪਿਨਾਕੀ ਧਾਇਯੋ॥**
**ਹੋ ਤੁਮਲ ਜੁੱਧੁ ਦੁਹੂੰਅਨ ਰਣ ਮਧਜ ਮਚਾਇਯੋ॥੩੬॥**

***ਭਾਵਾਰਥ:–*** ਉਸ ਨੇ ਗੁੱਸੇ ਹੋ ਕੇ ਸ਼ਿਵ ਨੂੰ ਵੀਹ ਤੀਰ ਮਾਰੇ। ਉਹ ਸ਼ਿਵ ਦੇ ਸਰੀਰ ਵਿੱਚ ਲੱਗ ਕੇ (ਘਾਨਿ ਕਰ) ਨਾਸ ਕਰ ਕੇ ਹੀ ਗਏ ਸਨ। ਤਾਂ ਪਿਨਾਕ (ਨਾਮੇ ਧਨੁਸ਼) ਹੱਥ ਵਿੱਚ ਫੜ ਕੇ (ਪਿਨਾਕੀ) ਸ਼ਿਵ ਵੀ ਦੌੜਿਆ। (ਹੋ) ਹੇ ਭਾਈ! ਦੋਹਾਂ ਨੇ ਹੀ ਜੰਗ (ਮੈਦਾਨ) ਵਿੱਚ (ਤੁਮਲ) ਮਹਾਂ ਜੰਗ ਮਚਾਇਆ॥੩੬॥

**ਅੜਿਲ॥**

**ਤਾੜ ਸਤ੍ਰ ਕਹ ਬਹੁਰਿ ਪਿਨਾਕੀ ਕੋਪੁ ਹ੍ਵੈ॥**
**ਹਣੇ ਦੁਸਟ ਕਹੁ ਬਾਣ ਨਿਖੰਗ ਤੇ ਕਾਢਿ ਦ੍ਵੈ॥**
**ਗਿਰਯੋ ਭੂਮਿ ਭੀਤਰਿ ਸਿਰ ਸਤ੍ਰੁ ਪ੍ਰਹਾਰਿਯੋ॥**
**ਹੋ ਜਨਕ ਗਾਜਿ ਕਰਿ ਕੋਪ ਬੁਰਜ ਕਹੁ ਮਾਰਿਯੋ॥੩੭॥**

***ਭਾਵਾਰਥ:–*** ਫੇਰ ਵੈਰੀ (ਪਿਨਾਕੀ) ਸ਼ਿਵ ਨੇ ਕ੍ਰੋਧਵਾਨ ਹੋ ਕੇ (ਤਾੜ) ਵੇਖਿਆ। (ਅਤੇ) ਦੁਸਟ ਨੂੰ ਦੋ ਤੀਰ (ਨਿਖੰਗ) ਭੱਥੇ ਵਿੱਚੋਂ ਕੱਢ ਕੇ ਮਾਰੇ। ਵੈਰੀ ਦਾ ਸਿਰ (ਯੋ) ਇਓਂ ਵਾਰ ਨਾਲ ਜ਼ਮੀਨ 'ਤੇ ਡਿੱਗ ਪਿਆ। (ਹੋ) ਹੇ ਭਾਈ! (ਜਨਕ) ਮਾਨੋ ਕਿ (ਕਹੁ) ਕਿਤੇ (ਗਾਜਿ) ਬਿਜਲੀ ਨੇ ਕ੍ਰੋਧ ਨਾਲ ਬੁਰਜ (ਮਾਰਿਯੋ) ਸੁੱਟਿਆ ਹੈ॥੩੭॥

**ਤੋਟਕ॥**
**ਘਟਿ[1] ਏਕ ਬਿਖੈ ਰਿਪੁ ਚੇਤ ਭਯੋ॥ ਧਨੁ ਬਾਣ ਬਲੀ ਪੁਨਿ ਪਾਣਿ ਲਯੋ॥**
**ਕਰ ਕੋਪ ਕੁਵੰਡ ਕਰੰ ਕਰਖਯੋ॥ ਸਰ ਧਾਰ ਬਲੀ ਘਨ ਜਯੋਂ ਬਰਖਯੋ॥੩੮॥**

***ਭਾਵਾਰਥ:–*** ਇੱਕ ਘੜੀ ਪਿੱਛੋਂ ਵੈਰੀ (ਚੇਤ) ਹੋਸ਼ ਵਿੱਚ ਆਇਆ। ਬਲੀ (ਯੋਧੇ) ਨੇ ਫੇਰ ਤੀਰ ਕਮਾਨ ਹੱਥ ਵਿੱਚ ਲਿਆ। ਗੁੱਸਾ ਕਰ ਕੇ (ਕਰੰ) ਹੱਥ ਨਾਲ (ਕੁਵੰਡ) ਧਨੁਸ਼ (ਕਰਖਯੋ) ਖਿੱਚਿਆ ਅਤੇ ਬਲੀ (ਯੋਧਾ) ਬੱਦਲ ਵਾਂਗ ਤੀਰਾਂ ਦੀ ਧਾਰ ਨੂੰ ਵਰ੍ਹਿਆ॥੩੮॥

**ਤੋਟਕ ਛੰਦ॥**
**ਕਰਿ ਕੋਪ ਬਲੀ ਬਰਖਯੋ ਬਿਸਖੰ॥ ਇਹ ਓਰ ਲਗੇ ਨਿਸਰੇ ਦੁਸਰੰ॥**
**ਤਬ ਕੋਪ ਕਰੰ ਸਿਵ ਸੂਲ ਲੀਯੋ॥ ਅਰਿ ਕੋ ਸਿਰ ਕਾਟਿ ਦੁਖੰਡ ਕੀਯੋ॥੩੯॥**

***ਭਾਵਾਰਥ:–*** ਯੋਧਾ ਕ੍ਰੋਧ ਨਾਲ (ਬਿਸਖੰ) ਤੀਰਾਂ ਨੂੰ ਵਰ੍ਹਿਆ। ਜੋ ਇਸ ਪਾਸਿਓਂ ਲੱਗੇ ਅਤੇ ਦੂਜੇ ਪਾਸੇ (ਨਿਸਰੇ) ਪ੍ਰਗਟੇ ਹੋਏ ਸਨ। ਤਾਂ ਕ੍ਰੋਧ ਨਾਲ ਸ਼ਿਵ ਨੇ ਹੱਥ ਵਿੱਚ ਤ੍ਰਿਸ਼ੂਲ ਫੜਿਆ ਅਤੇ ਵੈਰੀ ਦਾ ਸਿਰ ਕੱਟ ਕੇ (ਵੈਰੀ) ਦੋ ਟੁਕੜੇ ਕਰ ਦਿੱਤਾ॥੩੯॥

**ਇਤਿ ਸ੍ਰੀ ਬਚਿਤ੍ਰ ਨਾਟਕੇ ਪਿਨਾਕਿ ਪ੍ਰਬੰਧੇ ਅੰਧਕ ਬੱਧਹ ਰੁਦ੍ਰੋਸਤੁਤਿ ਪ੍ਰਿਥਮ ਅਧਯਾਯ ਸਮਾਪਤ ਮਸਤੁ ਸੁਭ ਮਸਤੁ ॥**

**ਸ੍ਰੀ ਭਗਉਤੀ ਜੀ ਸਹਾਇ॥**
**ਅਥ ਗਉਰਿ ਬਧ ਕਥਨੰ॥ ਤੋਟਕ ਛੰਦ॥**
**ਸੁਰਰਾਜ ਪ੍ਰਸੰਨਿ ਭਏ ਤਬਹੀ॥ ਅਰਿ ਅੰਧਕ ਨਾਸ ਸੁਨਯੋ ਜਬ ਹੀ॥**
**ਇਮ ਕੈ ਦਿਨ ਕੇਤਕ ਬੀਤਿ ਗਏ॥ ਸਿਵ ਧਾਮ ਸਤਕ੍ਰਿਤੁ ਜਾਤ ਭਏ॥੧॥**

***ਭਾਵਾਰਥ:–*** ਜਦੋਂ ਹੀ ਅੰਧਕ ਵੈਰੀ ਦਾ ਨਾਸ ਸੁਣਿਆ–ਉਦੋਂ ਹੀ (ਸੁਰ ਰਾਜ) ਮਹਾਂ ਦੇਵਤੇ ਖੁਸ਼ ਹੋਏ। ਇਉਂ ਕਰ ਕੇ ਕੁਝ ਦਿਨ ਗੁਜ਼ਰ ਗਏ, (ਇਕ ਦਿਨ) ਸ਼ਿਵ ਦੇ ਸਥਾਨ (ਕੈਲਾਸ਼) 'ਤੇ (ਸਤਕ੍ਰਿਤੁ) ਇੰਦਰ ਗਿਆ॥੧॥

---

[1] ਪਾਠ– ਘਰਿ

**ਤਬ ਰੁਦ੍ਰ ਭਯਾਨਕ ਰੂਪ ਧਰ੍ਯੋ॥ ਹਰਿ ਹੇਰਿ ਹਰੰ ਹਥਯਾਰ ਹਰ੍ਯੋ॥**
**ਤਬ ਹੀ ਸਿਵ ਕੋਪ ਅਖੰਡ ਕਿਯੋ॥ ਇਕ ਜਨਮ ਅੰਗਾਰ ਅਪਾਰ ਲਿਯੋ॥੨॥**

***ਭਾਵਾਰਥ:–*** ਤਾਂ ਸ਼ਿਵ ਨੇ ਭਿਆਨਕ ਰੂਪ ਧਾਰਿਆ ਹੋਇਆ ਸੀ, (ਹਰੰ) ਸ਼ਿਵ ਨੂੰ ਵੇਖ ਕੇ (ਹਰਿ) ਇੰਦਰ ਹਥਿਆਰ (ਵਜ੍ਰ) (ਹਰ੍ਯੋ) ਚਲਾ ਦਿੱਤਾ। ਉਦੋਂ ਹੀ ਸ਼ਿਵ ਨੇ (ਅਖੰਡ) ਮਹਾਨ ਕ੍ਰੋਧ ਕੀਤਾ, ਤਾਂ ਇੱਕ (ਅਪਾਰ) ਮਹਾਂ ਅੰਗਿਆਰੇ (ਅੱਗ ਦੇ ਗੋਲੇ) ਨੇ ਜਨਮ ਲਿਆ॥੨॥

**ਤਿਹ ਤੇਜ ਜਰੇ ਜਗ ਜੀਵ ਸਬੈ॥ ਤਿਹ ਡਾਰ ਦਯੋ ਮਧਜ ਸਿੰਧੁ ਤਬੈ**
**ਸੋਊ ਡਾਰ ਦਯੋ ਸਿੰਧੁ ਮਹਿ ਨ ਗਯੋ॥ ਤਿਹ ਆਨ ਜਲੰਧਰ ਰੂਪ ਲਯੋ॥੩॥**

***ਭਾਵਾਰਥ:–*** ਉਸ ਦੇ ਤੇਜ ਨਾਲ ਸਾਰੇ ਸੰਸਾਰ ਦੇ ਜੀਵ ਸੜ ਗਏ। ਉਦੋਂ ਉਹਨੂੰ ਸਮੁੰਦਰ ਵਿੱਚ ਸੁੱਟ ਦਿੱਤਾ। ਉਹ (ਸਮੁੰਦਰ ਵਿੱਚ) ਸੁੱਟ ਤਾਂ ਦਿੱਤਾ ਪਰ ਸਮੁੰਦਰ (ਦੇ ਪਾਣੀ) ਵਿੱਚ ਨਾ ਗਿਆ, ਉਸ ਨੇ ਹੀ ਆ ਕੇ ਜਲੰਧਰ (ਦੈਂਤ) ਦਾ ਰੂਪ (ਧਾਰ) ਲਿਆ॥੩॥

**ਚੌਪਈ॥**

**ਇਹ ਬਿਧਿ ਭਯੋ ਅਸੁਰ ਬਲਵਾਨਾ॥ ਲਿਯੋ ਕੁਬੇਰ ਕੋ ਲੂਟ ਖਜਾਨਾ॥**
**ਪਕਰਿ ਸਮਸੁ ਤੇ ਬ੍ਰਹਮੁ ਰੁਵਾਯੋ॥ ਇੰਦ੍ਰ ਜੀਤਿ ਸਿਰ ਛਤ੍ਰ ਢੁਰਾਯੋ॥੪॥**

***ਭਾਵਾਰਥ:–*** ਦੈਂਤ ਇਸ ਤਰ੍ਹਾਂ ਦਾ ਬਲੀ ਹੋਇਆ (ਕਿ ਜਿਨ) ਕੁਬੇਰ ਦਾ ਖਜ਼ਾਨਾ ਵੀ ਲੁੱਟ ਲਿਆ ਸੀ। (ਸਮਸੁ) ਦਾੜੀ ਤੋਂ ਫੜ੍ਹ ਕੇ ਬ੍ਰਹਮਾ ਨੂੰ ਰੁਆ ਦਿੱਤਾ। ਇੰਦਰ ਨੂੰ ਜਿੱਤ ਕੇ (ਜਲੰਧਰ ਨੇ ਆਪਣੇ) ਸਿਰ ’ਤੇ ਛਤ੍ਰ ਝੁਲਾਇਆ॥੪॥

**ਜੀਤਿ ਦੇਵਤਾ ਪਾਇ ਲਗਾਏ॥ ਰੁਦ੍ਰ ਬਿਸਨੁ ਨਿਜ ਪੁਰੀ ਬਸਾਏ॥**
**ਚਉਦਹ ਰਤਨ ਆਨ ਰਾਖੇ ਗ੍ਰਿਹ॥ ਜਹਾਂ ਤਹਾਂ ਬੈਠਾਏ ਨਵ ਗ੍ਰਿਹ॥੫॥**

***ਭਾਵਾਰਥ:–*** ਦੇਵਤੇ ਜਿੱਤ ਕੇ ਪੈਰੀਂ ਲਾਏ। ਸ਼ਿਵ ਅਤੇ ਵਿਸ਼ਨੂੰ ਆਪਣੀ ਨਗਰੀ (ਜਲੰਧਰ) ਵਿੱਚ ਹੀ ਵਸਾ ਲਏ। ਚੌਦਾਂ ਹੀ ਰਤਨ ਘਰ ਵਿੱਚ ਲਿਆ ਰੱਖੇ। ਨੌਂ ਗ੍ਰਹਿ ਵੀ (ਆਪਣੇ ਹੁਕਮ ਨਾਲ) ਜਿੱਥੇ ਕਿੱਥੇ (ਅਨੁਕੂਲ ਦਿਸੇ) ਬੈਠਾ ਲਏ॥੫॥

**ਦੋਹਰਾ॥**

**ਜੀਤਿ ਬਸਾਏ ਨਿਜ ਪੁਰੀ ਅਸੁਰ ਸਕਲ ਅਸੁਰਾਰਿ॥**
**ਪੂਜਾ ਕਰੀ ਮਹੇਸ ਕੀ ਗਿਰਿ ਕੈਲਾਸ ਮਝਾਰਿ॥੬॥**

***ਭਾਵਾਰਥ:–*** ਦੈਂਤ (ਜਲੰਧਰ) ਨੇ ਸਾਰੇ (ਅਸੁਰਾਰਿ) ਦੇਵਤੇ ਜਿੱਤੇ ਆਪਣੀ ਨਗਰੀ ਵਿੱਚ ਵਸਾ ਲਏ। (ਅਤੇ) ਕੈਲਾਸ਼ ਪਰਬਤ ਵਿੱਚ ਜਾ ਕੇ (ਮਹੇਸ਼) ਸ਼ਿਵ ਦੀ (ਪੂਜਾ) ਆਰਾਧਨਾ ਕੀਤੀ॥੬॥

**ਚੌਪਈ॥**

**ਧ੍ਯਾਨ ਬਿਧਾਨ ਕਰੇ ਬਹੁ ਭਾਂਤਾ॥ ਸੇਵਾ ਕਰੀ ਅਧਿਕ ਦਿਨ ਰਾਤਾ॥**
**ਐਸ ਭਾਂਤਿ ਤਿਹ ਕਾਲ ਬਿਤਾਯੋ॥ ਅਬ ਪ੍ਰਸੰਗ ਸਿਵ ਊਪਰ ਆਯੋ॥੭॥**

***ਭਾਵਾਰਥ:–*** ਬਹੁਤ ਤਰ੍ਹਾਂ (ਬਿਧਾਨ ਕਰੇ= ਵਿਧਿ+ਅਨੁ ਕਰੇ) ਵਿਧੀ ਅਨੁਸਾਰ ਧਿਆਨ ਕੀਤੇ। ਦਿਨ ਰਾਤ (ਲਗਾਤਾਰ) ਬਹੁਤ ਸੇਵਾ ਕੀਤੀ। ਉਸ ਨੇ ਇਸ ਤਰ੍ਹਾਂ (ਬਹੁਤ) ਸਮਾਂ ਗੁਜ਼ਾਰਿਆ। (ਸ੍ਰੀ

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) ਹੁਣ (ਕਥਾ ਦਾ) ਪ੍ਰਸੰਗ ਸ਼ਿਵ ਤੇ ਆ ਗਿਆ ਹੈ (ਉਹ ਸੁਣੋ)॥੭॥

**ਚੌਪਈ॥**

**ਭੂਤਰਾਟ ਕੋ ਨਿਰਖਿ ਅਤੁਲ ਬਲ॥ ਕਾਂਪਤ ਭਏ ਅਨਿਕ ਅਰਿ ਜਲ ਥਲ॥**
**ਦੱਛ ਪ੍ਰਜਾਪਤਿ ਹੋਤ ਨ੍ਰਿਪਤਿ ਬਰ॥ ਦਸ ਸਹੰਸ੍ਰ ਦੁਹਿਤਾ ਤਾ ਕੇ ਘਰ॥੮॥**

***ਭਾਵਾਰਥ:–*** (ਭੂਤਰਾਟ) ਸ਼ਿਵ ਦਾ (ਅਤੁਲ) ਮਹਾਂ ਜ਼ੋਰ (ਜਲੰਧਰ ਵਿੱਚ) ਵੇਖ ਕੇ, ਜਲਾਂ ਥਲਾਂ ਦੇ ਅਨੇਕਾਂ ਵੈਰੀ ਕੰਬ ਗਏ। (ਇੱਕ) ਦੱਛ ਪ੍ਰਜਾਪਤੀ (ਨ੍ਰਿਪਤਿ ਬਰ) ਮਹਾਨ ਰਾਜਾ (ਹੋਤ) ਸੀ, ਉਸਦੇ ਘਰ ਵਿੱਚ ਦਸ ਹਜ਼ਾਰ (ਦੁਹਿਤਾ) ਲੜਕੀਆਂ ਸਨ॥੮॥

**ਤਿਨ ਇਕ ਬਾਰਿ ਸੁਯੰਬਰ ਕੀਯਾ॥ ਦਸ ਸਹੰਸ੍ਰ ਦੁਹਿਤਾਇ ਸਦੀਯਾ॥**
**ਜੋ ਬਰੁ ਰੁਚੈ ਬਰਹੁ ਅਬ ਸੋਈ॥ ਊਚ ਨੀਚ ਰਾਜਾ ਹੁਇ ਕੋਈ॥੯॥**

***ਭਾਵਾਰਥ:–*** ਉਸ (ਦੱਛ ਪ੍ਰਜਾਪਤੀ) ਨੇ ਦਸ ਹਜ਼ਾਰ ਹੀ ਲੜਕੀਆਂ ਨੂੰ ਸੱਦ ਕੇ ਇੱਕ ਵਾਰ ਸੁਯੰਬਰ ਕੀਤਾ। (ਲੜਕੀਆਂ ਨੂੰ ਕਿਹਾ ਕਿ) ਜੋ (ਬਰ) ਪਤੀ) (ਤੁਹਾਨੂੰ) ਚੰਗਾ ਲੱਗੇ, ਹੁਣ ਉਹੋ ਹੀ (ਤੁਸੀਂ) (ਬਰਹੁ) ਵਿਆਹ ਲਉ–(ਬੇਸ਼ੱਕ) ਊਚ, ਨੀਚ, ਰਾਜਾ ਜਾਂ ਕੋਈ (ਹੋਰ) ਹੋਵੇ॥੯॥

**ਜੋ ਜੋ ਜਿਸੈ ਰੁਚਾ ਤਿਨਿ ਬਰਾ॥ ਸਬ ਪ੍ਰਸੰਗ ਨਹੀ ਜਾਤ ਉਚਰਾ॥**
**ਜੋ ਬ੍ਰਿਤਾਂਤ ਕਹਿ ਛੋਰ ਸੁਨਾਊਂ॥ ਕਥਾ ਬ੍ਰਿਧਤੇ ਅਧਿਕ ਡਰਾਊਂ॥੧੦॥**

***ਭਾਵਾਰਥ:–*** ਜਿਹੜਾ ਜਿਹੜਾ ਜੀਹਨੂੰ ਚੰਗਾ ਲੱਗਾ ਉਹਨੇ ਵਿਆਹ ਲਿਆ, (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) ਮੈਥੋਂ ਸਾਰਾ ਪ੍ਰਸੰਗ ਤਾਂ ਕਹਿਆ ਨਹੀਂ ਜਾ ਸਕਦਾ। ਜੇ (ਬਿਰਤਾਂਤ) ਪ੍ਰਸੰਗ ਨੂੰ (ਛੋਰ) ਖੋਲ੍ਹ ਕੇ ਸੁਣਾਵਾਂ ਤਾਂ ਕਥਾ (ਬ੍ਰਿਧਤੇ) ਵਧ ਜਾਂਦੀ ਹੈ (ਏਸ ਵਾਸਤੇ ਮੈਂ) ਬਹੁਤ ਡਰਦਾ ਹਾਂ (ਭਾਵ– ਮੈਂ ਕਥਾ ਨੂੰ ਲੰਮੀ ਨਹੀਂ ਕਰਨਾ ਚਾਹੁੰਦਾ, ਜਿੰਨੀ ਕੁ ਮੇਰੇ ਵਿਚਾਰ ਨਾਲ ਸੰਬੰਧ ਰੱਖਦੀ ਹੈ, ਮੈਂ ਓਨੀ ਕਥਾ ਹੀ ਕਹਿਣੀ ਹੈ)॥੧੦॥

**ਚੌਪਈ॥**

**ਚਾਰ ਸੁਤਾ ਕਸਜਪ ਕਹ ਦੀਨੀ॥ ਕੇਤਿਕ ਬਜਾਹ ਚੰਦ੍ਰਮਾ ਲੀਨੀ॥**
**ਕੇਤਿਕ ਗਈ ਅਉਰ ਦੇਸਨ ਮਹਿ॥ ਬਰਜੋ ਗਉਰਜਾ ਏਕ ਰੁਦ੍ਰ ਕਹਿ॥੧੧॥**

***ਭਾਵਾਰਥ:–*** (ਦੱਛ ਪ੍ਰਜਾਪਤੀ ਨੇ) ਚਾਰ ਲੜਕੀਆਂ ਕਸ਼ਿਯਪ ਰਿਖੀ ਨੂੰ ਦਿੱਤੀਆਂ। ਕੁਝ ਕੁ ਚੰਦ੍ਰਮਾ ਨੇ ਵਿਆਹ ਲਈਆਂ। ਕੁਝ ਕੁ (ਅਉਰ) ਗ਼ੈਰ ਦੇਸਾਂ ਵਿੱਚ ਚਲੀਆਂ ਗਈਆਂ। ਇਕੱਲੇ ਸ਼ਿਵ ਨੂੰ (ਸਿਰਫ਼) (ਗਉਰਜਾ) ਗਿਰਿਜਾ ਨੇ ਹੀ ਵਿਆਹਿਆ॥੧੧॥

**ਜਬ ਹੀ ਬਜਾਹ ਰੁਦ੍ਰ ਗ੍ਰਿਹ ਆਨੀ॥ ਚਲੀ ਜਗ ਕੀ ਬਹੁਰਿ ਕਹਾਨੀ॥**
**ਸਬ ਦੁਹਿਤਾ ਤਿਹ ਬੋਲ ਪਠਾਈ॥ ਲੀਨੇ ਸੰਗ ਭਤਾਰਨ ਆਈ॥੧੨॥**

***ਭਾਵਾਰਥ:–*** ਜਦੋਂ ਵਿਆਹ ਕੇ ਸ਼ਿਵ ਨੇ ਘਰ ਲੈ ਆਂਦੀ, ਤਾਂ ਫੇਰ (ਦੱਛ ਪ੍ਰਜਾਪਤੀ ਦੇ) ਯੱਗ ਦੀ ਕਹਾਣੀ ਆਰੰਭ ਹੋ ਗਈ। (ਦੱਛ ਪ੍ਰਜਾਪਤੀ ਨੇ) ਸਾਰੀਆਂ ਲੜਕੀਆਂ ਘਰਾਂ ਤੋਂ ਬੁਲਾ ਭੇਜੀਆਂ–ਜੋ ਪਤੀਆਂ ਨੂੰ ਨਾਲ ਲੈ ਕੇ (ਯੱਗ ਵਿੱਚ) ਆਈਆਂ॥੧੨॥

**ਚੌਪਈ॥**

**ਜੇ ਜੇ ਹੁਤੇ ਦੇਸ ਪਰਦੇਸਾ॥ ਜਾਤ ਭਏ ਸਸੁਰਾਰ ਨਰੇਸਾ॥**

**ਨਿਰਖਿ ਰੁਦ੍ਰ ਕੋ ਅਉਰ ਪ੍ਰਕਾਰਾ॥ ਕਿਨਹੁ ਨ ਭੂਪਤਿ ਤਾਹਿ ਚਿਤਾਰਾ॥੧੩॥**

***ਭਾਵਾਰਥ:-*** ਜਿਹੜੇ ਜਿਹੜੇ ਦੇਸਾਂ ਪਰਦੇਸਾਂ ਦੇ ਰਾਜੇ ਹਨ (ਸਾਰੇ) ਸਹੁਰੇ ਘਰ ਗਏ। ਸ਼ਿਵ ਨੂੰ ਹੋਰ ਤਰ੍ਹਾਂ ਦਾ (ਭਾਵ- ਭਸਮ ਧਾਰੀ, ਸਰਪ ਭੂਸ਼ਣੀ ਆਦਿਕ ਵਾਲਾ) ਵੇਖ ਕੇ ਕਿਸੇ ਵੀ (ਭੂਪਤਿ) ਰਾਜੇ ਨੇ ਉਹ ਨੂੰ (ਚਿਤਾਰਾ) ਯਾਦ ਨਾ ਕੀਤਾ॥੧੩॥

**ਨਹਨ ਗਉਰਜਾ ਦੱਛ ਬੁਲਾਈ॥ ਸੁਨਿ ਨਾਰਦ ਤੇ ਹ੍ਰਿਦੈ ਰਿਸਾਈ॥**

**ਬਿਨ ਬੋਲੇ ਪਿਤ ਕੇ ਗ੍ਰਿਹ ਗਈ॥ ਅਨਿਕ ਪ੍ਰਕਾਰ ਤੇਜ ਤਨ ਤਈ॥੧੪॥**

***ਭਾਵਾਰਥ:-*** ਦੱਛ ਪ੍ਰਜਾਪਤੀ ਨੇ ਗਿਰਿਜਾ ਨੂੰ ਨਾ ਬੁਲਾਇਆ। (ਸਾਰਾ ਪ੍ਰਸੰਗ ਨਾਰਦ ਨੇ ਗਿਰਿਜਾ ਨਾਲ ਦੱਛ ਪ੍ਰਜਾਪਤੀ ਦੇ ਯੱਗ ਕਰਨ ਦਾ ਅਤੇ ਗਿਰਿਜਾ ਸ਼ਿਵ ਨੂੰ ਨਾ ਬੁਲਾਉਣ ਦਾ ਕਾਰਨ ਸਮੇਤ ਕਹਿਆ ਤਾਂ ਗਿਰਿਜਾ) ਨਾਰਦ ਤੋਂ ਸੁਣ ਕੇ ਹਿਰਦੇ ਵਿੱਚ ਕ੍ਰੋਧਵਾਨ ਹੋ ਗਈ। (ਪਿਤਾ ਦੇ) ਬਿਨ-ਬੁਲਾਏ ਹੀ ਪਿਤਾ ਦੇ ਘਰ ਅਨੇਕਾਂ ਤਰ੍ਹਾਂ ਦੇ (ਤੇਜ) ਗੁੱਸੇ ਨਾਲ (ਤਈ) ਸੜੀ ਹੋਈ (ਯੱਗ ਵਿੱਚ) ਚਲੀ ਗਈ॥੧੪॥

**ਜੱਗ ਕੁੰਡ ਮਹਿ ਪਰੀ ਉਛਰ ਕਰ॥ ਸਤ ਪ੍ਰਤਾਪਿ ਪਾਵਕ ਭਈ ਸੀਤਰਿ॥**

**ਜੋਗ ਅਗਨਿ ਕਹ ਬਹੁਰਿ ਪ੍ਰਕਾਸਾ॥ ਤਾ ਤਨ ਕਿਯੋ ਪ੍ਰਾਨ ਕੋ ਨਾਸਾ॥੧੫॥**

***ਭਾਵਾਰਥ:-*** (ਉਛਰ) ਕੁੱਦ ਕੇ ਯੱਗ (ਹਵਨ) ਕੁੰਡ ਵਿੱਚ ਪੈ ਗਈ। (ਗਿਰਿਜਾ ਦੇ) ਸਤ ਦੇ ਪ੍ਰਭਾਵ ਨਾਲ (ਪਾਵਕ) ਅੱਗ (ਸੀਤਰਿ) ਠੰਢੀ ਹੋ ਗਈ। ਫੇਰ (ਗਿਰਿਜਾ ਨੇ) ਯੋਗ ਅੱਗ ਨੂੰ (ਪ੍ਰਗਾਸਾ) ਬਾਲਿਆ- ਓਸ ਨਾਲ ਪ੍ਰਾਣਾਂ ਨੂੰ ਨਾਸ ਕਰ ਲਿਆ॥੧੫॥

**ਆਇ ਨਾਰਦ ਇਮ ਸਿਵਹਿ ਜਤਾਈ॥ ਕਹਾਂ ਬੈਠਿ ਹੋ ਭਾਂਗ ਚੜਾਈ॥**

**ਛੁਟਜੋ ਧਜਾਨ ਕੋਪੁ ਜਿਯ ਜਾਗਾ॥ ਗਹਿ ਤ੍ਰਿਸੂਲ ਤਿਹ ਕੋ ਉਠਿ ਭਾਗਾ॥੧੬॥**

***ਭਾਵਾਰਥ:-*** ਇਓਂ ਹੀ ਨਾਰਦ ਨੇ ਆ ਕੇ ਸ਼ਿਵ ਨੂੰ ਦੱਸਿਆ (ਅਤੇ ਕਹਿਆ ਕਿ) ਹੋ! ਭੰਗ ਪੀ ਕੇ ਕਿੱਥੇ ਬੈਠਾ ਹੈਂ? (ਤੇਰੀ ਇਸਤਰੀ ਤਾਂ ਪਿਤਾ ਦੇ ਯੱਗ (ਹਵਨ) ਕੁੰਡ ਵਿੱਚ ਪੈ ਕੇ ਸੜ ਮਰੀ ਹੈ, ਤਾਂ ਸੁਣ ਕੇ) ਧਿਆਨ ਛੁੱਟ ਗਿਆ, ਜੀਅ ਵਿੱਚ ਕ੍ਰੋਧ ਜਾਗ ਪਿਆ, ਤ੍ਰਿਸ਼ੂਲ ਫੜ ਕੇ ਓਥੇ ਨੂੰ ਉੱਠ ਭੱਜਿਆ॥੧੬॥

**ਜਬ ਹੀ ਜਾਤ ਭਯੋ ਤਿਹ ਥਲੈ॥ ਲਯੋ ਉਠਾਇ ਸੂਲ ਕਰ ਬਲੈ॥**

**ਭਾਂਤਿ ਭਾਂਤਿ ਤਿਨਿ ਕਰੇ ਪ੍ਰਹਾਰਾ॥ ਸਕਲ ਬਿਧੁੰਸ ਜਗਜ ਕਰ ਡਾਰਾ॥੧੭॥**

***ਭਾਵਾਰਥ:-*** ਜਦੋਂ ਹੀ ਉਸ ਥਾਂ ਗਿਆ ਅਤੇ ਤਾਕਤ ਨਾਲ ਹੱਥ ਵਿੱਚ ਤ੍ਰਿਸ਼ੂਲ ਚੁੱਕ ਲਿਆ, ਤਾਂ ਤਰ੍ਹਾਂ ਤਰ੍ਹਾਂ ਨਾਲ ਉਨ੍ਹਾਂ (ਪ੍ਰਹਾਰਾ) ਵਾਰ ਕੀਤੇ, ਸਾਰਾ ਯਗ (ਬਿਧੁੰਸ) ਨਾਸ ਕਰ ਸੁੱਟਿਆ॥੧੭॥

**ਚੌਪਈ॥**

**ਭਾਂਤਿ ਭਾਂਤਿ ਤਨ ਭੂਪ ਸੰਘਾਰੇ॥ ਇਕ ਇਕ ਤੇ ਕਰ ਦੁਇ ਦੁਇ ਡਾਰੇ॥**

**ਜਾ ਕਹੁ ਪਹੁੰਚਿ ਤ੍ਰਿਸੂਲ ਪ੍ਰਹਾਰਾ॥ ਤਾ ਕਹੁ ਮਾਰਿ ਠਉਰ ਹੀ ਡਾਰਾ॥੧੮॥**

***ਭਾਵਾਰਥ:-*** ਤਰ੍ਹਾਂ ਤਰ੍ਹਾਂ ਨਾਲ ਰਾਜੇ ਮਾਰੇ, ਇੱਕ ਇੱਕ (ਸਰੀਰ) ਤੋਂ ਦੋ ਦੋ ਕਰ ਸੁੱਟੇ। ਜੀਹਨੂੰ ਮਿਲ ਕੇ ਤ੍ਰਿਸ਼ੂਲ ਮਾਰਿਆ-ਉਹਨੂੰ ਤਾਂ ਥਾਂ ਹੀ ਮਾਰ ਸੁੱਟਿਆ॥੧੮॥

**ਜਗਜ ਕੁੰਡ ਨਿਰਖਤ ਭਯੋ ਜਬ ਹੀ॥ ਜੂਟ ਜਟਾਨ ਉਖਾਰਸ ਤਬ ਹੀ॥**
**ਬੀਰਭਦ੍ਰ ਤਬ ਕੀਆ ਪ੍ਰਕਾਸਾ॥ ਉਪਜਤ ਕਰੋ ਨਰੇਸਨ ਨਾਸਾ॥੧੯॥**

***ਭਾਵਾਰਥ:-*** ਜਦੋਂ ਹੀ ਯੱਗ (ਹਵਨ) ਕੁੰਡ ਨੂੰ ਵੇਖਿਆ, ਓਦੋਂ ਹੀ ਜਟਾਂ ਦਾ (ਜੂਟ) ਸਮੂਹ (ਜੂੜਾ) ਉਖਾੜਿਆ। ਤਾਂ 'ਵੀਰਭਦ੍ਰ (ਨਾਮੇ ਸ਼ਿਵ ਗਣ)' ਨੇ (ਪ੍ਰਕਾਸ਼ਾ) ਜਨਮ ਲਿਆ। (ਜੀਹਨੇ) (ਉਪਜਤ) ਪੈਦਾ ਹੁੰਦਿਆਂ ਹੀ (ਨਰੇਸਨ) ਰਾਜਿਆਂ ਦਾ ਨਾਸ ਕਰ ਦਿੱਤਾ॥੧੯॥

**ਕੇਤਿਕ ਕਰੇ ਦੁਖੰਡ ਨ੍ਰਿਪਤਿ ਬਰ॥ ਕੇਤਿਕ ਪਠੈ ਦਏ ਜਮ ਕੇ ਘਰ॥**
**ਕੇਤਿਕ ਗਿਰੇ ਧਰਣਿ ਬਿਕਰਾਰਾ॥ ਜਨੁ ਸਰਿਤਾ ਕੇ ਗਿਰੇ ਕਰਾਰਾ॥੨੦॥**

***ਭਾਵਾਰਥ:-*** ਕਈ ਉੱਤਮ ਰਾਜੇ ਦੋ (ਦੋ) ਟੁੱਕੜੇ ਕਰ ਦਿੱਤੇ, ਕਈ ਯਮ ਦੇ ਘਰ ਭੇਜ ਦਿੱਤੇ (ਭਾਵ- ਮਾਰ ਦਿੱਤੇ)। ਕਈ (ਬਿਕਰਾਰਾ) ਡਰਾਉਣੇ (ਜਿਸਮ, ਭਾਵ- ਮੁਰਦੇ ਹੋ ਕੇ) ਜ਼ਮੀਨ 'ਤੇ ਡਿੱਗੇ ਪਏ ਸਨ-ਮਾਨੋ ਕਿ (ਸਰਿਤਾ) ਨਦੀ ਦੇ (ਕਰਾਰਾ) ਕਿਨਾਰੇ (ਕੰਢੇ) ਡਿੱਗੇ ਹੋਏ ਹਨ॥੨੦॥

**ਤਬ ਲਉ ਸਿਵਹਿ ਚੇਤਨਾ ਆਈ॥ ਗਹਿ ਪਿਨਾਕ ਕਹੁ ਪਰੋ ਰਿਸਾਈ॥**
**ਜਾ ਕੇ ਤਾਣ ਬਾਣ ਤਨ ਮਾਰਾ॥ ਪ੍ਰਾਨ ਤਜੇ ਤਿਨ ਪਾਨ ਨੁਚਾਰਾ॥੨੧॥**

***ਭਾਵਾਰਥ:-*** ਓਨੇ ਚਿਰ ਤੱਕ ਸ਼ਿਵ ਨੂੰ ਵੀ (ਚੇਤਨਾ) ਹੋਸ਼ ਆ ਗਈ ਤਾਂ (ਪਿਨਾਕ (ਧਨੁਸ਼) ਨੂੰ ਫੜ ਕੇ ਪੈ ਗਿਆ। ਜੀਹਦੇ ਸਰੀਰ ਨੂੰ ਖਿੱਚ ਕੇ ਤੀਰ ਮਾਰਿਆ-ਗੁੱਸੇ ਨਾਲ ਉਹਨੇ ਸਵਾਸ ਹੀ ਛੱਡੇ- ਪਾਣੀ ਨਾ (ਉਚਾਰਾ) ਮੰਗਿਆ (ਕਹਿਆ)॥੨੧॥

**ਚੌਪਈ॥**

**ਡਮਾ ਡਮ ਡਉਰੂ ਬਹੁ ਬਾਜੇ[1]॥ ਭੂਤ ਪ੍ਰੇਤ ਦਸਊ ਦਿਸ ਗਾਜੇ[2]॥**
**ਝਿਮ ਝਿਮ ਕਰਤ ਅਸਿਨਿ ਕੀ ਧਾਰਾ॥ ਨਾਚੇ ਰੁੰਡ ਮੁੰਡ ਬਿਕਰਾਰਾ॥੨੨॥**

***ਭਾਵਾਰਥ:-*** ਡੌਰੂ ਡਮਡਮ (ਸ਼ਬਦ ਨਾਲ) ਬਹੁਤ ਵੱਜਦਾ ਹੈ, ਭੂਤ ਪ੍ਰੇਤ ਦਸਾਂ ਹੀ ਪਾਸਿਆਂ ਵਿੱਚ ਬੋਲਦੇ ਹਨ। ਤਲਵਾਰਾਂ ਦੀਆਂ ਧਾਰਾਂ (ਝਿਮ ਝਿਮ ਕਰਤਿ) ਚਮਕਦੀਆਂ ਹਨ। ਭਿਆਨਕ (ਰੂਪ ਨਾਲ) (ਰੁੰਡ ਮੁੰਡ- ਜਿਨ੍ਹਾਂ ਦੇ ਸਿਰ ਵੱਢੇ ਹੋਏ ਹਨ) ਮੁਰਦੇ ਨੱਚਦੇ ਹਨ॥੨੨॥

**ਬੱਜੇ ਢੋਲ ਸਨਾਇ ਨਗਾਰੇ॥ ਜੁਟੇ ਜੰਗ ਕੋ ਜੋਧ ਜੁਝਾਰੇ॥**
**ਖਹਿ ਖਹਿ ਮਰੇ ਅਪਰ ਰਿਸ ਬਢੇ॥ ਬਹੁਰਿ ਨ ਦੇਖਿਯਤ ਤਾਜਿਨਿ ਚਢੇ[3]॥੨੩॥**

***ਭਾਵਾਰਥ:-*** ਢੋਲ, (ਸਨਾਇ) ਤੁਰਹੀਆਂ ਅਤੇ ਨਗਾਰੇ ਵੱਜੇ। (ਜੁਝਾਰੇ) ਲੜਾਕੇ ਯੋਧੇ ਯੁੱਧ ਨੂੰ ਜੁੜੇ ਹੋਏ ਹਨ। (ਖਹਿ ਖਹਿ) ਲੜ ਲੜ ਕੇ ਮਰਦੇ ਵੀ ਹਨ ਅਤੇ ਹੋਰ ਵੀ ਗੁੱਸਾ ਵਧ ਰਿਹਾ ਹੈ। ਫੇਰ (ਤਾਜਿਨਿ) ਘੋੜਿਆਂ ਤੇ ਚੜ੍ਹੇ ਹੋਏ ਨਹੀਂ ਵੇਖੇ ਜਾਂਦੇ (ਭਾਵ- ਮਰ ਜਾਂਦੇ ਹਨ)॥੨੩॥

---

[1] ਪਾਠ- ਡਮ ਡਮ ਡਮ੍ਰ ਡਾਮਰੰ ਬੱਜੇ॥

[2] ਪਾਠ- ਗੱਜੇ

[3] ਪਾਠ- ਬਹੁ ਰਨ ਦੇਖੀਐ ਤਾਜਿਅਨਿ ਚਢੇ॥

**ਜਾ ਪਰ ਮੁਸ੍ਟਿ ਤ੍ਰਿਸੂਲ ਪ੍ਰਹਾਰਾ॥ ਤਾ ਕਹੁ ਠਉਰ ਮਾਰ ਹੀ ਡਾਰਾ॥**
**ਐਸੋ ਭਯੋ ਬੀਰ ਘਮਸਾਨਾ॥ ਭਕਭਕਾਇ ਤਹ ਜਗੇ ਮਸਾਨਾ॥੨੪॥**

***ਭਾਵਾਰਥ:–*** ਜੀਹਦੇ 'ਤੇ ਮੁੱਠੀ (ਵਿੱਚ ਫੜ ਕੇ) ਤ੍ਰਿਸ਼ੂਲ ਮਾਰਿਆ। ਉਹਨੂੰ ਥਾਂ ਹੀ ਮਾਰ ਸੁੱਟਿਆ। (ਬੀਰ) ਵੀਰਭਦ੍ਰ ਦਾ ਐਹੋ ਜਿਹਾ ਜੰਗ ਹੋਇਆ ਕਿ ਓਥੇ (ਭਕਭਕਾਇ) ਬੜਬੜਾ ਕੇ (ਮਸਾਨਾ) ਮੁਰਦੇ ਵੀ ਜਾਗ ਉੱਠੇ॥੨੪॥

**ਦੋਹਰਾ॥**
**ਤੀਰ ਤਬਰ ਬਰਛੀ ਬਿਛੂਅ ਬਰਸੇ ਬਿਸਖ ਅਨੇਕ॥**
**ਸਬ ਸੂਰਾ ਜੂਝਤ ਭਏ ਸਾਬਤ ਬਚਾ ਨ ਏਕ॥੨੫॥**

***ਭਾਵਾਰਥ:–*** ਤੀਰ, ਕੁਹਾੜੇ, ਬਰਛੀਆਂ, ਬਿਛੂਏ ਅਤੇ ਅਨੇਕਾਂ (ਬਿਸਖ) ਤੀਰ ਵਰ੍ਹੇ। ਸਾਰੇ ਯੋਧੇ ਮਰ ਗਏ ਇੱਕ ਵੀ (ਸਾਬਤ) ਬੇ-ਜ਼ਖ਼ਮ ਨਾ ਬਚਿਆ॥੨੫॥

**ਚੌਪਈ॥**
**ਕਟਿ ਕਟਿ ਮਰੇ ਨਰੇਸ ਦੁਖੰਡਾ॥ ਬਾਇ ਹਨੇ ਗਿਰਿਗੇ ਜਨੁ ਝੰਡਾ॥**
**ਸੂਲ ਸੰਭਾਰ ਰੁਦ੍ਰ ਜਬ ਪਰਿਯੋ॥ ਚਿਤ੍ਰ ਬਚਿਤ੍ਰ ਅਯੋਧਨ ਕਰਿਯੋ॥੨੬॥**

***ਭਾਵਾਰਥ:–*** ਰਾਜੇ ਦੋ ਦੋ ਟੁੱਕੜੇ ਕੱਟ ਕੱਟ ਕੇ ਮਰ ਗਏ, ਮਾਨੋ ਕਿ ਹਵਾ ਦੇ ਮਾਰੇ ਝੰਡੇ ਡਿੱਗ ਪਏ ਹਨ। ਜਦੋਂ ਸ਼ਿਵ ਤ੍ਰਿਸ਼ੂਲ (ਸੰਭਾਰ) ਫੜ ਕੇ ਪਿਆ ਤਾਂ (ਅਯੋਧਨ) ਜੰਗ ਦੀ (ਚਿਤ੍ਰ) ਤਸਵੀਰ ਹੀ (ਬਚਿਤ੍ਰ) ਅਸਚਰਜ ਕਰ ਦਿੱਤੀ॥੨੬॥

**ਭਾਜਿ ਭਾਜਿ ਤਬ ਚਲੇ ਨਰੇਸਾ॥ ਜਗਜ ਬਿਸਾਰ ਸੰਭਾਰਯੋ ਦੇਸਾ॥**
**ਜਬ ਰਣ ਰੁਦ੍ਰ ਰੁਦ੍ਰ ਹ੍ਵੈ ਧਾਏ॥ ਭਾਜਤ ਭੂਪ ਨ ਬਾਚਨ ਪਾਏ॥੨੭॥**

***ਭਾਵਾਰਥ:–*** ਤਾਂ ਰਾਜੇ ਭੱਜ ਭੱਜ ਕੇ ਤੁਰ ਗਏ। ਯੱਗ ਨੂੰ ਭੁਲਾ ਕੇ ਦੇਸ਼ ਨੂੰ (ਸੰਭਾਰਯੋ) ਸੋਚਿਆ। ਜਦੋਂ ਸ਼ਿਵ (ਰੁਦ੍ਰ) ਡਰਾਵਣਾ ਬਣ ਕੇ ਦੌੜਿਆ, ਤਾਂ ਰਾਜੇ ਭੱਜਦੇ ਹੋਏ ਵੀ ਨਾ ਬਚ ਸਕੇ॥੨੭॥

**ਤਬ ਸਬ ਭਰੇ ਤੇਜ ਤਨੁ ਰਾਜਾ॥ ਬਾਜਨ ਲਗੇ ਅਨੰਤਨ ਬਾਜਾ॥**
**ਮਚਯੋ ਬਹੁਰਿ ਘੋਰਿ ਸੰਗ੍ਰਾਮਾ॥ ਜਮ ਕੋ ਭਰਾ ਛਿਨਿਕ ਮਹਿ ਧਾਮਾ॥੨੮॥**

***ਭਾਵਾਰਥ:–*** ਤਾਂ ਸਾਰੇ ਰਾਜੇ (ਤੇਜ) ਗੁੱਸੇ ਨਾਲ ਭਰ ਗਏ, (ਅਨੰ) ਹੋਰ (ਤਨ) ਤਰ੍ਹਾਂ ਦੇ ਵਾਜੇ ਵੱਜਣ ਲੱਗ ਪਏ। ਫੇਰ (ਘੋਰਿ) ਸ਼ਿਵ ਨਾਲ (ਸੰਗ੍ਰਾਮਾ) ਜੰਗ ਮੱਚਿਆ। ਛਿਨ ਭਰ ਵਿੱਚ ਹੀ ਯਮ ਦਾ ਘਰ (ਨਰਕ) ਭਰ ਦਿੱਤਾ ਗਿਆ॥੨੮॥

**ਭੂਪਤਿ ਫਿਰੇ ਜੁੱਧ ਕੇ ਕਾਰਨ॥ ਲੈ ਲੈ ਬਾਣ ਪਾਣ ਹਥਯਾਰਨ॥**
**ਧਾਇ ਧਾਇ ਅਰਿ ਕਰਤ ਪ੍ਰਹਾਰਾ॥ ਜਨੁ ਕਰ ਚੋਟ ਪਰਤਿ ਘਰਿਯਾਰਾ॥੨੯॥**

***ਭਾਵਾਰਥ:–*** (ਜੁੱਧ) ਲੜਨ ਦੇ ਵਾਸਤੇ (ਭੂਪਤਿ) ਰਾਜੇ ਮੁੜ ਪਏ, ਹੱਥਾਂ ਵਿੱਚ ਤੀਰ (ਆਦਿਕ) ਹਥਿਆਰਾਂ ਨੂੰ ਲੈ ਲੈ ਕੇ। ਵੈਰੀ ਦੌੜ ਦੌੜ ਕੇ (ਪ੍ਰਹਾਰਾ) ਵਾਰ ਕਰਦੇ ਹਨ, ਮਾਨੋ ਕਿ ਘੜਿਆਲ 'ਤੇ (ਕਰ ਚੋਟ) ਮੁੰਗਲੀ ਪੈਂਦੀ ਹੈ॥੨੯॥

**ਖੰਡ ਖੰਡ ਰਣ ਗਿਰੇ ਅਖੰਡਾ॥ ਕਾਂਪਯੋ ਖੰਡ ਨਵੇ ਬ੍ਰਹਮੰਡਾ॥**

**ਛਾਡਿ ਛਾਡਿ ਅਸਿ ਗਿਰੇ ਨਰੇਸਾ॥ ਮਚਯੋ ਜੁੱਧੁ ਸੁਯੰਬਰ ਜੈਸਾ॥੩੦॥**

***ਭਾਵਾਰਥ:-*** ਅਖੰਡ (ਯੋਧੇ) ਟੋਟੇ ਟੋਟੇ ਹੋ ਕੇ ਡਿੱਗ ਪਏ, ਨੌਖੰਡ (ਸਾਰਾ) ਹੀ ਬ੍ਰਹਮੰਡ ਕੰਬ ਗਿਆ। (ਸੱਥੋਂ) ਤਲਵਾਰਾਂ ਸੁੱਟ ਸੁੱਟ ਕੇ ਰਾਜੇ ਡਿੱਗੇ। (ਜੇ) ਜੋ ਜੰਗ ਸੀ ਸੁਯੰਬਰ (ਸਾ) ਵਰਗਾ ਹੀ ਮਚਿਆ॥੩੦॥

**ਨਰਾਜ ਛੰਦ॥**

**ਅਰੁੱਝੇ ਕਿਕਾਣੀ॥ ਧਰੇ ਸਸਤ੍ਰ ਪਾਣੀ॥**
**ਪਰੀ ਮਾਰ ਬਾਣੀ॥ ਕੜੱਕੇ ਕਮਾਣੀ॥੩੧॥**

***ਭਾਵਾਰਥ:-*** (ਕਿਕਾਣੀ) ਘੋੜਿਆਂ ਵਾਲੇ (ਯੋਧੇ) (ਅਰੁੱਝੇ) ਲੜੇ। ਹੱਥਾਂ ਵਿੱਚ ਸ਼ਸਤਰ ਫੜ੍ਹੇ ਹੋਏ ਸਨ। ਤੀਰਾਂ ਦੀ (ਮਾਰ) ਬੁਛਾੜ ਪਈ, ਕਮਾਨਾਂ ਕੜਕੀਆਂ॥੩੧॥

**ਝੜੱਕੇ ਕ੍ਰਿਪਾਣੀ॥ ਧਰੇ ਧੂਰਿ ਧਾਣੀ॥**
**ਚੜੇ ਬਾਨ ਸਾਣੀ॥ ਰਟੇ ਏਕ ਪਾਣੀ॥੩੨॥**

***ਭਾਵਾਰਥ:-*** ਕ੍ਰਿਪਾਨਾਂ (ਝਣੱਕੇ) ਚਮਕੀਆਂ, (ਧੂਰਿ ਧਾਣੀ- ਜੀਹਦੇ ਚੱਲਣ ਤੋਂ ਧੂੜ ਉੱਡੇ, ਜੀਹਦੇ ਚੱਲਿਆਂ ਧੂੰਆਂ ਨਿਕਲੇ) ਲੰਮੀਆਂ, ਬੰਦੂਕਾਂ (ਜੰਜੈਲਾਂ) ਨੂੰ (ਧਰੇ) ਫੜੇ ਹੋਏ (ਯੋਧੇ), ਸਾਣਾਂ ਦੇ ਚੜ੍ਹੇ ਹੋਏ (ਤਿਖੇ) ਤੀਰ (ਤਿੱਖੇ ਤੀਰਾਂ ਵਾਲੇ, ਅਥਵਾ- ਤੀਰਾਂ ਦੀ ਸਾਣ ’ਤੇ ਚੜ੍ਹੇ ਹੋਏ, ਤੀਰਾਂ ਨਾਲ ਵਿੰਨ੍ਹੇ ਹੋਏ ਯੋਧੇ), (ਏਕ) ਫ਼ਕਤ ਪਾਣੀ ਹੀ (ਪਾਣੀ) (ਰਟੇ) ਬੋਲਦੇ (ਮੰਗਦੇ) ਹਨ॥੩੨॥

**ਨਰਾਜ ਛੰਦ॥**

**ਚਵੀ ਚਾਂਵਡਾਣੀ॥ ਜੁਟੇ ਹਾਣ ਹਾਣੀ॥**
**ਹਸੀ ਦੇਵ ਰਾਣੀ॥ ਝਮੱਕੇ ਕ੍ਰਿਪਾਣੀ॥੩੩॥**

***ਭਾਵਾਰਥ:-*** (ਚਾਂਵਡਾਣੀ) ਇੱਲਾਂ (ਗਿਰਝਾਂ) ਬੋਲੀਆਂ। ਬਰਾਬਰ ਬਰਾਬਰ ਦੇ ਜੁੱਟ ਪਏ (ਅਥਵਾ- ਮਾਰਨ ਮਰਨ ਨੂੰ ਜੁੱਟ ਪਏ)। (ਦੇਵਰਾਣੀ) ਚੰਡੀ ਹੱਸ ਪਈ, ਤਲਵਾਰਾਂ ਚਮਕੀਆਂ॥੩੩॥

**ਬ੍ਰਿਧ ਨਰਾਜ ਛੰਦ[੧]॥**

---

੧ ਲਿਖਤ ਪੋਥੀ ਵਿੱਚ ਏਥੇ ‘ਨਰਾਜ ਛੰਦ’ ਹੀ ਪਾਠ ਹੈ। ਅੰਵਾਣ ਲਿਖਾਰੀ ਨੇ ਅੰਗ ੩੧ ਦੇ ਆਦਿ ਵਿੱਚ ‘ਨਰਾਜ ਛੰਦ’ ਪਾਠ ਲਿਖ ਦਿੱਤਾ ਸੀ, ਉਸ ਨੂੰ ਆਪਣੀ ਭੁੱਲ ਦਾ ਪਤਾ ਨਹੀਂ ਲੱਗ ਸਕਿਆ ਕਿ ਏਥੇ ਸ਼ੁੱਧ ਪਾਠ ‘ਰਸਾਵਲ ਛੰਦ’ ਹੈ। ਹੁਣ ਦੁਬਾਰਾ ਏਥੇ ‘ਨਰਾਜ ਛੰਦ’ ਕਿਵੇਂ ਲਿਖਦਾ? ਕਿਉਂਕਿ ਏਹਦੀ ਚਾਲ ਪਿਛਲੀ ਚਾਲ ਨਾਲੋਂ ਅੱਡਰੀ ਹੋ ਗਈ ਸੀ- ਏਸ ਗਲਤੀ ’ਤੇ ਪਰਦਾ ਪਾਉਣ ਲਈ ਨਾਲ ‘ਬ੍ਰਿਧ’ ਪਾਠ ਜੋੜ ਦਿੱਤਾ ਹੈ, ਲਿਖਤ ਪੋਥੀ ਵਿੱਚ ‘ਨਰਾਜ ਛੰਦ’ ਹੀ ਪਾਠ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨੂੰ ਪਿੰਗਲ ਤੋਂ ਅਗਿਆਤ ਲਿਖਾਰੀਆਂ ਨੇ ਏਨਾ ਵਿਗਾੜਿਆ ਹੋਇਆ ਹੈ ਕਿ ਜੀਹਦਾ ਸੁਧਾਰਨਾ ਹੁਣ ਨਾਮੁਮਕਿਨ ਹੋ ਗਿਆ ਹੈ। ਇਹ ਤਾਂ ਅਜੇ ਕੁੱਲ ਸੰਮਤ ੧੭੪੦ ਦੇ ਲਗਭਗ ਦੀ ਰਚਨਾ ਦਾ ਹਾਲ ਹੈ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਰਚਨਾ ਜਿਹੜੀ ਕਿ ਸੰਮਤ ੧੫੯੦ ਦੇ ਲਗਭਗ ਦੀ ਹੋਈ ਹੈ ਓਹਦਾ ਜੋ ਹਾਲ ਐਸ ਵੇਲੇ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਵਿੱਚ ਕੀਤਾ ਹੋਇਆ ਹੈ ਉਹ ਤਾਂ ਸਾਰਾ ਲਿਖਿਆ ਜਾਣਾ ਹੀ ਅਸੰਭਵ ਹੋ ਗਿਆ ਹੈ, ਸ੍ਰੀ ਜਪੁ ਦੀਆਂ ਘੱਟੋ ਘੱਟ ਪੰਜ ਪਉੜੀਆਂ ਦੋ-ਦੋ ਤੋਂ ਇੱਕ-ਇੱਕ ਕੀਤੀਆਂ ਹੋਈਆਂ ਹਨ ਅਤੇ ਸਾਰੇ ਜਪੁ ਵਿੱਚੋਂ ੨੦ ਤੁਕਾਂ ਹੀ ਭੁੱਲੀਆਂ ਹੋਈਆਂ ਹਨ, ਮਾਤ੍ਰਿਕ ਕਿਰਿਆ ਦੇ ਭੰਗ ਦਾ ਤਾਂ ਹਿਸਾਬ ਹੀ ਅੱਡਰਾ ਹੈ- ਜੇ ਇਸ ਦਾ ਨਿਰਣਯ ਕੀਤਾ ਜਾਵੇ ਤਾਂ ਇਕ ਆਦਮੀ ਦਾ ਜੀਵਨ ਨਹੀਂ ਕਰ ਸਕਦਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਏਸ ਛੰਦ ਬਾਰੇ ਚਾਰ ਲੇਖ ਮਿਲਦੇ ਹਨ, (ੳ) ਨਰਾਜ ਛੰਦ (ਅ) ਅਰਧ ਨਰਾਜ ਛੰਦ (ੲ) ਬ੍ਰਿਧ ਨਰਾਜ ਛੰਦ (ਸ) ਲਘੁ ਨਰਾਜ ਛੰਦ। ਕ੍ਰਮਵਾਰ ਨਿਰਣਯ ਕੀਤਿਆਂ ‘ਨਰਾਜ ਛੰਦ’

**ਸੁ ਮਾਰ ਮਾਰ ਸੂਰਮਾ ਪੁਕਾਰ ਮਾਰ ਕੈ ਚਲੇ॥**
**ਅਨੰਤ ਰੁਦ੍ਰ ਕੇ ਗਣੋ ਬਿਅੰਤ ਬੀਰਹਾ ਦਲੇ॥**
**ਘਮੰਡ ਘੋਰ ਸਾਵਣੀ ਅਘੋਰ ਜਸੋਂ ਘਟਾ ਉਠੀ॥**
**ਅਨੰਤ ਬੂੰਦ ਬਾਣ ਧਾਰ ਸੁੱਧ ਕ੍ਰੁਧ ਕੈ ਬੁਠੀ॥੩੪॥**

***ਭਾਵਾਰਥ:-*** (ਮਾਰ) ਸੱਪ (ਸੁਮਾਰ) ਵਾਂਗ ਯੋਧੇ 'ਮਾਰ' ਕਹਿ ਕੇ ਤੁਰੇ। ਬੇਅੰਤ ਸ਼ਿਵ ਦੇ ਗਣਾਂ ਨੇ ਬੇਅੰਤ ਹੀ (ਬੀਰਹਾ) ਮਹਾਂਵੀਰ (ਮਹਾਨ ਸੂਰਮੇ) ਦਲ ਦਿੱਤੇ। ਜਿਵੇਂ ਸਾਉਣ ਦੀ (ਅਘੋਰ) ਬੋਲੀ ਘਟਾ (ਘੋਰ) ਮਹਾਨ (ਘਮੰਡ) ਗੱਜ ਕੇ ਉੱਠੀ ਹੁੰਦੀ ਹੈ। ਬੇਅੰਤ ਬੂੰਦਾਂ ਰੂਪ ਬਾਣਾਂ ਦੀ ਧਾਰ ਨੂੰ (ਸੁੱਧ) ਕੇਵਲ ਕਰੋਧ ਨਾਲ ਹੀ ਵਰ੍ਹੀ ਹੈ॥੩੪॥

**ਨਰਾਜ ਛੰਦ[੧]॥**

**ਬਿਅੰਤ ਸੂਰ ਧਾਵਹੀ॥ ਸੁ ਮਾਰੁ ਮਾਰ ਘਾਵਹੀ॥**
**ਅਘਾਇ ਘਾਇ ਉੱਠਹੀਂ॥ ਅਨੇਕ ਬਾਣ ਬੁੱਠਹੀਂ॥੩੫॥**

***ਭਾਵਾਰਥ:-*** ਬਹੁਤ ਯੋਧੇ ਦੌੜਦੇ ਹਨ। ਮਾਰ ਮਾਰ (ਉਘਾਵਹੀ) ਬੋਲਦੇ ਹਨ। ਬੇ-ਜ਼ਖ਼ਮੀ (ਸਰੀਰਾਂ) 'ਤੇ ਵੀ (ਘਾਇ) ਜ਼ਖ਼ਮ (ਉੱਠਹੀਂ) ਪੈਦਾ ਹੁੰਦੇ ਹਨ। ਬਹੁਤ ਤੀਰ ਵਰ੍ਹਦੇ ਹਨ॥੩੫॥

**ਨਰਾਜ ਛੰਦ॥**

**ਅਨੰਤ ਅਸਤ੍ਰ ਸੱਜ ਕੈ॥ ਚਲੇ ਸੁ ਬੀਰ ਗੱਜ ਕੈ॥**
**ਨਿਰਭੈ ਹਥਯਾਰ ਝਾਰਹੀਂ॥ ਸੁ ਮਾਰ ਮਾਰੁਚਾਰਹੀਂ॥੩੬॥**

***ਭਾਵਾਰਥ:-*** ਬਹੁਤ (ਅਸਤਰ) ਮੁਕਤ ਸ਼ਸਤਰ (ਤੀਰ ਆਦਿਕ) ਸਜਾ ਕੇ, ਗੱਜ ਕੇ ਯੋਧੇ ਤੁਰੇ। ਨਿਡਰ ਹੋ ਕੇ ਹਥਿਆਰ (ਝਾਰਹੀਂ) ਮਾਰਦੇ ਹਨ। ਮਾਰ ਮਾਰ ਬੋਲਦੇ ਹਨ॥੩੬॥

**ਘਮੰਡ ਘੋਰ ਜਸੋਂ ਘਟਾ॥ ਚਲੇ ਬਨਾਇ ਤਸੋਂ ਥਟਾ॥**
**ਸੁ ਸਸਤ੍ਰ ਸੂਰ ਸੋਭਹੀਂ॥ ਸੁਤਾ ਸੁਰਾਨਿ ਲੋਭਹੀਂ॥੩੭॥**

---

ਦਾ ਲੱਛਣ ਉੱਤੇ ਦੱਸ ਆਏ ਹਾਂ ਕਿ ਲਘੁ ਗੁਰੂ ਕ੍ਰਮ ਨਾਲ ਇੱਕ ਤੁਕ ਵਿੱਚ ਸੋਲ੍ਹਾਂ ਅੱਖਰ ਹੋਣ, ਅੱਠ-ਅੱਠ ਅੱਖਰਾਂ 'ਤੇ ਵਿਸ਼੍ਰਾਮ ਹੋਵੇ, ਚਾਰ ਤੁੱਕਾਂ ਹੋਣ ਤਾਂ 'ਨਰਾਜ ਛੰਦ' ਬਣਦਾ ਹੈ। ਪਿੰਗਲ ਗ੍ਰੰਥਾਂ ਵਿੱਚ 'ਨਾਗਰਾਜ', 'ਪੰਚ ਚਾਮਰ', 'ਵਿਚਿਤ੍ਰਾ ਅਤੇ 'ਨਰਾਚ' ਨਾਮ ਵੀ ਆਏ ਹੋਏ ਹਨ। ਪਰ ਲੱਛਣ ਉਪਰ ਵਾਲਾ ਹੀ ਹੈ। ਏਸ ਦੇ ਮੁਕਾਬਲੇ ਤੇ 'ਬ੍ਰਿਧ ਨਰਾਜ ਛੰਦ' ਦੁੱਗਣਾ ਚਾਹੀਦਾ ਸੀ, ਪਰ 'ਬ੍ਰਿਧ ਨਰਾਜ ਛੰਦ' ਵਿੱਚ ਵੀ ਉਪਰ ਵਾਲਾ ਰੂਪ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਮਿਲਿਆ ਹੈ, ਕਿਸੇ ਥਾਂ ਵਿੱਚ ਵੀ ਕੋਈ ਵਾਧਾ ਨਹੀਂ ਮਿਲਿਆ, ਫੇਰ 'ਬ੍ਰਿਧ' ਪਾਠ ਲਿਖਣ ਦਾ ਕੀ ਭਾਵ ਨਿਕਲਿਆ? ਇਹ ਕੇਵਲ ਅੰਞਾਣ ਲਿਖਾਰੀ ਦਾ ਵਧਾਇਆ ਹੋਇਆ ਪਦ ਹੈ- ਏਸ ਤੋਂ ਕੋਈ ਵੱਖਰਾ ਰੂਪ ਨਹੀਂ ਬਣਦਾ। 'ਅਰਧ ਨਰਾਜ ਛੰਦ' ਠੀਕ ਅੱਠ-ਅੱਠ ਅੱਖਰਾਂ ਦੀ ਹੀ ਤੁੱਕ ਵਾਲਾ ਹੈ। 'ਲਘੁ ਨਰਾਜ ਛੰਦ' ਠੀਕ ਚਾਰ-ਚਾਰ ਅੱਖਰਾਂ ਦੀ ਹੀ ਤੁੱਕ ਵਾਲਾ ਹੈ, ਇਹ ਦੋਵੇਂ ਸ਼ੁੱਧ ਦਿੱਸਦੇ ਹਨ।

[੧] ਏਥੇ ਕੋਈ ਸਿਰਲੇਖ ਪੋਥੀ ਦਾ ਲਿਖਾਰੀ ਨੇ ਨਹੀਂ ਲਿਖਿਆ ਪਰੰਤੂ ਚਾਹੀਦਾ ਜ਼ਰੂਰ ਸੀ, ਛੰਦ ਸ਼ਾਸਤ੍ਰ ਅਨੁਸਾਰ ਇਹ 'ਅਰਧ ਨਰਾਜ ਛੰਦ' ਦਾ ਹੀ ਰੂਪ ਬਣਦਾ ਹੈ, ਇਸ ਨੂੰ 'ਨਗਸ੍ਰੂਪਣੀ' ਅਤੇ 'ਪ੍ਰਮਾਣਿਕ' ਨਾਂਵਾਂ ਨਾਲ ਵੀ ਕਵੀਜਨਾਂ ਨੇ ਲਿਖਿਆ ਹੈ ਇਹ ਸਰੂਪ ਸੂਰਯਵਾਤਾਰ ਵਿੱਚ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ ਯਥਾ:-

'ਸੁ ਧੂਮ ਧੂਮ ਧੂਮਿ ਹੀ॥ ਕਰੰਤ ਸੈਨ ਭੂਮਿ ਹੀ॥
ਬਿਅੰਤ ਧਜਾਨ ਧਜਾਵਹੀ। ਦੁਰੰਤ ਠੌਰ ਪਾਵਹੀ॥ (ਸੂਰਯਾਵਾਤਾਰ)

***ਭਾਵਾਰਥ:-*** ਜਿਵੇਂ (ਘੋਰ) ਕਾਲੀ ਘਟਾ (ਘਮੰਡ) ਗੱਜਦੀ ਹੈ, ਓਸੇ ਤਰ੍ਹਾਂ ਦਾ ਥਾਟ ਬਣਾ ਕੇ ਤੁਰੇ। ਸ਼ਸਤਰਾਂ ਸਮੇਤ ਯੋਧੇ ਸੋਭਦੇ ਹਨ। ਦੇਵਤਿਆਂ ਦੀਆਂ (ਸੁਤਾ) ਲੜਕੀਆਂ ਲੁਭਾਇਮਾਨ ਹੁੰਦੀਆਂ ਹਨ॥੩੭॥

**ਸੁ ਬੀਰ[1] ਬੀਨ ਕੈ ਬਰੈਂ॥ ਸੁਰੇਸ ਲੋਗ ਬਿੱਚਰੈਂ॥**
**ਸਤ੍ਰਾਸ ਭੂਪ ਜੇ ਭਜੇ॥ ਸੁ ਦੇਵ ਪੁਤ੍ਰਿਕਾ ਤਜੇ॥੩੮॥**

***ਭਾਵਾਰਥ:-*** ਚੰਗੇ ਸੂਰਮਿਆਂ ਨੂੰ (ਬੀਨ) ਚੁਣ ਕੇ ਵਿਆਹੁੰਦੀਆਂ ਹਨ ਅਤੇ (ਸੁਰੇਸ ਲੋਗ- ਇੰਦਰ ਲੋਕ) ਸਵਰਗ ਨੂੰ (ਬਿੱਚਰੈਂ) ਚਲੀਆਂ ਜਾਂਦੀਆਂ ਹਨ। ਜੋ ਰਾਜੇ ਡਰ ਨਾਲ ਦੌੜ ਗਏ-ਉਹ ਦੇਵਤਿਆਂ ਦੀਆਂ (ਪੁਤ੍ਰਿਕਾ) ਕੰਨਿਆਂ ਨੇ ਛੱਡ ਦਿੱਤੇ॥੩੮॥

**ਬ੍ਰਿਧ ਨਰਾਜ ਛੰਦ॥**
**ਸੁ ਸਸਤ੍ਰ ਅਸਤ੍ਰ ਸੱਜਿ ਕੇ ਪਰੇ ਹਕਾਰ ਕੈ ਹਠੀ॥**
**ਬਿਲੋਕਿ ਰੁਦ੍ਰ ਰੁਦ੍ਰ ਕੋ ਬਨਾਇ ਸੈਨ ਏਕਠੀ॥**
**ਅਨੰਤ ਘੋਰ ਸਾਵਣੀ ਦੁਰੰਤ ਜਯੋਂ ਉਠੀ ਘਟਾ॥**
**ਸ ਸੋਭ ਸੂਰਮਾ ਨਚੈ ਸੁ ਛੀਨਿ ਛਤ੍ਰਕੀ ਛਟਾ[2]॥੩੯॥**

***ਭਾਵਾਰਥ:-*** ਉੱਤਮ ਸ਼ਸਤਰ ਅਸਤਰ ਸਜਾ ਕੇ (ਹਕਾਰ) ਬੁਲਾ (ਵੰਗਾਰ) ਕੇ ਯੋਧੇ (ਟੁੱਟ) ਪਏ। (ਰੁਦ੍ਰ) ਭਿਆਨਕ ਸ਼ਿਵ ਨੂੰ ਵੇਖ ਕੇ ਫ਼ੌਜ ਇਕੱਠੀ ਕਰ ਕੇ। ਜਿਵੇਂ ਸਾਉਣ ਦੀ ਬਹੁਤ ਤੋਂ ਬਹੁਤ (ਘੋਰ) ਕਾਲੀ ਘਟਾ ਉੱਠੀ ਹੁੰਦੀ ਹੈ। ਸੋਭ ਵਾਲੇ (ਸੋਹਣੇ) ਸੂਰਮੇ ਨੱਚਦੇ ਹਨ (ਮਾਨੋ ਕਿ) (ਛਤ੍ਰਕੀ) ਖੁੰਬ ਦੀ (ਛਟਾ) ਚਮਕ ਨੂੰ ਵੀ ਖੋਹ ਲਿਆ ਹੈ॥੩੯॥

**ਬ੍ਰਿਧ ਨਰਾਜ॥**
**ਕਪਾਇ ਖੱਗ ਪਾਣ ਮੋ ਤ੍ਰਪਾਇ ਤਾਜਿਯੰ ਤਹਾਂ॥**
**ਜੁਆਨ ਆਨ ਕੈ ਪਰੇ ਸੁ ਰੁਦ੍ਰ ਠਾਢ ਥੋ ਜਹਾਂ॥**
**ਬਿਅੰਤ ਬਾਣ ਸੈਹਥੀ ਪ੍ਰਹਾਰ ਆਨ ਕੈ ਕਰੈਂ॥**
**ਧਕੇਲਿ ਰੇਲਿ ਲੈ ਚਲੈ ਪਛੇਲਿ ਪਾਵ ਨਾ ਟਰੈਂ॥੪੦॥**

***ਭਾਵਾਰਥ:-*** ਹੱਥ ਵਿੱਚ ਤਲਵਾਰਾਂ (ਕਪਾਇ) ਹਿਲਾ ਕੇ ਅਤੇ ਓਥੇ ਘੋੜਿਆਂ ਨੂੰ (ਤ੍ਰਪਾਇ) ਟਪੂਸੀਆਂ ਮਰਵਾ ਕੇ-ਜਿੱਥੇ ਸ਼ਿਵ ਖਲੋਤਾ ਸੀ ਯੋਧੇ ਆ ਕੇ ਟੁੱਟ ਪਏ। ਆ ਕੇ ਬਹੁਤ ਤੀਰਾਂ ਅਤੇ ਬਰਛੀਆਂ ਦੇ (ਪ੍ਰਹਾਰ) ਵਾਰ ਕੀਤੇ। ਧੱਕ ਕੇ (ਰੇਲਿ) ਤੋਰ ਕੇ ਲੈ ਤੁਰੇ ਅਤੇ ਪਿੱਛੇ ਨੂੰ ਪੈਰ (ਮਾਤ੍ਰ) ਵੀ ਨਾ ਹੋਏ॥੪੦॥

**ਸੜੱਕ ਸੂਲ ਸੈਹਥੀ ਤੜੱਕ ਤੇਗ ਤੀਰਿਯੰ॥**
**ਬਬੱਕ ਬਾਘ ਜਯੋਂ ਬਲੀ ਭਭੱਕ ਘਾਇ ਬੀਰਿਯੰ॥**
**ਅਘਾਇ ਘਾਇ ਕੈ ਗਿਰੇ ਪਛੇਲਿ ਪਾਵ ਨਾ ਟਰੇ॥**
**ਸੁ ਬੀਨ ਬੀਨ ਅੱਛਰੈਂ ਪ੍ਰਬੀਨ ਦੀਨ ਹ੍ਵੈ ਬਰੇ॥੪੧॥**

---

[1] ਪਾਠ- ਸੁ ਬੀਨ

[2] ਪਾਠ- ਸ ਸੋਭ ਸੂਰਮਾਨ ਸੈਹਥੀਨ ਛਤ੍ਰ ਕੀ ਛਟਾ॥

***ਭਾਵਾਰਥ:–*** (ਸੜੱਕ ਤੜੱਕ) ਤੁਰਤ ਫੁਰਤ ਸੂਲ, ਬਰਛੀਆਂ, ਤੇਗਾਂ ਅਤੇ ਤੀਰਾਂ, ਬਲੀ (ਬਾਘ) ਸ਼ੇਰ ਵਾਂਗ ਬਬਕ ਭਭਕ ਕੇ ਯੋਧਿਆਂ ਤੇ (ਘਾਇ) ਮਾਰੇ। (ਅਘਾਇ) ਤੰਦਰੁਸਤ ਵੀ ਜ਼ਖ਼ਮੀ ਹੋ ਕੇ ਡਿੱਗ ਪਏ, ਪਿੱਛੇ ਨੂੰ ਪੈਰ ਵੀ ਨਾ ਟਲੇ। (ਪ੍ਰਬੀਨ) ਚਤੁਰ (ਅੱਛਰੈਂ) ਅਪਸਰਾਂ (ਚੰਗੇ ਯੋਧਿਆਂ ਨੂੰ) ਚੁਣ ਚੁਣ (ਦੀਨ) ਅਧੀਨ (ਨਿਮਰਤਾ ਸਹਿਤ) ਹੋ ਕੇ ਵਿਆਹੁੰਦੀਆਂ ਹਨ॥੪੧॥

**ਚੌਪਈ॥**

**ਇਹ ਬਿਧਿ ਜੂਝਿ ਗਿਰਯੋ ਸਭ ਸਾਥਾ॥ ਰਹਿ ਗਯੋ ਦੱਛ ਅਕੇਲ ਅਨਾਥਾ॥**
**ਬਚੇ ਬੀਰ ਤੇ ਬਹੁਰਿ ਬੁਲਾਇਸ॥ ਪਹਰ ਕਵਚ ਦੁੰਦਭੀ ਬਜਾਇਸ॥੪੨॥**

***ਭਾਵਾਰਥ:–*** ਇਸ ਤਰ੍ਹਾਂ ਸਾਰਾ ਹੀ ਸਾਥ (ਜੂਝਿ) ਲੜ ਕੇ (ਮਰ ਕੇ) ਡਿੱਗ ਪਿਆ। ਦੱਛ ਪ੍ਰਜਾਪਤੀ ਇਕੱਲਾ (ਅਨਾਥਾ) ਅਸਹਾਇਕ ਰਹਿ ਗਿਆ। ਜੋ ਬਚੇ ਹੋਏ ਯੋਧੇ ਸਨ ਉਹ ਫਿਰ ਬੁਲਾਏ। (ਕਵਚ) ਸੰਜੋਅ ਪਹਿਨ ਕੇ (ਦੁੰਦਭੀ) ਨਗਾਰਾ ਵਜਾਇਆ॥੪੨॥

**ਆਪਨ ਚਲਾ ਜੁੱਧ ਕਹ ਰਾਜਾ॥ ਜੋਰ ਕਰੋਰ ਅਯੋਧਨ ਸਾਜਾ॥**
**ਛੂਟਤ ਬਾਣ ਕਮਾਣ ਅਪਾਰਾ॥ ਜਨੁ ਦਿਨ ਤੇ ਹ੍ਵੈ ਗਯੋ ਅੰਧਾਰਾ॥੪੩॥**

***ਭਾਵਾਰਥ:–*** ਰਾਜਾ (ਦੱਛ ਪ੍ਰਜਾਪਤੀ) ਆਪ ਹੀ ਜੰਗ ਨੂੰ ਤੁਰ ਪਿਆ। ਕਰੋੜਾਂ ਹੀ (ਆਯੋਜਨ) ਜੰਗ ਦੇ ਸਮਾਨ ਇਕੱਠੇ ਕਰ ਲਏ। ਬਹੁਤ ਕਮਾਨਾਂ 'ਚੋਂ ਤੀਰ ਚੱਲਦੇ ਹਨ, ਮਾਨੋ ਕਿ ਦਿਨ ਤੋਂ ਹੀ ਹਨ੍ਹੇਰਾ (ਰਾਤਿ) ਹੋ ਗਿਆ ਹੈ॥੪੩॥

**ਭੂਤ ਪ੍ਰੇਤ ਮਸਾਣ ਹਕਾਰੇ॥ ਦੁਹੂੰ ਓਰ ਡਉਰੂ ਡਮਕਾਰੇ॥**
**ਮਹਾਘੋਰ ਮਚਯੋ ਸੰਗ੍ਰਾਮਾ॥ ਜੈਸਕ ਲੰਕ ਰਾਵਣ ਰੁ ਰਾਮਾ॥੪੪॥**

***ਭਾਵਾਰਥ:–*** ਭੂਤ, ਪ੍ਰੇਤ, ਮਸਾਣ (ਹਕਾਰੇ) ਬੋਲੇ (ਬੁਲਾਏ)। ਦੋਹਾਂ ਪਾਸਿਆਂ ਤੋਂ (ਡਉਰੂ) ਨਗਾਰੇ ਵਜਾਏ ਗਏ। ਬਹੁਤ ਭਿਆਨਕ ਜੰਗ ਮੱਚਿਆ। ਜਿਵੇਂ ਕਿ ਲੰਕਾ ਵਿੱਚ ਰਾਵਣ ਅਤੇ ਸ੍ਰੀ ਰਾਮ ਚੰਦਰ ਜੀ ਦਾ ਸੀ॥੪੪॥

**ਭੁਜੰਗ ਪ੍ਰਯਾਤ ਛੰਦ॥**

**ਭਯੋ ਰੁਦ੍ਰ ਕੋਪੰ ਧਰਯੋ ਸੂਲ ਪਾਣੰ॥ ਕਰੇ ਸੂਰਮਾ ਸਰਬ ਖਾਲੀ ਪਲਾਣੰ॥**
**ਉਤੇ ਏਕ ਦੱਛੰ ਇਤੇ ਰੁਦ੍ਰ ਏਕੰ॥ ਕਰਯੋ ਕੋਪ ਕੈ ਜੁੱਧੁ ਭਾਂਤੰ ਅਨੇਕੰ॥੪੫॥**

***ਭਾਵਾਰਥ:–*** ਸ਼ਿਵ ਹੱਥ ਵਿੱਚ (ਸੂਲ) ਤ੍ਰਿਸ਼ੂਲ ਲੈ ਕ੍ਰੋਧਵਾਨ ਹੋਇਆ। ਸਾਰੇ ਯੋਧੇ (ਪਲਾਣੰ) ਕਾਠੀਆਂ (ਘੋੜਿਆਂ, ਘੋੜਿਆਂ ਦੀ ਦੌੜ) ਤੋਂ ਖਾਲੀ ਕਰ ਦਿੱਤੇ (ਭਾਵ– ਮਾਰ ਦਿੱਤੇ)। ਓਧਰੋਂ ਇਕੱਲੇ ਦੱਛ ਪ੍ਰਜਾਪਤੀ ਅਤੇ ਏਧਰੋਂ ਇਕੱਲੇ ਸ਼ਿਵ ਨੇ ਅਨੇਕ ਤਰ੍ਹਾਂ ਕ੍ਰੋਧ ਨਾਲ ਜੰਗ ਕੀਤਾ॥੪੫॥

**ਭੁਜੰਗ॥**

**ਗਿਰਯੋ ਜਾਨ ਕੁਲਸਥਲੀ[1] ਬ੍ਰਿਛ ਮੂਲੰ॥ ਗਿਰਯੋ ਦੱਛ ਤੈਸੇ ਕਟਯੋ ਸੀਸ ਸੂਲੰ॥**
**ਪਰਯੋ ਰਾਜ ਰਾਜੰ ਭਯੋ ਦੇਹ ਘਾਤੰ॥ ਹਨਯੋ ਜਾਨੁ ਬੱਜ੍ਰੰ ਭਯੋ ਪੱਬ ਪਾਤੰ॥੪੬॥**

---

[1] ਪਾਠ– ਕੂਟ ਸਥਲੀ (ਪਹਾੜੀ ਥਾਂ ਦਾ)

***ਭਾਵਾਰਥ:–*** ਮਾਨੋ ਕਿ (ਕੂਲ) ਨਦੀ ਕਿਨਾਰੇ ਦੀ ਥਾਂ ਦਾ ਬ੍ਰਿਛ (ਮੂਲੰ) ਮੁੱਢ ਤੋਂ (ਉੱਖੜ ਕੇ) ਡਿੱਗ ਪਿਆ ਹੈ। ਉਸੇ ਤਰ੍ਹਾਂ ਹੀ (ਸ਼ਿਵ ਜੀ ਦੇ) ਤ੍ਰਿਸ਼ੂਲ ਨਾਲ ਸਿਰ ਕੱਟਿਆਂ ਤੋਂ ਦੱਛ ਪ੍ਰਜਾਪਤੀ ਡਿੱਗਿਆ। (ਦੇਹ ਘਾਤੰ) ਮੁਰਦਾ ਹੋਇਆ ਹੋਇਆ (ਰਾਜ ਰਾਜੰ) ਮਹਾਰਾਜਾ (ਦੱਛ ਪ੍ਰਜਾਪਤੀ) ਪਿਆ ਹੋਇਆ ਹੈ। ਮਾਨੋ ਕਿ (ਇੰਦਰ ਦੇ) ਵਜ੍ਰ (ਹਨਤੋ) ਮਾਰਨ ਤੋਂ (ਪੱਬ) ਪਰਬਤ (ਪਾਤੰ) ਨਾਸ ਹੋਇਆ ਹੋਇਆ ਹੈ॥੪੬॥

**ਗਯੋ ਗਰਬ ਸਰਬੰ ਭੱਜੇ ਸੂਰਬੀਰੰ॥ ਚਲਤੋ ਭਾਜਿ ਅੰਤਹਪੁਰੰ ਹ੍ਵੈ ਅਧੀਰੰ॥**
**ਗਰੇ ਡਾਰਿ ਅੰਚਰਿ ਪਰੀ ਰੁਦ੍ਰ ਪਾਯੰ॥ ਅਹੋ ਰੁਦ੍ਰ ਕੀਜੈ ਕ੍ਰਿਪਾ ਕੈ ਸਹਾਯੰ॥੪੭॥**

***ਭਾਵਾਰਥ:–*** ਸਾਰਾ ਅਹੰਕਾਰ ਚਲਿਆ ਗਿਆ, ਸੂਰਬੀਰ ਭੱਜ ਗਏ। (ਅੰਤਹਪੁਰੰ) ਰਣਿਵਾਸ ਵੀ (ਅਧੀਰ) ਦਿਲਗੀਰ ਹੋ ਕੇ ਭੱਜ ਤੁਰਿਆ। (ਦੱਛ ਪ੍ਰਜਾਪਤੀ ਦੀ ਇਸਤਰੀ ਪ੍ਰਸੂਤਿ) ਗਲ ਵਿੱਚ ਪੱਲਾ ਪਾ ਕੇ ਸ਼ਿਵ ਦੇ ਪੈਰੀਂ ਪਈ। (ਅਤੇ ਕਿਹਾ ਕਿ) ਹੇ ਸ਼ਿਵ! ਮਿਹਰ ਕਰ ਕੇ ਸਹਾਇਤਾ ਕਰ॥੪੭॥

**ਚੌਪਈ॥**

**ਹਮ ਤੁਮਰੋ ਹਰ ਓਜ ਨ ਜਾਨਾ॥ ਤੁਮ ਹੋ ਮਹਾ ਤਪੀ ਬਲਵਾਨਾ॥**
**ਸੁਨਤ ਬਚਨ ਭੇ ਰੁਦ੍ਰ ਕ੍ਰਿਪਾਲਾ॥ ਅਜਾ ਸੀਸ ਨ੍ਰਿਪ ਜੋਰਿ ਉਤਾਲਾ॥੪੮॥**

***ਭਾਵਾਰਥ:–*** ਹੇ (ਹਰ) ਸ਼ਿਵ! ਅਸਾਂ ਤੁਹਾਡਾ (ਓਜ) ਜ਼ੋਰ ਨਹੀਂ ਜਾਣਿਆ। ਤੁਸੀਂ ਮਹਾਂ ਤਪੀ ਬਲੀ ਹੋ। ਬਚਨ ਨੂੰ ਸੁਣਦਿਆਂ ਹੀ ਸ਼ਿਵ ਮਿਹਰਬਾਨ ਹੋ ਗਿਆ। (ਉਤਾਲਾ) ਤੁਰੰਤ ਹੀ (ਅਜਾ) ਬੱਕਰੇ ਦਾ ਸਿਰ ਰਾਜੇ ਨੂੰ ਜੋੜ ਦਿੱਤਾ॥੪੮॥

**ਰੁਦ੍ਰ ਕਾਲ ਕੋ ਧਰਾ ਧਯਾਨਾ॥ ਬਹੁਰਿ ਜਿਯਾਇ ਨਰੇਸ ਉਠਾਨਾ॥**
**ਰਾਜ ਸੁਤਾ ਪਤਿ ਸਕਲ ਜਿਯਾਏ॥ ਕਉਤਕ ਨਿਰਖਿ ਸੰਤ ਤ੍ਰਿਪਤਾਏ॥੪੯॥**

***ਭਾਵਾਰਥ:–*** ਸ਼ਿਵ ਨੇ ਕਾਲ (ਭਗਵਾਨ) ਦਾ ਧਿਆਨ ਧਰਿਆ, ਤਾਂ ਫੇਰ ਰਾਜੇ ਨੂੰ ਜੀਵਾ ਕੇ ਉਠਾ ਦਿੱਤਾ। ਰਾਜੇ ਦੀਆਂ ਲੜਕੀਆਂ ਦੇ ਸਾਰੇ ਮਾਲਕ ਵੀ ਜੀਵਾ ਦਿੱਤੇ। (ਇਹ) ਤਮਾਸ਼ਾ ਵੇਖ ਕੇ ਸੰਤ (ਜਨ) (ਤ੍ਰਿਪਾਏ) ਆਨੰਦਤ ਹੋਏ॥੪੯॥

**ਨਾਰਿ ਹੀਨ ਸਿਵ ਕਾਮ ਖਿਝਾਯੋ॥ ਤਾਂ ਤੇ ਸੰਭੁ ਘਨੋ ਦੁੱਖ ਪਾਯੋ॥**
**ਅਧਿਕ ਕੋਪ ਕੈ ਕਾਮ ਜਰਾਯਸ॥ ਬਿਤਨ ਨਾਮ ਤਿੱਹ ਤਦਿਨ ਕਹਾਯਸ॥੫੦॥**

***ਭਾਵਾਰਥ:–*** ਇਸਤਰੀ ਤੋਂ (ਹੀਨ) ਬਿਨਾਂ ਸ਼ਿਵ ਨੂੰ ਕਾਮ ਨੇ ਖਿਝਾਇਆ, ਓਸ ਤੋਂ (ਸੰਭੁ) ਸ਼ਿਵ ਨੇ ਬੜਾ ਦੁੱਖ ਪਾਇਆ। (ਤਾਂ) ਬਹੁਤ ਕ੍ਰੋਧ ਨਾਲ ਕਾਮ ਨੂੰ ਸਾੜ ਦਿੱਤਾ। ਉਸ ਦਿਨ ਤੋਂ ਉਸ (ਕਾਮ) ਦਾ (ਬਿਤਨ) ਅਨੰਗ (ਅੰਗ ਰਹਿਤ) ਨਾਮ (ਕਹਾਯਸ) ਪਿਆ ਹੈ॥੫੦॥

**ਇਤਿ ਸ੍ਰੀ ਬਚਿਤ੍ਰ ਨਾਟਕੇ ਰੁਦ੍ਰ ਪ੍ਰਬੰਧ ਦੱਛ ਬਧਹ ਰੁਦ੍ਰ ਮਹਾਤਮੇ ਗਉਰਿ ਬਧਹ ਗਜਾਰਵੋਂ ਅਵਤਾਰ ਸੰਪੂਰਣ ਮਸਤੁ ਸੁਭ ਮਸਤੁ ॥੧੧॥**

**ਸ੍ਰੀ ਭਗਉਤੀ ਜੀ ਸਹਾਇ॥ ਅਥ ਜਲੰਧਰ ਅਵਤਾਰ ਕਥਨੰ[1]॥ ਚੌਪਈ॥**
**ਵਹੁ ਜੋ ਜਰੀ ਰੁਦ੍ਰ ਕੀ ਦਾਰਾ॥ ਤਿਨਿ ਹਿਮ ਗਿਰਿ ਗ੍ਰਿਹਿ ਲਿਯ ਅਵਤਾਰਾ॥**
**ਛੁਟੀ ਬਾਲਤਾ ਜਬਿ ਸੁਧਿ ਆਈ॥ ਬਹੁਰੋ ਮਿਲੀ ਨਾਥ ਕਹ ਜਾਈ॥੧॥**

***ਭਾਵਾਰਥ:–*** ਉਹ ਜੋ ਸ਼ਿਵ ਦੀ (ਦਾਰਾ) ਔਰਤ ਸੜ ਗਈ ਸੀ–ਉਹਨੇ ਹੀ ਹਿਮਾਲਿਆ ਪਹਾੜ ਦੇ ਘਰ ਵਿੱਚ (ਅਵਤਾਰਾ) ਜਨਮ ਲਿਆ। ਜਦੋਂ (ਬਾਲਤਾ) ਬਚਪਨ (ਛੁਟੀ) ਦੂਰ ਹੋਣ ਤੋਂ (ਸੁਧਿ) ਹੋਸ਼ (ਜੁਆਨੀ) ਆ ਗਈ। ਫੇਰ (ਉਹ) (ਨਾਥ) ਪਤੀ (ਸ਼ਿਵ) ਨੂੰ ਜਾ ਮਿਲੀ॥੧॥

**ਜਿਹ ਬਿਧਿ ਮਿਲੀ ਰਾਮ ਸੋ ਸੀਤਾ॥ ਜੈਸਕ ਚਤੁਰ ਬੇਦ ਤਨ ਗੀਤਾ॥**
**ਜੈਸੇ ਮਿਲਤਿ ਸਿੰਧੁ ਤਨ ਗੰਗਾ॥ ਤਜੌਂ ਮਿਲਿ ਗਈ ਰੁਦ੍ਰ ਕੈ ਸੰਗਾ॥੨॥**

***ਭਾਵਾਰਥ:–*** ਜਿਸ ਤਰ੍ਹਾਂ ਸ੍ਰੀ ਰਾਮ ਚੰਦ੍ਰ ਜੀ ਨਾਲ ਸੀਤਾ ਮਿਲੀ ਸੀ। ਜਿਵੇਂ ਕਿ ਚਹੁੰ ਵੇਦਾਂ (ਤਨ) ਨਾਲ ਗੀਤਾ (ਮਿਲਦੀ) ਹੈ। ਜਿਵੇਂ ਸਮੁੰਦਰ ਨਾਲ ਗੰਗਾ ਮਿਲਦੀ ਹੈ। ਤਿਵੇਂ ਹੀ ਸ਼ਿਵ ਨਾਲ (ਪਾਰਬਤੀ) ਮਿਲ ਗਈ॥੨॥

**ਜਬਿ ਤਿਹ ਬਜਾਹ ਰੁਦ੍ਰ ਘਰਿ ਆਨਾ॥ ਨਿਰਖਿ ਜਲੰਧਰ ਤਾਹਿ ਲੁਭਾਨਾ॥**
**ਦੂਤ ਏਕ ਤਹ ਦਿਯੋ ਪਠਾਈ॥ ਲਜਾਊਂ ਰੁਦ੍ਰ ਤੇ ਨਾਰਿ ਛਿਨਾਈ॥੩॥**

***ਭਾਵਾਰਥ:–*** ਜਦੋਂ ਉਸਨੂੰ ਵਿਆਹ ਕੇ ਸ਼ਿਵ ਨੇ ਘਰ ਵਿੱਚ ਲਿਆਂਦਾ। ਤਾਂ ਉਹਨੂੰ ਵੇਖ ਕੇ ਜਲੰਧਰ ਮੋਹਿਆ ਗਿਆ। ਇੱਕ (ਦੂਤ) ਕਾਸਦ ਨੂੰ ਓਥੇ ਭੇਜ ਦਿੱਤਾ ਕਿ ਮੈਂ ਸ਼ਿਵ ਤੋਂ (ਛਿਨਾਈ) ਖੋਹ ਕੇ ਇਸਤਰੀ ਲਿਆਵਾਂ॥੩॥

**ਜਲੰਧਰ ਬਾਚ ਰੁਦ੍ਰ ਸੋਂ[2]॥ ਦੋਹਰਾ॥**
**ਕੈ ਸਿਵ ਨਾਰਿ ਸੀਂਗਾਰ ਕੈ ਮਮ ਗ੍ਰਿਹ ਦੇਹ ਪਠਾਇ॥**
**ਨਾਤਰ ਸੂਲ ਸੰਭਾਰ ਕੈ ਸੰਗ ਲਰਹੁ ਮੁਰ ਆਇ॥੪॥**

***ਭਾਵਾਰਥ:–*** ਹੇ ਸ਼ਿਵ! (ਕੈ) ਜਾਂ ਔਰਤ ਨੂੰ ਸ਼ਿੰਗਾਰ ਕੇ ਮੇਰੇ ਘਰ ਪਹੁੰਚਾ ਦੇਹ। (ਨਾਤਰ) ਨਹੀਂ ਤਾਂ ਤ੍ਰਿਸ਼ੂਲ (ਸ਼ਸਤਰ) ਫੜ ਕੇ ਮੇਰੇ ਨਾਲ ਆ ਲੜ॥੪॥

**ਚੌਪਈ॥**
**ਕਥਾ ਭਈ ਇਹ ਦਿਸ ਇਹ ਭਾਂਤਾ॥ ਅਬ ਕਹੌਂ ਬਿਸਨੁ ਤ੍ਰਿਯਾ ਕੀ ਬਾਤਾ॥**
**ਬ੍ਰਿੰਦਾਰਕ ਦਿਨ ਏਕ ਪਕਾਏ॥ ਦੈਤਜ ਸਭਾ ਤੇ ਬਿਸਨੁ ਬੁਲਾਏ॥੫॥**

***ਭਾਵਾਰਥ:–*** (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) ਇਸ ਪਾਸੇ ਤਾਂ ਇਸ ਤਰ੍ਹਾਂ ਦੀ ਕਹਾਣੀ ਬਣੀ। ਹੁਣ ਮੈਂ ਵਿਸ਼ਨੂੰ ਦੀ ਇਸਤਰੀ (ਲੱਛਮੀ) ਦੀ ਗੱਲ ਦੱਸਦਾ ਹਾਂ। ਇਕ ਦਿਨ (ਲੱਛਮੀ ਨੇ) (ਬ੍ਰਿੰਦਾਰਕ– ਵ੍ਰਿੰਤਾਕ) ਬੈਂਗਨ (ਬਤਾਊਂ) (ਪਕਾਏ) ਰਿੱਧੇ ਹੋਏ ਸਨ ਅਤੇ ਵਿਸ਼ਨੂੰ ਜੀ ਨੂੰ ਸਭਾ ਤੋਂ (ਭੋਜਨ ਵਾਸਤੇ) ਬੁਲਾ ਭੇਜਿਆ ਸੀ॥੫॥

---

[1] ਇਹ ਸੁਰਖੀ ਪ੍ਰੈਸ ਵਿੱਚ ਆਈ ਬੀੜ ਵਿੱਚ ਨਹੀਂ ਹੈ। ਪੋਥੀ 'ਚੋਂ ਲਿਖੀ ਗਈ ਹੈ।

[2] 'ਰੁਦ੍ਰ ਸੋਂ' ਪਾਠ ਪੋਥੀ 'ਚੋਂ ਲਿਆ ਹੈ, ਇਹ ਕ੍ਰਮ ਵੀ ਪੋਥੀ ਦਾ ਹੀ ਹੈ। ਪ੍ਰੈਸ ਦੀ ਬੀੜ ਦਾ ਕ੍ਰਮ ਅਸਾਂ ਗਲਤ ਸਮਝਿਆ ਹੈ।

**ਚੌਪਈ॥**

**ਆਇ ਗਯੋ ਤਹ ਨਾਰਦ ਰਿਖਿ ਬਰ॥ ਬਿਸਨੁ ਨਾਰਿ ਕੇ ਧਾਮ ਛੁਧਾਤੁਰ॥**

**ਬੈਂਗਨ ਨਿਰਖਿ ਅਧਿਕ ਲਲਚਾਯੋ॥ ਮਾਂਗ ਰਹ੍ਯੋ ਪਰੁ ਹਾਥਿ ਨ ਆਯੋ॥੬॥**

***ਭਾਵਾਰਥ:-*** ਉੱਤਮ ਰਿਸ਼ੀ ਨਾਰਦ ਓਥੇ ਆ ਗਿਆ। ਜੋ (ਛੁਧਾਤੁਰ) ਬਹੁਤ ਭੁੱਖਾ ਸੀ (ਬਿਸਨੁ ਨਾਰਿ) ਲੱਛਮੀ ਦੇ ਘਰ ਵਿੱਚ (ਆ ਗਿਆ)। ਬਤਾਊਂ ਵੇਖ ਕੇ ਬਹੁਤਾ ਹੀ ਲਲਚਾ ਗਿਆ, (ਨਾਰਦ ਲੱਛਮੀ ਤੋਂ) ਮੰਗ ਰਿਹਾ ਪਰ (ਉਹਨੂੰ ਭੋਜਨ) ਹੱਥ ਨਾ ਆਇਆ॥੬॥

**ਨਾਥ ਹੇਤੁ ਮੈ ਭੋਜ ਪਕਾਯੋ॥ ਮਨੁਛ ਪਠੈ ਕਰਿ ਬਿਸਨੁ ਬੁਲਾਯੋ॥**

**ਨਾਰਦ ਖਾਇ ਜੂਠ ਹੋ[1] ਜੈਹੈ॥ ਪਿਯ ਕੋਪਿਤ ਹਮਰੈ ਪਰ ਹ੍ਵੈ ਹੈ॥੭॥**

***ਭਾਵਾਰਥ:-*** (ਲੱਛਮੀ ਨੇ ਨਾਰਦ ਨੂੰ ਕਿਹਾ ਕਿ) ਮੈਂ ਸਵਾਮੀ ਲਈ ਭੋਜਨ ਰਿੱਧਾ ਹੈ ਅਤੇ ਸ੍ਰੀ ਵਿਸ਼ਨੂੰ ਜੀ ਨੂੰ ਮਨੁੱਖ ਭੇਜ ਕੇ ਬੁਲਾਇਆ ਹੋਇਆ ਵੀ ਹੈ। ਹੇ ਨਾਰਦ! (ਤੂੰ ਜੇ) ਖਾਵੇਂ ਤਾਂ ਜੂਠਾ ਹੋ ਜਾਵੇਗਾ ਅਤੇ ਪਤੀ ਮੇਰੇ 'ਤੇ ਕ੍ਰੋਧਵਾਨ ਹੋਵੇਗਾ, (ਮੈਂ ਏਸ ਵਾਸਤੇ ਵਿਸ਼ਨੂੰ ਤੋਂ ਪਹਿਲੋਂ ਤੈਨੂੰ ਨਹੀਂ ਦੇਂਦੀ)॥੭॥

**ਨਾਰਦੁ ਬਾਚ॥ ਚਉਪਈ॥**

**ਮਾਂਗ ਥਕ੍ਯੋ ਮੁਨਿ ਭੋਜ ਨ ਦੀਆ॥ ਅਧਿਕ ਰੋਸੁ ਮੁਨਿਬਰ ਤਬਿ ਕੀਆ॥**

**ਬ੍ਰਿੰਦਾ ਨਾਮ ਰਾਛਸੀ ਬਪੁ ਧਰਿ॥ ਤ੍ਰਿਯ ਹ੍ਵੈ ਬਸੋ ਜਲੰਧਰ ਕੇ ਘਰਿ॥੮॥**

***ਭਾਵਾਰਥ:-*** (ਨਾਰਦ) ਮੁਨੀ ਮੰਗਦਾ ਹੀ ਰਿਹਾ ਪਰ (ਲੱਛਮੀ ਨੇ) ਭੋਜਨ ਨਾ ਦਿੱਤਾ। ਮੁਨੀ ਸ੍ਰੇਸ਼ਟ ਨੇ ਤਾਂ ਬਹੁਤ ਗੁੱਸਾ ਕੀਤਾ (ਅਤੇ ਸਰਾਪ ਦੇ ਦਿੱਤਾ ਕਿ ਤੂੰ!) 'ਵ੍ਰਿੰਦਾ' ਨਾਮੇ ਰਾਖਸੀ ਦਾ ਸਰੀਰ ਧਰ ਕੇ ਜਲੰਧਰ ਦੇ ਘਰ ਵਿੱਚ ਔਰਤ ਹੋ ਕੇ ਰਹੋ (ਏਥੇ ਰਹਿਣ ਯੋਗ ਨਹੀਂ ਹੈਂ)॥੮॥

**ਦੇ ਕਰਿ ਸ੍ਰਾਪ ਜਾਤ ਭਯੋ ਰਿਖਿਬਰ॥ ਆਵਤ ਭਯੋ ਬਿਸਨੁ ਤਾ ਕੇ ਘਰ॥**

**ਸੁਨਤ ਸ੍ਰਾਪ ਅਤਿ ਹੀ ਦੁਖ ਪਾਯੋ॥ ਬਿਹਸਿ ਬਚਨ ਤ੍ਰਿਯ ਸੰਗ ਸੁਨਾਯੋ॥੯॥**

***ਭਾਵਾਰਥ:-*** ਉੱਤਮ ਰਿਸ਼ੀ (ਨਾਰਦ) ਸਰਾਪ ਦੇ ਕੇ ਚਲਿਆ ਗਿਆ, ਤਾਂ ਉਸ ਦੇ ਘਰ ਵਿੱਚ ਵਿਸ਼ਨੂੰ ਵੀ ਆ ਗਿਆ। ਸਰਾਪ ਨੂੰ ਸੁਣਦਿਆਂ ਬਹੁਤ ਹੀ ਦੁੱਖ ਮਹਿਸੂਸ ਕੀਤਾ। (ਪਰ) ਔਰਤ ਨਾਲ ਹੱਸ ਕੇ ਬਚਨ ਕਹਿਆ॥੯॥

**ਦੋਹਰਾ॥**

**ਤ੍ਰਿਯ ਕੀ ਛਾਯਾ ਲੈ ਤਬੈ ਬ੍ਰਿੰਦਾ ਰਚੀ ਬਨਾਇ॥**

**ਧੂਮ੍ਰਕੇਸ ਦਾਨਵ ਸਦਨ ਜਨਮ ਧਰਤਿ ਭੀ ਜਾਇ॥੧੦॥**

***ਭਾਵਾਰਥ:-*** ਇਸਤਰੀ (ਲੱਛਮੀ) ਦੀ ਛਾਇਆ ਲੈ, ਉਦੋਂ ਹੀ ਚੰਗੀ ਤਰ੍ਹਾਂ 'ਵ੍ਰਿੰਦਾ' (ਨਾਮੇ ਰਾਛਸੀ) ਬਣਾ ਦਿੱਤੀ ਗਈ। ਧੂਮ੍ਰ ਕੇਸ (ਜੀਹਦੇ ਕੇਸ ਧੂੰਏਂ ਵਰਗੇ ਰੰਗ ਵਾਲੇ ਸਨ) ਦੈਂਤ ਦੇ (ਸਦਨ) ਘਰ ਵਿੱਚ ਜਾ ਕੇ (ਵ੍ਰਿੰਦਾ ਨੇ) ਜਨਮ ਧਾਰਿਆ॥੧੦॥

**ਚੌਪਈ॥**

**ਜੈਸਿਕ ਰਹਤ ਕਮਲ ਜਲ ਭੀਤਰਿ॥ ਪੁਨਿ ਨ੍ਰਿਪ ਬਸੀ ਜਲੰਧਰ ਕੇ ਘਰਿ॥**

---

[1] ਪਾਠ- 'ਜੋ' ਅਤੇ 'ਜਉ' ਵੀ ਹੈ।

**ਤਿਹ ਨਮਿਤਿ ਜਲੰਧਰ ਅਵਤਾਰਾ॥ ਧਰਹੈ ਰੂਪ ਅਨੂਪ ਮੁਰਾਰਾ॥੧੧॥**

***ਭਾਵਾਰਥ:-*** ਜਿਵੇਂ ਕਿ ਕਮਲ ਪਾਣੀ ਵਿੱਚ (ਨਿਰਲੇਪ) ਰਹਿੰਦਾ ਹੈ (ਤਿਵੇਂ ਹੀ ਵ੍ਰਿੰਦਾ ਧੂਮ੍ਰ ਕੇਸ ਦੇ ਘਰ ਰਹੀ)। ਫੇਰ ਰਾਜੇ ਜਲੰਧਰ ਦੇ ਘਰ ਵਿੱਚ ਵੱਸ ਗਈ। ਉਸੇ ਦੇ ਵਾਸਤੇ ਹੀ ਜਲੰਧਰ ਦਾ ਅਵਤਾਰ (ਮੁਰਾਰਾ) ਵਿਸ਼ਨੂੰ (ਅਨੂਪ) ਸੋਹਣਾ ਰੂਪ ਧਾਰਨਗੇ॥੧੧॥

**ਕਥਾ ਐਸਿ ਇਹ ਦਿਸ ਮੋ ਭਈ॥ ਅਬ ਚਲ ਬਾਤ ਰੁਦ੍ਰ ਪਰ ਗਈ॥**
**ਮਾਂਗੀ ਨਾਰਿ ਨ ਦੀਨੀ ਰੁਦ੍ਰਾ॥ ਤਾਂ ਤੇ ਕੋਪ[੧] ਅਸੁਰਪਤਿ ਛੁਦ੍ਰਾ॥੧੨॥**

***ਭਾਵਾਰਥ:-*** (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) ਇਸ ਪਾਸੇ ਤਾਂ ਐਹੋ ਜਿਹੀ ਕਹਾਣੀ ਬਣੀ ਸੀ, ਹੁਣ ਗੱਲ (ਪ੍ਰਸੰਗ) ਚੱਲ ਕੇ ਸ਼ਿਵ 'ਤੇ ਚਲੀ ਗਈ ਹੈ। ਸ਼ਿਵ ਨੇ ਮੰਗੀ ਹੋਈ ਇਸਤਰੀ (ਜਲੰਧਰ ਨੂੰ) ਨਾ ਦਿੱਤੀ। ਉਸ ਤੋਂ ਹੀ (ਛੁਦ੍ਰਾ) ਨੀਚ ਦੈਂਤ-ਪਤੀ (ਜਲੰਧਰ) ਕ੍ਰੋਧਵਾਨ ਹੋ ਗਿਆ॥੧੨॥

**ਚੌਪਈ॥**

**ਬੱਜੇ ਢੋਲ ਨਫੀਰਿ ਨਗਾਰੇ॥ ਦੁਹੂੰ ਦਿਸਾ ਡਮਰੂ ਡਮਕਾਰੇ॥**
**ਮਾਚਤ ਭਯੋ ਲੋਹ ਬਿਕਰਾਰਾ॥ ਝਮਕਤ ਖੱਗ ਅਦੱਗ ਅਪਾਰਾ॥੧੩॥**

***ਭਾਵਾਰਥ:-*** ਢੋਲ, ਤੁਰਹੀਆਂ ਅਤੇ ਨਗਾਰੇ ਵੱਜ ਪਏ। ਦੋਹਾਂ ਪਾਸਿਆਂ ਤੋਂ ਹੀ ਡਉਰੂ ਵੱਜਦਾ ਸੀ। ਭਿਆਨਕ (ਲੋਹ) ਜੰਗ ਮੱਚ ਪਿਆ। ਬੇਅੰਤ (ਅਦੱਗ) ਨਿਸਕਲੰਕ (ਪਵਿੱਤਰ) ਤਲਵਾਰਾਂ ਚਮਕਦੀਆਂ ਸਨ॥੧੩॥

**ਗਿਰ ਗਿਰ ਪਰਤ[੨] ਸੁਭਟ ਰਣ ਮਾਹੀਂ॥ ਧੁਕਿ ਧੁਕਿ[੩] ਉਠਤ ਮਸਾਣ ਤਹਾ ਹੀਂ॥**
**ਗਜੀ ਰਥੀ ਬਾਜੀ ਪੈਦਲ ਰਣ॥ ਜੂਝਿ ਗਿਰੇ ਰਣ ਕੀ ਛਿਤਿ ਅਣਗਣ॥੧੪॥**

***ਭਾਵਾਰਥ:-*** ਜੰਗ ਵਿੱਚ ਸੂਰਮੇ ਡਿੱਗ ਡਿੱਗ ਪੈਂਦੇ ਹਨ। ਓਥੇ ਹੀ ਮਸਾਣ ਵੀ (ਧੁਕਿ ਧੁਕਿ) ਕੰਬ ਕੰਬ ਕੇ ਉੱਠਦੇ ਹਨ। ਹਾਥੀਆਂ ਵਾਲੇ, ਰਥਾਂ ਵਾਲੇ, ਘੋੜਿਆਂ ਵਾਲੇ ਅਤੇ ਪੈਦਲ ਜੰਗ ਕਰ ਕੇ-ਜੰਗ ਦੀ ਜ਼ਮੀਨ 'ਤੇ ਬੇਗਿਣਤ ਹੀ (ਜੂਝਿ) ਮਰ ਕੇ ਡਿੱਗੇ॥੧੪॥

**ਤੋਟਕ ਛੰਦ॥**

**ਬਿਰਚੇ ਰਣਬੀਰ ਸ ਧੀਰ ਕ੍ਰੁਧੰ॥ ਮਚਜੋ ਤਿਹ ਦਾਰੁਣ ਭੂਮਿ ਜੁਧੰ॥**
**ਹਹਰੰਤ ਹਯੰ ਗਰਜੰਤ ਗਜੰ॥ ਸੁਨਿ ਕੈ ਧੁਨਿ ਸਾਵਣ ਮੇਘ ਲਜੰ॥੧੫॥**

***ਭਾਵਾਰਥ:-*** ਧੀਰਜ ਅਤੇ ਕ੍ਰੋਧ ਸਹਿਤ ਯੋਧੇ ਜੰਗ ਵਿੱਚ ਰਚ ਗਏ। ਓਥੇ (ਭੂਮਿ ਜੁਧੰ) ਮੈਦਾਨੇ ਜੰਗ ਡਰਾਵਣਾ (ਮਚਜੋ) ਭਖ ਗਿਆ। ਘੋੜੇ ਹਿਣਕਦੇ ਅਤੇ ਹਾਥੀ ਗੱਜਦੇ ਸਨ-(ਜਿਨ੍ਹਾਂ ਦੀ) ਆਵਾਜ਼ ਸੁਣ ਕੇ ਸਾਵਣ ਦਾ ਬੱਦਲ ਵੀ ਸ਼ਰਮਿੰਦਾ ਹੁੰਦਾ ਸੀ॥੧੫॥

**ਬਰਖੇ ਰਣਿ ਬਾਣ ਕਮਾਣ ਖਗੰ॥ ਤਹ ਘੋਰ ਭਯਾਨਕ ਜੁੱਧ ਜਗੰ॥**

---

[੧] ਪਾਠ- ਕੰਪਾ

[੨] ਪਾਠ- ਪਰੇ

[੩] ਪਾਠ- ਧਖਿ ਧਖਿ

**ਗਿਰ ਜਾਤ ਭਟੰ ਹਹਰੰਤ ਹਠੀ॥ ਉਮਗੇ ਰਿਪੁ ਸੈਣ ਕਿਯੇ ਇਕਠੀ॥੧੬॥**

***ਭਾਵਾਰਥ:–*** ਜੰਗ ਵਿੱਚ ਕਮਾਨਾਂ ਤੋਂ ਤੀਰ ਅਤੇ ਤਲਵਾਰਾਂ ਵਰ੍ਹੀਆਂ। ਓਥੇ ਭਿਆਨਕ ਤੋਂ ਭਿਆਨਕ ਜੰਗ (ਜਗੰ) ਮੱਚਿਆ। (ਜੇ ਕੋਈ) ਯੋਧਾ ਗਿਰ ਜਾਂਦਾ ਹੈ (ਤਾਂ ਹੋਰ) ਹਠੀ (ਯੋਧੇ) (ਹਹਰੰਤ) ਹਿਣਕਦੇ (ਮਖੌਲ ਨਾਲ ਹੱਸਦੇ, ਦੰਦ ਕੱਢਦੇ) ਹਨ। ਵੈਰੀ ਫ਼ੌਜ ਨੂੰ ਇਕੱਠੀ ਕਰ ਕੇ (ਉਮਗੇ) ਓਰੜ ਪਏ॥੧੬॥

**ਚਹੁੰ ਓਰ ਘਿਰਯੋ ਸਰ ਸੋਧਿ ਸਿਵੰ॥ ਕਰਿ ਕੋਪ ਘਨੋ ਅਸੁਰਾਰਿ ਇਵੰ॥**
**ਦੂਹੂੰ ਓਰਨ ਤੇ ਇਮ ਬਾਣ ਬਹੇ॥ ਨਭ ਔਰ ਧਰਾ ਦੋਊ ਛਾਇ ਰਹੇ॥੧੭॥**

***ਭਾਵਾਰਥ:–*** ਇਓਂ ਬਹੁਤ ਕ੍ਰੋਧ ਨਾਲ (ਅਸੁਰਾਰਿ) ਦੈਂਤਾਂ ਨੇ ਚਹੁੰਆਂ ਪਾਸਿਆਂ ਤੋਂ (ਸੁਧਿ) ਨਿਰੋਲ (ਕੇਵਲ) ਤੀਰਾਂ ਨਾਲ ਘੇਰ ਲਿਆ। ਦੋਹਾਂ ਪਾਸਿਆਂ ਤੋਂ (ਇਮ) ਐਹੋ ਜਿਹੇ ਤੀਰ ਚੱਲੇ ਕਿ ਅਸਮਾਨ ਅਤੇ ਦੋਵੇਂ ਹੀ (ਛਾਇ) ਭਰ ਰਹੇ ਸਨ॥੧੭॥

**ਗਿਰਗੇ ਤਹ ਟੋਪਨਿ ਟੂਕ ਘਨੇ॥ ਰਹ ਗੇ ਜਨੁ ਕਿੰਸੁਕ ਸ੍ਰੋਣ ਸਨੇ॥**
**ਰਣ ਹੇਰਿ ਅਗੰਮਜ ਅਨੂਪ ਹਰੰ॥ ਜਿਯ ਮੋ ਇਹ ਭਾਂਤਿ ਬਿਚਾਰ ਕਰੰ॥੧੮॥**

***ਭਾਵਾਰਥ:–*** ਓਥੇ ਟੋਪੀਆਂ ਦੇ ਬਹੁਤ ਟੁੱਕੜੇ ਡਿੱਗ ਪਏ। ਮਾਨੋ ਕਿ (ਸ੍ਰੋਣ ਸਨੇ– ਲਹੂ ਨਾਲ ਭਿੱਜੇ ਹੋਏ) ਲਾਲ ਰੰਗ ਦੇ (ਕਿੰਸੁਕ) ਕੇਸੂ ਦੇ ਫੁੱਲ ਹੀ ਰਹਿ ਗਏ ਹਨ। ਸ਼ਿਵ ਜੀ ਨੇ (ਅਗੰਮ) ਗਮਿਅਤਾ ਰਹਿਤ ਅਤੇ ਉਪਮਾ ਰਹਿਤ (ਮੈਦਾਨੇ) ਜੰਗ ਵੇਖ ਕੇ-ਮਨ ਵਿੱਚ ਇਸ ਤਰ੍ਹਾਂ ਵਿਚਾਰ ਕੀਤੀ॥੧੮॥

**ਜਿਯ ਮੋ ਸਿਵ ਦੇਖਿ ਰਹਾ ਚਕ ਕੈ॥ ਦਲ ਦੈਤਨ ਮਧਜ ਪਰਾ ਹਕ ਕੈ॥**
**ਰਣ ਸੂਲ ਸੰਭਾਰ ਪਰਹਾਰ ਕਰੰ॥ ਸੁਣ ਕੈ ਧੁਨਿ ਦੇਵ ਅਦੇਵ ਡਰੰ॥੧੯॥**

***ਭਾਵਾਰਥ:–*** ਸ਼ਿਵ ਵੇਖ ਕੇ ਦਿਲ ਵਿੱਚ (ਚਕ) ਹੈਰਾਨ ਹੋ ਕੇ ਰਹਿ ਗਿਆ ਅਤੇ ਦੈਂਤਾਂ ਦੇ ਦਲ ਵਿੱਚ (ਹਕ) ਬੋਲ ਕੇ ਪੈ ਗਿਆ। ਤ੍ਰਿਸ਼ੂਲ (ਸੰਭਾਰ) ਫੜ ਕੇ ਜੰਗ ਵਿੱਚ ਵਾਰ ਕੀਤੇ। (ਜੀਹਦੀ) ਆਵਾਜ਼ ਸੁਣ ਕੇ ਦੇਵਤੇ ਅਤੇ ਦੈਂਤ ਵੀ ਡਰ ਗਏ॥੧੯॥

**ਤੋਟਕ॥**

**ਜਿਯ ਮੋ ਸਿਵ ਧਯਾਨ ਧਰਾ ਜਬ ਹੀ॥ ਕਲ ਕਾਲ ਪ੍ਰਸੰਨਿ ਭਏ ਤਬ ਹੀ॥**
**ਕਹਯੋ ਬਿਸਨੁ ਜਲੰਧਰ ਰੂਪ ਧਰੋ॥ ਪੁਨਿ ਜਾਇ ਰਿਪੇਸ ਕੋ ਨਾਸ ਕਰੋ॥੨੦॥**

***ਭਾਵਾਰਥ:–*** ਜਦੋਂ ਹੀ ਦਿਲ ਵਿੱਚ ਸ਼ਿਵ ਨੇ ਧਿਆਨ (ਸਿਮਰਨ) ਕੀਤਾ– ਉਦੋਂ ਹੀ (ਕਲ) ਸੁੰਦਰ ਕਾਲ (ਭਗਵਾਨ) ਖੁਸ਼ ਹੋ ਗਏ ਅਤੇ ਕਹਿਆ ਕਿ ਹੇ ਵਿਸ਼ਨੂੰ! (ਤੁਸੀਂ) ਜਲੰਧਰ ਦਾ ਰੂਪ ਧਾਰੋ, (ਅਤੇ) ਫੇਰ ਜਾ ਕੇ (ਰਿਪੇਸ– ਰਿਪ੍ਰੇਸ਼) ਵੈਰੀਆਂ ਦੇ ਰਾਜੇ ਦਾ ਨਾਸ ਕਰੋ॥੨੦॥

**ਭੁਜੰਗ ਪ੍ਰਯਾਤ ਛੰਦ॥**

**ਦਈ ਕਾਲ ਆਗਯਾ ਧਰਯੋ ਬਿਸਨੁ ਰੂਪੰ॥ ਸਜੇ ਸਾਜ ਸਰਬੰ ਬਨਯੋ ਜਾਨੁ ਭੂਪੰ॥**
**ਕਰਯੋ ਨਾਥ ਯੌਂ ਆਪ ਨਾਰੰ ਉਧਾਰੰ॥ ਤ੍ਰਿਯਾ ਰਾਜ ਬ੍ਰਿੰਦਾ ਸਤੀ ਸਤ੍ਵ ਟਾਰੰ॥੨੧॥**

***ਭਾਵਾਰਥ:–*** ਕਾਲ ਨੇ ਅਗਿਆ ਦਿੱਤੀ ਤਾਂ ਵਿਸ਼ਨੂੰ ਨੇ (ਜਲੰਧਰ ਦਾ) ਰੂਪ ਧਾਰ ਲਿਆ, (ਜਾਨੁ) ਮਾਨੋ ਕਿ ਰਾਜਾ (ਜਲੰਧਰ) ਹੀ ਸਾਰੇ ਸਾਜ ਸਜਾ ਕੇ ਬਣ ਗਿਆ। (ਨਾਥ) ਪਤੀ (ਵਿਸ਼ਨੂੰ) ਨੇ

ਆਪਣੀ ਇਸਤਰੀ (ਲੱਛਮੀ) ਦਾ ਇਓਂ (ਉਧਾਰ) ਬਚਾਉ ਕੀਤਾ। ਇਸਤਰੀਆਂ ਦਾ ਰਾਜਾ ਰੂਪ ਸਤੀ ਵ੍ਰਿੰਦਾ ਦਾ (ਸਤ੍ਰ) ਯਤ (ਟਾਰੰ) ਭੰਗ ਕੀਤਾ॥੨੧॥

**ਤਜਯੋ ਦੇਹ ਦੈਤਜੰ ਭਈ ਬਿਸਨੁ ਨਾਰੰ॥ ਧਰਯੋ ਦ੍ਵਾਦਸੋ ਬਿਸਨੁ ਦੈਤਜਾਵਤਾਰੰ॥**
**ਪੁਨਰ ਜੁੱਧੁ ਸਜਯੋ ਗਹੇ ਸਸਤ੍ਰ ਪਾਣੰ॥ ਗਿਰੇ ਭੂਮਿ ਮੋ ਸੂਰ ਸੋਭੇ ਬਿਮਾਣੰ॥੨੨॥**

***ਭਾਵਾਰਥ:–*** (ਵ੍ਰਿੰਦਾ) ਦੈਂਤ ਸਰੀਰ ਨੂੰ ਛੱਡ ਕੇ (ਬਿਸਨੁ ਨਾਰੰ) ਲੱਛਮੀ ਬਣ ਗਈ। (ਇਓਂ) ਵਿਸ਼ਨੂੰ ਨੇ ਬਾਰਵਾਂ (ਜਲੰਧਰ) ਦੈਂਤ ਅਵਤਾਰ ਧਾਰਿਆ। ਫੇਰ ਹੱਥ ਵਿੱਚ ਸ਼ਸਤਰ ਫੜ ਕੇ ਜੰਗ (ਸਜਯੋ) ਆਰੰਭ ਦਿੱਤਾ। ਜੋ ਯੋਧੇ (ਬਿਮਾਣੰ– ਯਾਨ) ਸਵਾਰੀਆਂ ’ਤੇ ਸੋਭਦੇ ਸਨ ਉਹ ਜ਼ਮੀਨ ’ਤੇ ਡਿੱਗ ਪਏ॥੨੨॥

**ਭੁਜੰਗ ਪ੍ਰਯਾਤ ਛੰਦ॥**

**ਮਿਟਯੋ ਸਤ੍ਰ ਨਾਰੰ ਕਟਯੋ ਸੈਨ ਸਰਬੰ॥ ਮਿਟਯੋ ਭੂਪ ਜਾਲੰਧਰੰ ਦੇਹ ਗਰਬੰ॥**
**ਪੁਨਰ ਜੁੱਧ ਸਜਯੋ ਹਠੇ ਤੇਜ ਹੀਣੰ॥ ਭਜੇ ਛਾਡਿ ਕੈ ਸੰਗ ਸਾਥੀ ਅਧੀਣੰ॥੨੩॥**

***ਭਾਵਾਰਥ:–*** (ਜਦੋਂ) ਔਰਤ ਦਾ ਸਤ (ਯਤ) ਖ਼ਤਮ ਹੋ ਗਿਆ ਤਾਂ ਸਾਰੀ ਫ਼ੌਜ ਮਾਰੀ ਗਈ। ਰਾਜੇ ਜਲੰਧਰ ਦੇ ਸਰੀਰ ਦਾ ਅਹੰਕਾਰ ਵੀ ਖ਼ਤਮ ਹੋ ਗਿਆ। ਫੇਰ ਤੇਜ (ਪ੍ਰਤਾਪ) ਤੋਂ ਖਾਲੀ (ਜਲੰਧਰ) ਨੇ (ਹਠੇ) ਰੁੱਕ ਕੇ ਜੰਗ ਆਰੰਭਿਆ। (ਅਧੀਣੰ– ਅਧੀਨ) ਅਨੁਸਾਰੀ ਸਾਥੀ ਵੀ ਸਾਥ ਛੱਡ ਕੇ ਭੱਜ ਗਏ॥੨੩॥

**ਚੌਪਈ॥**

**ਦੁਹੂੰ ਜੁੱਧੁ ਕੀਨਾ ਰਣ ਮਾਹੀ॥ ਤੀਸਰੁ ਅਵਰੁ ਤਹਾਂ ਕੋ ਨਾਹੀ॥**
**ਕੇਤਿਕ ਮਾਸ ਮਚਯੋ ਤਹ ਜੁੱਧਾ॥ ਜਾਲੰਧਰ ਹ੍ਵੈ ਸਿਵ ਪਰ ਕ੍ਰੁੱਧਾ[1]॥੨੪॥**

***ਭਾਵਾਰਥ:–*** (ਰਣ) ਮੈਦਾਨ ਵਿੱਚ ਦੋਹਾਂ ਹੀ ਜੰਗ ਕੀਤਾ। ਓਥੇ ਹੋਰ ਕੋਈ ਤੀਜਾ ਨਹੀਂ ਸੀ। ਕਈ ਮਹੀਨੇ ਤੱਕ ਉੱਥੇ ਜੰਗ ਮਘਿਆ ਰਿਹਾ। ਜਲੰਧਰ ਅਤੇ ਸ਼ਿਵ ਨੇ ਕ੍ਰੋਧ ਨਾਲ (ਪੁਰ) ਭਰਪੂਰ ਹੋ ਕੇ (ਜੰਗ ਕੀਤਾ)॥੨੪॥

**ਤਬਿ ਸਿਵ ਧਯਾਨ ਸਕਤਿ ਕੋ ਧਰਾ॥ ਤਾ ਤੇ ਸਕਤਿ ਕ੍ਰਿਪਾ ਕਹ ਕਰਾ॥**
**ਤਾ ਤੇ ਭਯੋ ਰੁਦ੍ਰ ਬਲਵਾਨਾ॥ ਮੰਡਯੋ ਜੁੱਧੁ ਬਹੁਰਿ ਬਿਧਿ ਨਾਨਾ॥੨੫॥**

***ਭਾਵਾਰਥ:–*** ਤਾਂ ਸ਼ਿਵ ਨੇ ਸ਼ਕਤੀ (ਕਾਲਿਕਾ, ਚੰਡਿਕਾ, ਦੇਵੀ) ਦਾ ਧਿਆਨ ਕੀਤਾ। ਉਸ ਤੋਂ ਸ਼ਕਤੀ ਨੇ ਕਿਰਪਾ ਨੂੰ ਕੀਤਾ। ਉਸ ਤੋਂ ਸ਼ਿਵ ਤਾਕਤਵਰ ਹੋ ਗਿਆ। ਫੇਰ ਬਹੁਤ ਤਰ੍ਹਾਂ ਨਾਲ ਜੰਗ (ਮੰਡਯੋ) ਆਰੰਭ ਕੀਤਾ॥੨੫॥

**ਉਤ ਹਰਿ ਲਯੋ ਨਾਰਿ ਰਿਪੁ ਸਤ ਹਰਿ॥ ਇਤ ਸਿਵ ਭਯੋ ਤੇਜ ਦੇਬੀ ਕਰਿ॥**
**ਛਿਨ ਮੋ ਕਿਯੋ ਅਸੁਰ ਕੋ ਨਾਸਾ॥ ਨਿਰਖਿ ਰੀਝਿ ਭਟ ਰਹੇ ਤਮਾਸਾ॥੨੬॥**

---

[1] ਪਾਠ– ਜਾਲੰਧਰ ਹ੍ਵੈ ਕਰ ਸਿਵ ਕ੍ਰੁੱਧਾ॥

***ਭਾਵਾਰਥ:-*** ਓਧਰ ਤਾਂ (ਹਰਿ) ਵਿਸ਼ਨੂੰ ਨੇ ਵੈਰੀ ਦੀ ਇਸਤਰੀ (ਵ੍ਰਿੰਦਾ) ਦਾ ਸਤ (ਹਰਿ) ਨਾਸ ਕਰ ਲਿਆ। ਏਧਰ ਦੇਵੀ ਦੇ ਤੇਜ਼ ਨਾਲ ਸ਼ਿਵ (ਬਲਵਾਨ) ਹੋ ਗਿਆ। (ਤਾਂ) ਛਿਣ ਵਿੱਚ ਹੀ ਦੈਂਤ ਦਾ ਨਾਸ ਕਰ ਦਿੱਤਾ। ਇਹ ਤਮਾਸ਼ਾ ਵੇਖ ਕੇ ਯੋਧੇ ਖੁਸ਼ ਹੋ ਰਹੇ॥੨੬॥

**ਜਾਲੰਧਰੀ ਤਦਿਨ ਤੇ ਨਾਮਾ॥ ਜਪਹੁ ਚੰਡਿਕਾ ਕੋ ਸਬ ਜਾਮਾ॥**
**ਤਾ ਤੇ ਹੋਤ ਪਵਿਤ੍ਰ ਸਰੀਰਾ॥ ਜਿਮ ਨ੍ਹਾਏ ਜਲ ਗੰਗ ਗਹੀਰਾ[1]॥੨੭॥**

***ਭਾਵਾਰਥ:-*** (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) ਉਸ ਦਿਨ ਤੋਂ ਹੀ ਜਲੰਧਰੀ-ਚੰਡਿਕਾ ਦਾ ਨਾਮ ਹੈ। (ਉਸ) ਨੂੰ ਸਾਰਿਆਂ (ਜਾਮਾ) ਪਹਿਰਾ (ਭਾਵ- ਹਰ ਵੇਲੇ) ਜਪਹੁ। ਉਸ ਤੋਂ ਸਰੀਰ (ਆਤਮਾ) ਪਵਿੱਤਰ ਹੁੰਦਾ ਹੈ। ਜਿਵੇਂ (ਗੰਗ ਗਹੀਰਾ) ਗੰਗਾ ਸਾਗਰ ਦੇ ਜਲ ਵਿੱਚ ਨਹਾਉਣ ਤੋਂ (ਸਰੀਰ ਪਵਿੱਤਰ ਹੁੰਦਾ ਹੈ)॥੨੭॥

**ਤਾ ਤੇ ਕਹੀ ਨ ਰੁਦ੍ਰ ਕਹਾਨੀ॥ ਗ੍ਰੰਥ ਬਢਨ ਕੀ ਚਿੰਤ ਪਛਾਨੀ॥**
**ਤਾ ਤੇ ਕਥਾ ਥੋਰ ਹੀ ਭਾਸੀ॥ ਨਿਰਖਿ ਭੂਲਿ ਕਬਿ ਕਰੋ ਨ ਹਾਸੀ॥੨੮॥**

***ਭਾਵਾਰਥ:-*** ਗ੍ਰੰਥ ਦੇ ਵਧਣ ਦੀ ਚਿੰਤਾ (ਪਛਾਨੀ) ਸਮਝ ਕੇ ਉਸ ਤੋਂ ਹੀ ਸ਼ਿਵ ਦੀ ਕਹਾਣੀ ਨਹੀਂ ਕਹੀ। ਉਸ ਤੋਂ ਹੀ ਥੋੜ੍ਹੀ ਹੀ ਕਥਾ (ਭਾਸੀ) ਕਹੀ ਹੈ। ਹੇ ਕਵੀ ਜਨੋ! (ਇਹ) ਭੁੱਲ ਕੇ (ਹਾਸੀ) ਮਖੌਲ ਨਾ ਕਰੋ॥੨੮॥

**ਇਤਿ ਸ੍ਰੀ ਬਚਿਤ੍ਰ ਨਾਟਕੇ ਜਲੰਧਰ ਬਧਹ ਜਾਲੰਧਰ ਦ੍ਵਾਦਸਮੋ ਅਵਤਾਰ ਸਮਾਪਤ ਮਸਤੁ ਸੁਭ ਮਸਤੁ[2]॥੧੨॥**

**ਸ੍ਰੀ ਭਗਉਤੀ ਜੀ ਸਹਾਇ॥ ਅਥ ਬਿਸਨੁ ਅਵਤਾਰ ਕਥਨੰ॥ ਚੌਪਈ॥**
**ਅਬ ਮੈ ਗਨੋ ਬਿਸਨੁ ਅਵਤਾਰਾ॥ ਜੈਸਿਕ ਧਰਯੋ ਸਰੂਪ ਮੁਰਾਰਾ॥**
**ਬਿਆਕੁਲਿ ਹੋਤਿ ਧਰਨਿ ਜਬ ਭਾਰਾ॥ ਕਾਲ ਪੁਰਖ ਪਹਿ ਕਰਤਿ ਪੁਕਾਰਾ॥੧॥**

***ਭਾਵਾਰਥ:-*** (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) ਹੁਣ ਮੈਂ ਵਿਸ਼ਨੂੰ ਅਵਤਾਰ ਨੂੰ (ਗਨੋ) ਗਿਣਦਾ (ਕਹਿੰਦਾ) ਹਾਂ। ਜਿਵੇਂ ਕਿ (ਮੁਰਾਰਾ) ਵਿਸ਼ਨੂੰ ਨੇ (ਸਰੂਪ) ਸਰੀਰ ਧਾਰਿਆ ਹੈ। ਜਦੋਂ ਭਾਰ ਨਾਲ ਧਰਤੀ (ਬਿਆਕੁਲ) ਦੁਖੀ ਹੋ ਜਾਂਦੀ ਹੈ। ਤਾਂ 'ਕਾਲ ਪੁਰਖ' ਪਾਸ ਪੁਕਾਰ ਕਰਦੀ ਹੈ॥੧॥

**ਚੌਪਈ॥**
**ਅਸੁਰ ਦੇਵਤਨ ਦੇਤ ਭਜਾਈ॥ ਛੀਨ ਲੇਤ ਭੂਅ ਕੀ ਠਕੁਰਾਈ॥**
**ਕਰਤਿ ਪੁਕਾਰ ਧਰਣਿ ਭਰਿ[3] ਭਾਰਾ॥ ਕਾਲ ਪੁਰਖ ਤਬ ਹੋਤ ਕ੍ਰਿਪਾਰਾ॥੨॥**

---

[1] ਪਾਠ- ਗਭੀਰਾ

[2] ਇਹ 'ਇਤਿ ਸ੍ਰੀ' ਪੋਥੀ 'ਚੋਂ ਹੀ ਸ਼ੁੱਧ ਸਮਝ ਕੇ ਲਿਖ ਦਿੱਤੀ ਹੈ।

[3] ਪਾਠ- ਤਰਿ

***ਭਾਵਾਰਥ:-*** ਦੈਂਤ ਦੇਵਤਿਆਂ ਨੂੰ ਭਜਾ ਦੇਂਦੇ ਹਨ। ਧਰਤੀ ਦੀ (ਠਕੁਰਾਈ) ਬਾਦਸ਼ਾਹੀ ਖੋਹ ਲਈ ਜਾਂਦੀ ਹੈ। (ਇਉਂ) ਧਰਤੀ (ਭਾਰ) ਬੋਝ (ਪਾਪ) ਨਾਲ ਭਰ ਕੇ ਪੁਕਾਰ ਕਰਦੀ ਹੈ। ਤਾਂ ਕਾਲ ਪੁਰਖ ਮਿਹਰਬਾਨ ਹੁੰਦਾ ਹੈ॥੨॥

**ਦੋਹਰਾ॥**

**ਸਬ ਦੇਵਨ ਕੋ ਅੰਸ ਲੈ ਤਤ ਆਪਨ ਠਹਰਾਇ॥**
**ਬਿਸਨੁ ਰੂਪ ਧਾਰਤ ਤਦਿਨ ਗ੍ਰਿਹ ਅਦਿਤਿ ਕੇ ਆਇ॥੩॥**

***ਭਾਵਾਰਥ:-*** ਸਾਰਿਆਂ ਦੇਵਤਿਆਂ ਦੀ ਅੰਸ ਲੈ ਕੇ ਵਿੱਚ ਆਪਣਾ ਤੱਤ (ਮੂਲ ਕਾਰਨ) ਟਿਕਾ ਕੇ। ਉਸ ਦਿਨ ਵਿਸ਼ਨੂੰ (ਕਾਲ ਪੁਰਖ ਹੀ) ਅਦਿਤੀ (ਅਤੇ ਕਸ਼ਿਯਪ) ਦੇ ਘਰ ਵਿੱਚ ਆ ਕੇ ਰੂਪ ਧਾਰਦਾ ਹੈ॥੩॥

**ਚੌਪਈ॥**

**ਆਨ ਹਰਤ ਪ੍ਰਿਥਵੀ ਕੋ ਭਾਰਾ॥ ਬਹੁ ਬਿਧਿ ਅਸੁਰਨ ਕਰਤ ਸੰਘਾਰਾ॥**
**ਭੂਮਿ ਭਾਰ ਹਰਿ ਸੁਰ ਪੁਰ ਜਾਈ॥ ਕਾਲ ਪੁਰਖ ਮੋ ਰਹਤ ਸਮਾਈ॥੪॥**

***ਭਾਵਾਰਥ:-*** ਆ ਕੇ ਧਰਤੀ ਦਾ ਬੋਝ ਨਾਸ ਕਰ ਦੇਂਦਾ ਹੈ। ਬਹੁਤ ਤਰ੍ਹਾਂ ਦੇ ਦੈਂਤਾਂ ਦਾ ਨਾਸ ਕਰਦਾ ਹੈ। ਧਰਤੀ ਦਾ ਬੋਝ (ਹਰਿ) ਖ਼ਤਮ ਕਰ ਦੇਵਪੁਰ (ਸਵਰਗ) ਮਰਨ ਕਿਰਿਆ ਵਿੱਚ ਜਾ ਕੇ- ਕਾਲ ਪੁਰਖ ਵਿੱਚ ਹੀ (ਸਮਾਈ) ਲੀਨ ਹੋ ਰਹਿੰਦਾ ਹੈ॥੪॥

**ਸਕਲ ਕਥਾ ਜਉ ਛੋਰ ਸੁਨਾਊਂ॥ ਬਿਸਨੁ ਪ੍ਰਬੰਧ ਕਹਤ ਸ੍ਰਮ ਪਾਊਂ॥**
**ਤਾ ਤੇ ਥੋਰੀਐ ਕਥਾ ਪ੍ਰਕਾਸੀ॥ ਰੋਗ ਸੋਗ ਤੇ ਰਾਖ ਅਬਿਨਾਸੀ॥੫॥**

***ਭਾਵਾਰਥ:-*** (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) ਜੇ ਮੈਂ ਸਾਰੀ ਕਥਾ (ਛੋਰ) ਖੋਲ੍ਹ ਕੇ ਸੁਣਾਵਾਂ ਤਾਂ ਵਿਸ਼ਨੂੰ ਜੀ ਦਾ (ਪ੍ਰਬੰਧ) ਗ੍ਰੰਥ ਕਹਿੰਦਿਆਂ ਹੀ (ਸ੍ਰਮ ਪਾਊਂ) ਥੱਕ ਜਾਵਾਂਗਾ (ਅਤੇ ਹੋਰ ਕਥਾ ਕਹਿਣ ਦੀ ਤਾਕਤ ਹੀ ਗੁਆ ਬਹਾਂਗਾ)। ਉਸੇ ਤੋਂ ਥੋੜ੍ਹੀ ਜਿਹੀ ਹੀ ਕਥਾ (ਪ੍ਰਕਾਸੀ) ਕਹੀ ਹੈ। ਹੇ ਅਵਿਨਾਸੀ! ਰੋਗ ਸੋਗ ਤੋਂ ਰੱਖ ਲੈ (ਤਾਂ ਕਿ ਹੋਰ ਬਾਕੀ ਕਥਾ ਵੀ ਕਹਿ ਸਕਾਂ)॥੫॥

**ਇਤਿ ਸ੍ਰੀ ਬਚਿਤ੍ਰ ਨਾਟਕੇ ਬਿਸਨੁ ਅਵਤਾਰ ਤ੍ਰਿਯੋਦਸਮੋ ਸਮਾਪਤ ਮਸਤੁ ਸੁਭ ਮਸਤੁ[੧]॥੧੩॥**

**ਸ੍ਰੀ ਭਗਉਤੀ ਜੀ ਸਹਾਇ॥ ਅਥ ਮਧੁ ਕੈਟਭ ਅਵਤਾਰ ਕਥਨੰ॥ ਦੋਹਰਾ॥**
**ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸਨੁ ਮਹੇਸ॥**
**ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ॥੧॥**

***ਭਾਵਾਰਥ:-*** ਕਾਲ ਪੁਰਖ ਦੇ (ਦੇਹਿ) ਆਕਾਰ (ਸਰੂਪ) ਵਿੱਚ ਹੀ ਕਰੋੜਾਂ ਤੱਕ ਵਿਸ਼ਨੂੰ ਅਤੇ (ਮਹੇਸ਼) ਸ਼ਿਵ ਹਨ। ਕਰੋੜਾਂ ਹੀ ਇੰਦਰ (ਕਿਤੇ) ਕਈ ਬ੍ਰਹਮਾ, ਸੂਰਜ, ਚੰਦ ਅਤੇ ਕਰੋੜਾਂ ਹੀ (ਜਲੇਸ਼) ਵਰਣ ਦੇਵਤੇ ਹਨ॥੧॥

---

[੧] 'ਇਤਿ ਸ੍ਰੀ' ਦਾ ਪਾਠ ਪੋਥੀ ਵਿੱਚੋਂ ਹੀ ਲਿਆ ਗਿਆ ਹੈ, ਜੋ ਪ੍ਰੈਸ ਵਿੱਚ ਆਈ ਬੀੜ ਨਾਲੋਂ ਬਹੁਤ ਹੀ ਸ਼ੁੱਧ ਹੈ।

**ਚੌਪਈ॥**

**ਸ੍ਰਮਿਤ ਬਿਸਨੁ ਤਹ ਰਹਤ ਸਮਾਈ॥ ਸਿੰਧੁ ਬਿੰਧ ਜਹ ਗਨਜੋ ਨ ਜਾਈ॥**

**ਸੇਸਨਾਗ ਸੇ ਕੋਟਿਕ ਤਹਾਂ॥ ਸੋਵਤ ਸੈਨ ਸਰਪ ਕੀ ਜਹਾਂ॥੨॥**

***ਭਾਵਾਰਥ:–*** ਜਿੱਥੇ ਸਮੁੰਦਰ ਅਤੇ ਬਿੰਧਿਆਂਚਲ (ਭਾਵ– ਜਲ ਥਲ) ਵੀ (ਗਨਜੋ) ਕਹਿਆ ਨਹੀਂ ਜਾ ਸਕਦਾ (ਭਾਵ– ਕਾਲ ਪੁਰਖ)। ਓਥੇ ਹੀ ਥੱਕਿਆ ਹੋਇਆ ਵਿਸ਼ਨੂੰ ਸਮਾ ਰਹਿੰਦਾ ਹੈ। ਜਿੱਥੇ ਕਿ (ਸੈਨ ਸਰਪ ਕੀ) ਵਿਸ਼ਨੂੰ ਸੌਂਦਾ ਹੈ– ਉੱਥੇ ਸ਼ੇਸ਼ਨਾਗ ਵਰਗੇ ਕਰੋੜਾਂ ਹੀ ਹਨ॥੨॥

**ਸਹੰਸ੍ਰ ਸੀਸ ਤਬ ਧਰ ਤਨ ਜੰਗਾ॥ ਸਹੰਸ੍ਰ ਪਾਵ ਕਰ ਸਹਸ ਅਭੰਗਾ॥**

**ਸਹੰਸ੍ਰਾਛ ਸੋਭਿਤ ਹੈਂ ਤਾ ਕੇ॥ ਲਛਮੀ ਪਾਵ ਪਲੋਸਤ ਵਾ ਕੇ॥੩॥**

***ਭਾਵਾਰਥ:–*** ਹਜ਼ਾਰਾਂ ਸਿਰ, ਹਜ਼ਾਰਾਂ ਸਰੀਰ ਅਤੇ ਹਜ਼ਾਰਾਂ (ਜੰਗਾ– ਜੰਘਾ) ਲੱਤਾਂ ਤਾਂ ਧਰ ਲੈਂਦਾ ਹੈ। ਹਜ਼ਾਰਾਂ ਪੈਰ ਅਤੇ ਹਜ਼ਾਰਾਂ (ਅਭੰਗਾ) ਵਿਘਨ ਰਹਿਤ ਹੱਥ ਹਨ। ਉਸਦੇ ਹਜ਼ਾਰਾਂ ਹੀ ਨੇਤਰ ਸੋਂਹਦੇ ਹਨ–ਓਸੇ ਦੇ ਹੀ ਲੱਛਮੀ ਪੈਰ (ਪਲੋਸਤ) ਝੱਸਦੀ ਹੈ॥੩॥

**ਦੋਹਰਾ॥**

**ਮਧੁ ਕੀਟਭ ਕੇ ਬਧ ਨਮਿਤ ਜਾ ਦਿਨ ਜਗਤ ਮੁਰਾਰਿ॥**

**ਸੁ ਕਬਿ ਸਯਾਮ ਤਾ ਕੋ ਕਹੈ ਚੌਦਸਵੋਂ ਅਵਤਾਰ॥੪॥**

***ਭਾਵਾਰਥ:–*** ਮਧੁ ਕੈਟਭ ਦੇ ਮਾਰਨ ਵਾਸਤੇ ਜਿਸ ਦਿਨ (ਮੁਰਾਰਿ) ਵਿਸ਼ਨੂੰ (ਜਗਤ) ਜਾਗਦਾ (ਪੈਦਾ ਹੁੰਦਾ) ਹੈ (ਹਯਗ੍ਰੀਵ ਨਾਮ ਕਰ ਕੇ) (ਸਯਾਮ– ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) (ਸੁ ਕਬਿ) ਉੱਤਮ ਕਵੀ ਜਨ (ਵਿਆਸ ਆਦਿਕ) ਉਸ ਨੂੰ ਚੌਦਵਾਂ ਅਵਤਾਰ ਕਹਿੰਦੇ ਹਨ॥੪॥

**ਚੌਪਈ॥**

**ਸ੍ਰਵਣ ਮੈਲ ਤੇ ਅਸੁਰ ਪ੍ਰਕਾਸਿਤ॥ ਚੰਦ ਸੂਰ ਨ ਦੁਤਿਯ ਪ੍ਰਭਾਸਿਤ॥**

**ਮਾਯਾ ਤਜਤ ਬਿਸਨੁ ਕਹ ਤਬ ਹੀ॥ ਕਰਤ ਉਪਾਧਿ ਅਸੁਰ ਮਿਲਿ ਜਬ ਹੀ॥੫॥**

***ਭਾਵਾਰਥ:–*** (ਵਿਸ਼ਨੂੰ ਹੀ[੧]) ਕੰਨ ਦੀ ਮੈਲ ਤੋਂ ਦੈਂਤ (ਪ੍ਰਕਾਸਿਤ) ਪੈਦਾ ਕਰਦਾ ਹੈ। (ਉਦੋਂ ਕੋਈ) (ਦੁਤਿਯ) ਹੋਰ ਚੰਦ ਸੂਰਜ (ਪ੍ਰਭਾਸਿਤ) ਚਮਕਦਾ ਨਹੀਂ। ਜਦੋਂ ਦੈਂਤ ਮਿਲ ਕੇ (ਉਪਾਧਿ) ਉਪੱਦ੍ਰਵ ਕਰਦੇ ਹਨ– ਉਦੋਂ ਹੀ ਵਿਸ਼ਨੂੰ ਨੂੰ ਮਾਇਆ ਛੱਡਦੀ ਹੈ॥੫॥

**ਤਿਨ ਸੋਂ ਕਰਤ ਬਿਸਨੁ ਘਮਸਾਨਾ॥ ਬਰਖ ਹਜਾਰ ਪੰਚ ਪਰਮਾਨਾ॥**

**ਕਾਲ ਪੁਰਖ ਤਬ ਹੋਤ ਸਹਾਈ॥ ਦੁਹੂੰਅਨਿ ਹਨਤ ਕ੍ਰੋਧ ਉਪਜਾਈ॥੬॥**

***ਭਾਵਾਰਥ:–*** ਉਨ੍ਹਾਂ ਨਾਲ ਵਿਸ਼ਨੂੰ (ਹਯਗ੍ਰੀਵ) (ਘਮਸਾਨਾ) ਜੰਗ ਪੰਜ ਹਜ਼ਾਰ ਵਰ੍ਹੇ (ਪਰਮਾਨਾ) ਤੱਕ ਕਰਦਾ ਹੈ। ਤਾਂ ਕਾਲ ਪੁਰਖ ਸਹਾਇਕ ਹੁੰਦਾ ਹੈ ਅਤੇ ਕ੍ਰੋਧ ਪੈਦਾ ਕਰ ਕੇ (ਵਿਸ਼ਨੂੰ) ਦੋਹਾਂ ਨੂੰ ਮਾਰਦਾ ਹੈ॥੬॥

**ਦੋਹਰਾ॥**

---

[੧] ਕਾਲਿਕਾ ਪੁਰਾਣ ਅਤੇ ਮਹਾਂਭਾਰਤ ਅਨੁਸਾਰ– ਮਧੁ ਕੈਟਭ ਵਿਸ਼ਨੂੰ ਦੇ ਕੰਨ ਦੀ ਮੈਲ ਤੋਂ ਹੋਏ ਹਨ। ਵਾਲਮੀਕੀ ਰਮਾਇਣ ਅਨੁਸਾਰ– ਬ੍ਰਹਮਾ ਦੇ ਕੰਨ ਦੀ ਮੈਲ ਤੋਂ ਹੋਏ।

**ਧਾਰਤ ਹੈ ਐਸੋ ਬਿਸਨੁ ਚੌਦਸਵੋਂ ਅਵਤਾਰ॥**
**ਸੰਤ ਸੰਬੂਹਨਿ ਸੁਖ ਨਮਿਤ ਦਾਨਵ ਦੂਹੂੰ ਸੰਘਾਰ॥੭॥**

***ਭਾਵਾਰਥ:–*** ਇਸ ਤਰ੍ਹਾਂ ਦਾ ਚੌਦਵਾਂ ਅਵਤਾਰ ਵਿਸ਼ਨੂੰ ਹੀ ਧਾਰਦਾ ਹੈ। ਸਭ ਸੰਤਾਂ ਦੇ ਸੁੱਖ ਵਾਸਤੇ ਅਤੇ ਦੋਹਾਂ ਦੈਂਤਾਂ ਦੇ ਨਾਸ ਵਾਸਤੇ॥੭॥

**ਇਤਿ ਸ੍ਰੀ ਬਚਿਤ੍ਰ ਨਾਟਕੇ ਮਧੁ ਕੈਟਭ ਬਧਹ ਚਤੁਰਦਸਵੋਂ ਅਵਤਾਰ ਸਮਾਪਤ ਮਸਤੁ ਸੁਭ ਮਸਤੁ[੧]॥੧੪॥**

**ਸ੍ਰੀ ਭਗਉਤੀ ਜੀ ਸਹਾਇ॥ ਅਥ ਅਰਹੰਤ ਦੇਵ ਅਵਤਾਰ ਕਥਨੰ॥ ਚੌਪਈ॥**
**ਜਬ ਜਬ ਦਾਨਵ ਕਰਤ ਪਸਾਰਾ॥ ਤਬ ਤਬ ਬਿਸਨੁ ਕਰਤ ਸੰਘਾਰਾ॥**
**ਸਕਲ ਅਸੁਰ ਇਕਠੇ ਤਹਾਂ ਭਏ॥ ਸੁਰ ਅਰਿ ਗੁਰੁ ਮੰਦਰਿ ਚਲ ਗਏ॥੧॥**

***ਭਾਵਾਰਥ:–*** ਜਦੋਂ ਜਦੋਂ ਦੈਂਤ (ਪਸਾਰਾ) ਫੈਲਾਉ ਕਰਦੇ ਹਨ। ਉਦੋਂ ਉਦੋਂ ਵਿਸ਼ਨੂੰ ਨਾਸ ਕਰਦਾ ਹੈ। (ਇੱਕ ਵਾਰ) ਓਥੇ (ਕਿਸੇ ਥਾਂ ਵਿੱਚ) ਸਾਰੇ ਦੈਂਤ ਇਕੱਠੇ ਹੋ ਕੇ (ਸੁਰਅਰਿ) ਦੈਂਤ ਗੁਰੂ (ਸ਼ੁਕਰਾਚਾਰਯ) ਦੇ ਮਕਾਨ ’ਤੇ ਚਲੇ ਗਏ॥੧॥

**ਸਬਹੂੰ ਮਿਲਿ ਅਸ ਕਰਜੋ ਬਿਚਾਰਾ॥ ਦੈਤਜ ਨ ਕਰਤ ਘਾਤ ਅਸੁਰਾਰਾ॥**
**ਤਾ ਤੇ ਐਸ ਕਰੌ ਕਿਛੁ ਘਾਤਾ॥ ਜਾ ਤੇ ਬਨੇ ਹਮਾਰੀ ਬਾਤਾ॥੨॥**

***ਭਾਵਾਰਥ:–*** ਸਾਰਿਆਂ ਨਾਲ ਮਿਲ ਕੇ ਇਉਂ ਵਿਚਾਰ ਕੀਤਾ। ਦੈਂਤ (ਹੁਣ) (ਅਸੁਰਾਰਾ) ਦੇਵਤਿਆਂ ਦਾ ਨਾਸ ਨਹੀਂ ਕਰ ਸਕਦੇ, (ਭਾਵ– ਦੇਵਤਿਆਂ ਨਾਲੋਂ ਕਮਜ਼ੋਰ ਹੋ ਗਏ ਹਨ)। ਏਸ ਵਾਸਤੇ ਕੁਝ ਐਹੋ ਜਿਹਾ (ਘਾਤਾ) ਦਾਵ (ਪੇਚ) ਕਰੋ, ਕਿ ਜਿਸ ਤੋਂ ਸਾਡੀ ਗੱਲ (ਤਾਕਤ ਦੀ) ਬਣ ਜਾਵੇ॥੨॥

**ਦੈਤਜ ਗੁਰੂ ਇਮ ਬਚਨ ਬਖਾਨਾ॥ ਤੁਮ ਦਾਨਵੋ ਨ ਭੇਦ ਪਛਾਨਾ॥**
**ਵੇ ਮਿਲਿ ਜਗਯ ਕਰਤ ਬਹੁ ਭਾਂਤਾ॥ ਕੁਸਲ ਹੋਤੁ ਤਾ ਤੇ ਦਿਨੁ ਰਾਤਾ॥੩॥**

***ਭਾਵਾਰਥ:–*** (ਦੈਂਤ ਗੁਰੂ) ਸ਼ੁਕਰਾਚਾਰਯ ਨੇ ਇਉਂ ਬਚਨ ਕਹਿਆ ਕਿ ਹੇ ਦਾਨਵੋ! ਤੁਸਾਂ ਭੇਤ ਨਹੀਂ ਜਾਣਿਆ। ਉਹ (ਦੇਵਤੇ) ਮਿਲ ਕੇ ਬਹੁਤ ਤਰ੍ਹਾਂ ਨਾਲ ਯੱਗ ਕਰਦੇ ਹਨ, ਉਸ ਤੋਂ ਹੀ (ਦੇਵਤਿਆਂ ਨੂੰ) (ਦਿਨੁ ਰਾਤਾ) ਸਦਾ (ਕੁਸਲ) ਸੁਖ ਹੁੰਦਾ ਹੈ॥੩॥

**ਤੁਮਹੂੰ ਕਰੋ ਜਗਯ ਆਰੰਭਨ॥ ਬਿਜੈ ਹੋਇ ਤੁਮਰੀ ਤਾ ਤੇ ਰਨ॥**
**ਜਗਯ ਆਰੰਭ ਦਾਨਵਨ ਕਰਾ॥ ਬਚਨ ਸੁਨਤ ਸੁਰਪੁਰ ਥਰਹਰਾ॥੪॥**

***ਭਾਵਾਰਥ:–*** ਤੁਸੀਂ ਵੀ ਯੱਗ ਦਾ ਆਰੰਭਨ ਕਰ ਦਿਓ, ਉਸਤੋਂ ਹੀ ਜੰਗ ਵਿੱਚ ਤੁਹਾਡੀ (ਬਿਜੈ) ਜਿੱਤ ਹੋਵੇਗੀ। (ਇਉਂ ਸ਼ੁਕਰਾਚਾਰਯ ਤੋਂ ਸੁਣ ਕੇ) ਦਾਨਵਾਂ ਨੇ ਯੱਗ ਆਰੰਭ ਕਰ ਦਿੱਤਾ। (ਇਹ) ਗੱਲ ਸੁਣਦਿਆਂ ਹੀ (ਸੁਰਪੁਰ) ਸਵਰਗ ਕੰਬ ਗਿਆ॥੪॥

**ਬਿਸਨੁ ਬੋਲ ਕਰਿ ਕਰੋ ਬਿਚਾਰਾ॥ ਅਬ ਕਛੁ ਕਰੋ ਮੰਤ੍ਰ ਅਸੁਰਾਰਾ॥**
**ਬਿਸਨੁ ਨਵੀਨ ਕਹਜੋ ਬਪੁ ਧਰਿਹੋਂ॥ ਜਗਯ ਬਿਘਨ ਅਸੁਰਨ ਕੋ ਕਰਿਹੋਂ॥੫॥**

---

੧ ‘ਇਤਿ ਸ੍ਰੀ’ ਦਾ ਪਾਠ ਪੋਥੀ ’ਚੋਂ ਹੀ ਲਿਖਿਆ ਹੈ।

***ਭਾਵਾਰਥ:–*** ਵਿਸ਼ਨੂੰ ਨੂੰ ਬੁਲਾ ਕੇ ਵਿਚਾਰ ਕੀਤਾ ਕਿ ਕੁਝ ਹੁਣ (ਅਸੁਰਾਰਾ) ਦੇਵਤਿਆਂ ਦੇ (ਮੰਤ੍ਰ) ਭਲੇ ਦੀ ਵਿਚਾਰ ਕਰੋ। ਤਾਂ ਵਿਸ਼ਨੂੰ ਨੇ ਕਹਿਆ ਕਿ ਮੈਂ ਨਵਾਂ (ਬਪੁ) ਸਰੂਪ (ਸਰੀਰ, ਅਵਤਾਰ) ਧਾਰਾਂਗਾ। ਦੈਂਤਾਂ ਦੇ ਯੱਗ ਵਿੱਚ ਵਿਘਨ (ਪੈਦਾ) ਕਰਾਂਗਾ॥੫॥

**ਬਿਸਨੁ ਅਧਿਕ ਕੀਨੋ ਇਸਨਾਨਾ॥ ਦੀਨੇ ਅਮਿਤ ਦਿਜਨ ਕਹੁ ਦਾਨਾ॥**
**ਮਨ ਮੋ ਕਵਲਾ ਸ੍ਰਿਜੋ ਗਜਾਨਾ॥ ਕਾਲ ਪੁਰਖ ਕੋ ਧਰਜੋ ਧਜਾਨਾ॥੬॥**

***ਭਾਵਾਰਥ:–*** ਵਿਸ਼ਨੂੰ ਨੇ ਬਹੁਤ ਸਨਾਨ ਕੀਤਾ। ਬਹੁਤ ਬ੍ਰਾਹਮਣਾਂ ਨੂੰ ਦਾਨ ਦਿੱਤੇ। (ਤਾਂ) ਮਨ ਵਿੱਚ (ਕਵਲਾ) ਦੇਵੀ (ਸ਼ਕਤੀ) ਨੇ ਗਿਆਨ (ਸ੍ਰਿਜੋ) ਪੈਦਾ ਕਰ ਦਿੱਤਾ। ਤਾਂ ਕਾਲ ਪੁਰਖ ਦਾ ਧਿਆਨ ਧਰਿਆ॥੬॥

**ਕਾਲ ਪੁਰਖ ਤਬ ਭਏ ਦਇਆਲਾ॥ ਦਾਸ ਜਾਨ ਕਹ ਬਚਨ ਰਸਾਲਾ॥**
**ਧਰ ਅਰਹੰਤ ਦੇਵ ਕੋ ਰੂਪਾ॥ ਨਾਸ ਕਰੋ ਅਸੁਰਨ ਕੇ ਭੂਪਾ॥੭॥**

***ਭਾਵਾਰਥ:–*** ਤਾਂ ਕਾਲ ਪੁਰਖ ਜੀ ਮਿਹਰਬਾਨ ਹੋਏ। (ਵਿਸ਼ਨੂੰ ਨੂੰ) ਸੇਵਕ ਸਮਝ ਕੇ (ਰਸਾਲਾ) ਮਿੱਠੇ (ਸੋਹਣੇ) ਬਚਨ ਕਹੇ। (ਕਿ ਤੂੰ) ਅਰਹੰਤ ਦੇਵ ਦਾ ਰੂਪ ਧਾਰ ਕੇ, ਦੈਂਤਾਂ ਦਿਆਂ ਰਾਜਿਆਂ ਨੂੰ ਨਾਸ ਕਰ॥੭॥

**ਬਿਸਨੁ ਦੇਵ ਆਗਜਾ ਜਬਿ ਪਾਈ॥ ਕਾਲ ਪੁਰਖ ਕੀ ਕਰੀ ਬਡਾਈ॥**
**ਭੂਅ ਅਰਹੰਤ ਦੇਵ ਬਨਿ ਆਯੋ॥ ਆਨ ਅਉਰ ਹੀ ਪੰਥ ਚਲਾਯੋ॥੮॥**

***ਭਾਵਾਰਥ:–*** ਜਦੋਂ ਵਿਸ਼ਨੂੰ ਦੇਵ ਨੂੰ ਹੁਕਮ ਮਿਲ ਗਿਆ, (ਤਾਂ ਉਸ) ਕਾਲ ਪੁਰਖ ਦੀ ਉਸਤਤ ਕੀਤੀ। ਧਰਤੀ ਤੇ ਅਰਹੰਤ ਦੇਵ (ਰਿਸ਼ਭ ਦੇਵ) ਬਣ ਕੇ ਆ ਗਿਆ। ਆਣ ਕੇ ਹੋਰ ਹੀ (ਪੰਥ) ਰਾਹ (ਮਜ਼ਹਬ) ਚਲਾ ਦਿੱਤਾ॥੮॥

**ਜਬ ਅਸੁਰਨ ਕੋ ਭਯੋ ਗੁਰੁ ਆਈ॥ ਬਹੁਤਿ ਭਾਂਤਿ ਨਿਜ ਮਤਹਿ ਚਲਾਈ॥**
**ਸ੍ਰਾਵਗ ਮਤ ਉਪਰਾਜਨ ਕੀਯਾ॥ ਸੰਤ ਸੰਬੂਹਨ ਕੋ ਸੁਖ ਦੀਯਾ॥੯॥**

***ਭਾਵਾਰਥ:–*** ਬਹੁਤ ਤਰ੍ਹਾਂ ਨਾਲ ਆਪਣੇ ਮੱਤ ਨੂੰ ਚਲਾ ਕੇ–ਜਦੋਂ ਆ ਕੇ ਦੈਂਤਾਂ ਦਾ (ਗੁਰੁ) ਪੂਜਯ ਹੋ ਗਿਆ, (ਸ੍ਰਾਵਗ) ਜੈਨ (ਦਿਗੰਬਰ) ਪੰਥ (ਉਪਾਰਜਨ) ਪੈਦਾ ਕਰ ਦਿੱਤਾ। (ਇਓਂ) ਸਾਰਿਆਂ ਸੰਤਾਂ ਨੂੰ ਸੁੱਖ ਦਿੱਤਾ॥੯॥

**ਸਬਹੂੰ ਪਾਨਿ ਮੋਚਨਾ[੧] ਦੀਏ॥ ਸਿਖਾ ਹੀਣ ਦਾਨਵ ਬਹੁ ਕੀਏ॥**
**ਸਿਖਾ ਹੀਣ ਕੋਇ ਮੰਤ੍ਰ ਨ ਫੁਰੈ॥ ਜੋ ਕੋਇ ਜਪੈ ਉਲਟਿ ਤਿਹ ਪਰੈ॥੧੦॥**

***ਭਾਵਾਰਥ:–*** ਸਾਰਿਆਂ ਨੂੰ ਹੱਥਾਂ ਰੂਪ ਮੋਚਨੇ ਦੇ ਦਿੱਤੇ ਗਏ (ਭਾਵ– ਸਾਰੇ ਹੱਥਾਂ ਨਾਲ 'ਕੇਸ ਮੋਚਨਾ' ਕਿਰਿਆ ਕਰਨ ਲੱਗ ਪਏ) (ਬਹੁ) ਸਾਰੇ ਦੈਂਤ (ਸਿਖਾ) ਬੋਦੀਆਂ ਤੋਂ ਰਹਿਤ ਕਰ ਦਿੱਤੇ। ਬੋਦੀ

---

[੧] ਪ੍ਰੈੱਸ ਦੀ ਬੀੜ ਦੀਆਂ ਸੈਂਚੀਆਂ ਵਿੱਚ 'ਸਾਥ ਮੋਚਨਾ' ਪਾਠ ਹੈ ਵੇਖੋ ਸਫ਼ਾ ੧੯੩, ਇਹ ਪਾਠ 'ਹਾਥ ਮੋਚਨਾ' ਤੋਂ ਵਿਗਾੜਿਆ ਹੋਇਆ ਦਿੱਸ ਰਿਹਾ ਹੈ। ਲਿਖਤ ਪੋਥੀ ਵਿੱਚ 'ਪਾਨਿ ਮੋਚਨਾ' ਦਾ ਪ੍ਰਯਾਯ ਹੀ 'ਹਾਥ ਮੋਚਨਾ' ਪਾਠ ਹੈ।

(ਅਤੇ ਜਨੇਊ) ਤੋਂ ਰਹਿਤ ਦਾ ਕੋਈ ਮੰਤਰ ਨਹੀਂ (ਫੁਰੈ) ਚੱਲਦਾ। (ਜੋ) ਜਿਹੜਾ ਕੋਈ (ਬੋਦੀ ਜਨੇਊ ਰਹਿਤ ਮੰਤਰ ਨੂੰ) ਜਪਦਾ ਹੈ, ਉਹਨੂੰ ਉਲਟਾ ਪੈ ਜਾਂਦਾ ਹੈ[੧]॥੧੦॥

**ਬਹੁਰਿ ਜਗਜ ਕੋ ਕਰਬਿ ਮਿਟਾਯੋ॥ ਜਿਯ ਹਿੰਸਾ ਤੇ ਸਬਹੂੰ ਹਟਾਯੋ॥**
**ਬਿਨ ਹਿੰਸਾ ਕਿਯ ਜਗਜ ਨ ਹੋਈ॥ ਤਾ ਤੇ ਜਗਜ ਕਰੈ ਨਾ ਕੋਈ॥੧੧॥**

***ਭਾਵਾਰਥ:–*** ਫੇਰ–'ਯੱਗ ਦਾ ਕਰਨਾ' ਹੀ ਖਤਮ ਕਰ ਦਿੱਤਾ। ਸਾਰਿਆਂ ਨੂੰ ਹੀ 'ਜੀਵ ਹਿੰਸਾ' ਤੋਂ ਰੋਕ ਦਿੱਤਾ। (ਜੀਵ) ਹਿੰਸਾ ਕੀਤਿਆਂ ਬਿਨਾਂ–ਯੱਗ ਨਹੀਂ ਹੋ ਸਕਦਾ– ਉਸ ਤੋਂ ਹੀ ਕੋਈ ਯਗ ਨਹੀਂ ਕਰਦਾ॥੧੧॥

**ਯਾ ਤੇ ਭਯੋ ਜਗਨ ਕੋ ਨਾਸਾ॥ ਜੋ ਜਿਯ ਹਨੇ ਹੋਇ ਉਪਹਾਸਾ॥**
**ਜਿਯ ਮਰੇ ਬਿਨੁ ਜਗਜ ਨ ਹੋਈ॥ ਜਗਜ ਕਰੈ ਪਾਵੈ ਨਹਿ ਕੋਈ॥੧੨॥**

***ਭਾਵਾਰਥ:–*** ਏਸ ਤੋਂ ਹੀ ਯੱਗਾਂ ਦਾ ਨਾਸ ਹੋ ਗਿਆ। ਜਿਹੜਾ ਜੀਵ ਮਾਰਦਾ–ਉਹਦੀ (ਉਪਹਾਸਾ–ਮਖੌਲ) ਨਿੰਦਿਆ ਹੁੰਦੀ ਸੀ। ਜੀਵ ਮਰੇ ਤੋਂ ਬਿਨਾਂ ਯੱਗ ਨਹੀਂ ਹੁੰਦਾ, (ਏਸ ਤੋਂ ਹੀ) ਕੋਈ ਯੱਗ ਨਹੀਂ ਕਰ ਪਾਉਂਦਾ॥੧੨॥

**ਇਹ ਬਿਧਿ ਦਿਯੋ ਸਭਨ ਉਪਦੇਸਾ॥ ਜਗਜ ਸਕੈ ਕੋ ਕਰ ਨ ਨਰੇਸਾ॥**
**ਅਪਥ ਪਥ ਸਬ ਲੋਗਨ ਲਾਯਾ॥ ਧਰਮ ਕਰਮ ਕੋਊ ਕਰਨ ਨ ਪਾਯਾ॥੧੩॥**

***ਭਾਵਾਰਥ:–*** ਏਸ ਤਰ੍ਹਾਂ ਦਾ ਹੀ ਸਾਰਿਆਂ ਨੂੰ ਉਪਦੇਸ਼ ਦਿੱਤਾ–(ਜਿਸ ਤੋਂ) ਕੋਈ ਰਾਜਾ ਵੀ ਯੱਗ ਨਹੀਂ ਕਰ ਸਕਦਾ ਸੀ। ਕੁਰਾਹ ਦੇ ਰਾਹ ਵਿੱਚ ਸਾਰਿਆਂ ਬੰਦਿਆਂ ਨੂੰ ਲਾ ਦਿੱਤਾ। (ਵੈਦਿਕ) ਧਰਮ ਦੇ ਕਰਮ ਨੂੰ ਕੋਈ ਵੀ ਨਾ ਕਰ ਸਕਿਆ॥੧੩॥

**ਦੋਹਰਾ॥**
**ਅੰਨ ਅੰਨ ਤੇ ਹੋਤੁ ਜਯੋਂ ਘਾਸ ਘਾਸ ਤੇ ਹੋਇ॥**
**ਤੈਸੇ ਮਨੁੱਛ ਮਨੁੱਛ ਤੇ ਅਵਰੁ ਨ ਕਰਤਾ ਕੋਇ॥੧੪॥**

***ਭਾਵਾਰਥ:–*** ਜਿਸ ਤਰ੍ਹਾਂ ਅਨਾਜ ਤੋਂ ਅਨਾਜ (ਪੈਦਾ) ਹੁੰਦਾ ਹੈ, ਘਾਹ ਤੋਂ ਘਾਹ ਹੋ ਜਾਂਦਾ ਹੈ। ਉਸੇ ਤਰ੍ਹਾਂ ਹੀ ਮਨੁੱਖ ਤੋਂ ਮਨੁੱਖ (ਪੈਦਾ ਹੋ ਜਾਂਦਾ ਹੈ), ਹੋਰ ਕੋਈ ਕਰਨ ਵਾਲਾ (ਬ੍ਰਹਮ, ਮਾਇਆ, ਬ੍ਰਹਮਾ, ਸੂਰਜ ਆਦਿਕ) ਨਹੀਂ ਹੈ॥੧੪॥

**ਚੌਪਈ॥**
**ਐਸ ਗਜਾਨ ਸਬਹੂਨ ਦ੍ਰਿੜਾਯੋ॥ ਧਰਮ ਕਰਮ ਕੋਊ ਕਰਨ ਨ ਪਾਯੋ॥**

---

[੧] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੇਸ਼ੱਕ ਬਹੁਤ ਗ੍ਰੰਥਾਂ ਦੇ ਅਨੁਵਾਦ ਕੀਤੇ ਹਨ ਪਰ ਉਹਨਾਂ ਦਾ ਨਿਜੀ ਆਸ਼ਯ ਯੰਤਰਾਂ ਮੰਤਰਾਂ ਦੇ ਉਲਟ ਹੈ। ਪਰ 'ਬੋਦੀ ਤੋਂ ਰਹਿਤ ਦਾ ਕੋਈ ਮੰਤਰ ਨਹੀਂ ਫੁਰਦਾ'। ਇਹ ਬੇਸ਼ੱਕ ਸ੍ਰੀਮਦ ਭਾਗਵਤ ਗੀਤਾ ਦਾ ਹੀ ਆਸ਼ਯ ਹੋਵੇ– ਤਾਂ ਵੀ ਮੰਨਣ ਯੋਗ ਨਹੀਂ। ਕਿਉਂਕਿ ਜੇ ਕੋਈ ਮੱਤਾਂ (ਮਜ਼ਹਬਾਂ) ਦੀ ਵਿਚਾਰ ਕੀਤੀ ਜਾ ਸਕਦੀ ਹੈ– ਤਾਂ ਉਹ ਸੰਨਿਆਸ ਪੰਥ ਤੋਂ ਹੀ ਸ਼ੁਰੂ ਕੀਤੀ ਜਾ ਸਕਦੀ ਹੈ। ਜੈਨੀ ਭਾਵੇਂ ਆਪਣੇ ਮੱਤ ਨੂੰ ਅਨਾਦੀ ਮੰਨਦੇ ਹਨ। ਏਸੇ ਤਰ੍ਹਾਂ ਉਦਾਸੀ ਵੀ ਅਨਾਦੀ ਮੰਨਦੇ ਹਨ। ਏਹੋ ਜਿਹੇ ਖ਼ਿਆਲ ਹਰ ਪੰਥ ਦੀਆਂ ਪੁਸਤਕਾਂ 'ਚੋਂ ਮਿਲਦੇ ਹਨ। ਇਨਸਾਫ਼ ਕਰਤਿਆਂ ਨੇ ਸਾਰਿਆਂ ਤੋਂ ਪਹਿਲਾ ਪੰਥ 'ਸੰਨਿਆਸ' ਹੀ ਮੰਨਿਆ ਹੈ। ਪਰ ਸੰਨਿਆਸੀ ਮੱਤ ਵੀ ਚੋਟੀ ਜਨੇਊ ਦਾ ਤਿਆਗੀ ਹੀ ਹੈ। ਯੋਗੀ ਪੰਥ ਵੀ ਚੋਟੀ ਜਨੇਊ ਨਹੀਂ ਰੱਖ ਸਕਦਾ।

**ਇਹ ਬ੍ਰਿਤਿ ਬੀਚ ਸਭੋ ਚਿਤ ਦੀਨਾ॥ ਅਸੁਰ ਬੰਸ ਤਾ ਤੇ ਭਯੋ ਛੀਨਾ॥੧੫॥**

***ਭਾਵਾਰਥ:-*** ਸਾਰਿਆਂ ਨੂੰ ਐਹੋ ਜਿਹਾ ਵਿਚਾਰ ਨਿਸਚੇ ਵਿੱਚ ਬਹਾ ਦਿੱਤਾ। (ਜਿਸ ਤੋਂ ਕਿ) ਕੋਈ (ਵੈਦਿਕ) ਧਰਮ ਦੇ ਕਰਮ ਨੂੰ ਨਾ ਕਰ ਸਕਿਆ। ਏਸ ਹੀ (ਬ੍ਰਿਤਿ) ਵਿਚਾਰ ਵਿੱਚ ਸਾਰਿਆਂ ਨੇ ਚਿੱਤ ਨੂੰ (ਲਾ) ਦਿੱਤਾ। ਉਸ ਤੋਂ ਹੀ ਦੈਂਤ-ਵੰਸ਼ (ਛੀਨਾ) ਕਮਜ਼ੋਰ ਹੋ ਗਿਆ॥੧੫॥

**ਚੌਪਈ॥**

**ਨ੍ਹਾਵਨ ਦੈਤ ਨ ਪਾਵੈ ਕੋਈ॥ ਬਿਨੁ ਇਸਨਾਨ ਪਵਿਤ੍ਰ ਨ ਹੋਈ॥**
**ਬਿਨੁ ਪਵਿਤ੍ਰ ਕੋਈ ਫੁਰੈ ਨ ਮੰਤ੍ਰਾ॥ ਨਿਫਲ ਭਏ ਤਾ ਤੇ ਸਭਿ ਜੰਤ੍ਰਾ॥੧੬॥**

***ਭਾਵਾਰਥ:-*** ਕੋਈ ਦੈਂਤ ਨਹਾ ਨਹੀਂ ਸਕਦਾ ਸੀ, ਸਨਾਨ ਤੋਂ ਬਿਨਾਂ ਪਵਿੱਤਰ ਨਹੀਂ ਹੋ ਸਕਦਾ ਸੀ, ਪਵਿੱਤਰ ਹੋਏ ਬਿਨਾਂ ਕੋਈ ਮੰਤਰ ਨਹੀਂ ਚੱਲ ਸਕਦਾ ਸੀ, ਏਸ ਤੋਂ ਹੀ ਸਾਰੇ ਯੰਤਰ (ਮੰਤਰ) ਨਿਸਫ਼ਲ ਹੋ ਗਏ ਸਨ॥੧੬॥

**ਦਸ ਸਹੰਸ੍ਰ ਬਰਖ ਕਿਯ ਰਾਜਾ॥ ਸਬ ਜਗ ਮੋ ਮਤ ਐਸੁਪਰਾਜਾ॥**
**ਧਰਮ ਕਰਮ ਸਭ ਹੀ ਮਿਟਿ ਗਯੋ॥ ਤਾ ਤੇ ਛੀਨਿ ਅਸੁਰ ਕੁਲ ਭਯੋ॥੧੭॥**

***ਭਾਵਾਰਥ:-*** (ਰਿਸ਼ਭ ਦੇਵ ਨੇ) ਦਸ ਹਜ਼ਾਰ ਵਰ੍ਹੇ ਰਾਜ ਕੀਤਾ। ਸਾਰੇ ਸੰਸਾਰ ਵਿੱਚ ਐਹੋ ਜਿਹਾ ਮੱਤ (ਉਪਰਾਜਾ) ਪੈਦਾ ਕਰ ਦਿੱਤਾ। ਸਾਰਾ ਹੀ (ਵੈਦਿਕ) ਧਰਮ ਦਾ ਕਰਮ ਖ਼ਤਮ ਹੋ ਗਿਆ। ਉਸ ਤੋਂ ਹੀ ਦੈਂਤ ਵੰਸ਼ (ਛੀਨਿ) ਕਮਜ਼ੋਰ ਹੋ ਗਿਆ॥੧੭॥

**ਦੇਵ ਰਾਇ ਜੀਅ ਮੋ ਭਲ ਮਾਨਾ॥ ਬਡਾ ਕਰਮੁ ਅਬ ਬਿਸਨੁ ਕਰਾਨਾ॥**
**ਆਨੰਦ ਬਢਾ ਸੋਕ ਮਿਟ ਗਯੋ॥ ਘਰਿ ਘਰਿ ਸਬਹੂੰ ਬਧਾਵਾ ਭਯੋ॥੧੮॥**

***ਭਾਵਾਰਥ:-*** (ਦੇਵ ਰਾਇ) ਇੰਦਰ ਨੇ ਹਿਰਦੇ ਵਿੱਚ ਚੰਗਾ ਸਮਝਿਆ ਕਿ ਹੁਣ ਵਿਸ਼ਨੂੰ ਜੀ ਨੇ (ਬਡਾ ਕਰਮੁ) ਬਹੁਤ ਮਿਹਰ (ਕਰਾਨਾ) ਕੀਤੀ (ਕਰਵਾਈ) ਹੈ। (ਇੰਦਰ ਨੂੰ) ਆਨੰਦ ਵਧ ਗਿਆ ਅਤੇ ਗ਼ਮ ਮਿਟ ਗਿਆ। ਸਾਰਿਆਂ (ਦੇਵਤਿਆਂ ਦੇ) ਘਰ ਘਰ ਵਿੱਚ ਵਧਾਈ ਦਾ ਗੀਤ ਹੋਇਆ॥੧੮॥

**ਦੋਹਰਾ॥**

**ਬਿਸਨੁ ਐਸ ਉਪਦੇਸ ਦੈ ਸਬ ਹੂੰ ਧਰਮ ਛੁਟਾਇ॥**
**ਅਮਰਾਵਤਿ ਸੁਰ ਨਗਰ ਮੋ ਬਹੁਰਿ ਬਿਰਾਜਯੋ ਜਾਇ॥੧੯॥**

***ਭਾਵਾਰਥ:-*** ਵਿਸ਼ਨੂੰ ਐਹੋ ਜਿਹਾ ਉਪਦੇਸ਼ ਦੇ ਕੇ, ਸਾਰਿਆਂ ਦਾ (ਵੈਦਿਕ) ਧਰਮ ਛੁਡਵਾ ਕੇ, ਦੇਵ ਨਗਰੀ ਅਮਰਾਵਤੀ ਵਿੱਚ ਫਿਰ ਜਾ ਬਿਰਾਜਿਆ॥੧੯॥

**ਸ੍ਰਾਵਗੇਸ ਕੋ ਰੂਪ ਧਰ ਦੈਤਜ ਕੁਪਥ ਸਬ ਡਾਰਿ॥**
**ਪੰਦ੍ਰਸਵੋਂ ਅਵਤਾਰ ਇਮ ਧਾਰਤ ਭਯੋ ਮੁਰਾਰਿ॥੨੦॥**

***ਭਾਵਾਰਥ:-*** ਸ੍ਰਾਵਕਾਂ ਦੇ ਰਾਜੇ (ਅਰਹੰਤ ਦੇਵ, ਰਿਸ਼ਭ ਦੇਵ) ਦਾ ਰੂਪ ਧਾਰ ਕੇ-ਸਾਰਿਆਂ ਦੈਂਤਾਂ ਕੁਰਾਹ ਪਾਉਣ ਵਾਲਾ (ਮੁਰਾਰਿ) ਵਿਸ਼ਨੂੰ, ਇਓਂ ਪੰਦਰਵਾਂ ਅਵਤਾਰ ਧਾਰਦਾ ਹੋਇਆ ਹੈ॥੨੦॥

## ਇਤਿ ਸ੍ਰੀ ਬਚਿਤ੍ਰ ਨਾਟਕੇ ਅਰਹੰਤ ਦੇਵ ਪੰਦ੍ਰਸਵੋਂ ਅਵਤਾਰ ਸਮਾਪਤ ਮਸਤੁ ਸੁਭ ਮਸਤੁ[੧]॥੧੫॥

**ਸ੍ਰੀ ਭਗਉਤੀ ਜੀ ਸਹਾਇ॥ ਅਥ ਮਨੁ ਰਾਜਾ ਅਵਤਾਰ ਕਥਨੰ॥ ਚੌਪਈ॥**
**ਸ੍ਰਾਵਗ ਮਤ ਸਬ ਹੀ ਜਨ ਲਾਗੇ॥ ਧਰਮ ਕਰਮ ਸਬ ਹੀ ਤਜਿ ਭਾਗੇ॥**
**ਤਜਾਗ ਦਈ ਸਬਹੂੰ ਹਰਿ ਸੇਵਾ॥ ਕੋਇ ਨ ਮਾਨਤ ਭੇ ਗੁਰਦੇਵਾ॥੧॥**

***ਭਾਵਾਰਥ:–*** ਸਾਰੇ ਲੋਕ ਹੀ (ਸ੍ਰਾਵਗ) ਜੈਨ ਮੱਤ ਵਿੱਚ ਲੱਗ ਗਏ। ਸਾਰੇ ਹੀ (ਵੈਦਿਕ) ਧਰਮ ਦੇ ਕਰਮ ਨੂੰ ਛੱਡ ਭੱਜੇ। ਸਾਰਿਆਂ ਹੀ (ਹਰਿ) ਬ੍ਰਹਮ ਦੀ (ਸੇਵਾ) ਉਪਾਸਨਾ ਛੱਡ ਦਿੱਤੀ। ਕੋਈ ਵੀ (ਗੁਰਦੇਵਾ) ਕਾਲ ਪੁਰਖ ਨੂੰ ਨਹੀਂ ਮੰਨਦਾ ਸੀ॥੧॥

**ਸਾਧੁ ਅਸਾਧੁ ਸਬੈ ਹ੍ਵੈ ਗਏ॥ ਧਰਮ ਕਰਮ ਸਬ ਹੂੰ ਤਜਿ ਦਏ॥**
**ਕਾਲ ਪੁਰਖ ਆਗਜਾ ਤਬਿ ਦੀਨੀ॥ ਬਿਸਨੁ ਚੰਦ ਸੋਈ ਬਿਧਿ ਕੀਨੀ॥੨॥**

***ਭਾਵਾਰਥ:–*** ਸਾਰੇ (ਸਾਧੁ) ਚੰਗੇ ਵੀ (ਅਸਾਧੁ) ਬੁਰੇ ਬਣ ਗਏ। ਸਾਰਿਆਂ (ਵੈਦਿਕ) ਧਰਮ ਦੇ ਕਰਮ ਛੱਡ ਦਿੱਤੇ। ਤਾਂ ਜੋ ਕਾਲ ਪੁਰਖ ਨੇ ਹੁਕਮ ਦਿੱਤਾ। ਚੰਦ ਸਰੂਪ ਵਿਸ਼ਨੂੰ ਜੀ ਨੇ ਉਸੇ ਤਰ੍ਹਾਂ ਹੀ ਕੀਤਾ॥੨॥

**ਮਨੁ ਹ੍ਵੈ ਰਾਜਵਤਾਰ ਅਵਤਰਾ॥ ਮਨੁ ਸਿਮ੍ਰਿਤਿਹਿ ਪ੍ਰਚੁਰ ਜਗ ਕਰਾ॥**
**ਸਕਲ ਕੁਪੰਥੀ ਪੰਥ ਚਲਾਏ॥ ਪਾਪ ਕਰਮ ਤੇ ਲੋਗ ਹਟਾਏ॥੩॥**

***ਭਾਵਾਰਥ:–*** ਤਾਂ (ਵਿਸ਼ਨੂੰ ਹੀ) ਮਨੁ ਰਾਜੇ ਦਾ (ਅਵਤਾਰ) ਸਰੂਪ ਹੋ ਕੇ (ਅਵਤਰਾ) ਪੈਦਾ ਹੋਇਆ ਅਤੇ ਮਨੂ ਸਿਮ੍ਰਿਤੀ ਨੂੰ ਸੰਸਾਰ ਵਿੱਚ (ਪ੍ਰਚੁਰ) ਫੈਲਾਉਣ ਕੀਤਾ। ਸਾਰੇ ਕੁਰਾਹੀਏ (ਵੈਦਿਕ ਧਰਮ ਦੇ) ਰਾਹ 'ਤੇ ਚਲਾ ਦਿੱਤੇ ਅਤੇ ਲੋਕ ਪਾਪ-ਕਰਮਾਂ ਤੋਂ ਵਰਜ ਲਏ॥੩॥

**ਰਾਜ ਅਵਤਾਰ ਭਯੋ ਮਨੁ ਰਾਜਾ॥ ਸਬ ਹੀ ਸ੍ਰਿਜੇ ਧਰਮ ਕੇ ਸਾਜਾ॥**
**ਪਾਪ ਕਰਾ ਤਾ ਕੋ ਗਹਿ ਮਾਰਾ॥ ਸਕਲ ਪ੍ਰਜਾ ਕਹੁ ਮਾਰਗ ਡਾਰਾ॥੪॥**

***ਭਾਵਾਰਥ:–*** ਰਾਜੇ ਦੇ ਜਨਮ ਵਿੱਚ ਮਨੁ ਰਾਜਾ (ਵਿਸ਼ਨੂੰ) ਹੋਇਆ। (ਜਿਨ) ਸਾਰੇ ਹੀ ਧਰਮ ਦੇ ਸਾਜੋ ਸਮਾਨ (ਸ੍ਰਿਜੇ) ਰਚੇ। (ਜਿਨ) ਪਾਪ ਕੀਤਾ-ਉਹਨੂੰ ਫੜ ਕੇ ਮਾਰ ਦਿੱਤਾ (ਇਓਂ ਰਾਜ ਬਲ ਨਾਲ) ਸਾਰੀ ਪਰਜਾ ਨੂੰ (ਵੈਦਿਕ) ਰਾਹ ਵਿੱਚ ਪਾਇਆ॥੪॥

**ਪਾਪ ਕਰਾ ਜਾਹੀਂ ਤਿਹ ਮਾਰਸਿ॥ ਸਕਲ ਪ੍ਰਜਾ ਕਹੁ ਧਰਮ ਸਿਖਾਰਸਿ॥**
**ਨ੍ਹਾਨ ਦਾਨ ਸਬਹੂਨ ਸਿਖਾਰਾ॥ ਸ੍ਰਾਵਗ ਪੰਥ ਦੂਰ ਕਰਿ ਡਾਰਾ॥੫॥**

***ਭਾਵਾਰਥ:–*** ਜੀਹਨੇ ਵੀ ਪਾਪ ਕੀਤਾ, ਉਹਨੂੰ ਹੀ ਮਾਰ ਦਿੱਤਾ। ਸਾਰੀ ਪਰਜਾ ਨੂੰ ਧਰਮ ਸਿਖਾ ਲਿਆ। ਇਸ਼ਨਾਨ ਅਤੇ ਦਾਨ ਸਭ ਨੂੰ ਸਿਖਾਲ ਦਿੱਤਾ। (ਸ੍ਰਾਵਗ) ਜੈਨ ਮੱਤ ਨੂੰ ਦੂਰ ਕਰ ਸੁੱਟਿਆ॥੫॥

---

[੧] 'ਇਤਿ ਸ੍ਰੀ' ਦਾ ਪਾਠ ਪੋਥੀ ਵਿੱਚੋਂ ਲਿਆ ਗਿਆ ਹੈ।

**ਜੇ ਜੇ ਭਾਜਿ ਦੂਰਿ ਕਹੂੰ ਭਏ[1]॥ ਸ੍ਰਾਵਗ ਧਰਮਿ ਸੋਊ ਰਹਿ ਗਏ॥**
**ਅਉਰ ਪ੍ਰਜਾ ਸਭ ਮਾਰਗ ਲਾਈ॥ ਕੁਪੰਥ ਪੰਥ ਤੇ ਸੁਪੰਥ ਚਲਾਈ॥੬॥**

***ਭਾਵਾਰਥ:–*** ਜਿਹੜੇ ਨੱਸ ਕੇ ਕਿਤੇ ਦੂਰ ਹੋ ਗਏ ਸਨ–ਉਹੋ ਹੀ ਸ੍ਰਾਵਗ ਧਰਮ ਵਾਲੇ ਰਹਿ ਗਏ ਸਨ। ਹੋਰ ਸਾਰੀ ਪਰਜਾ (ਵੈਦਿਕ) ਰਾਹ 'ਤੇ ਲਾ ਦਿੱਤੀ। (ਕੁਪੰਥ) ਬੁਰੇ (ਪੰਥ) ਰਾਹ ਤੋਂ ਚੰਗੇ ਰਾਹ ਚਲਾ ਦਿੱਤੀ॥੬॥

**ਰਾਜ ਅਵਤਾਰ ਭਯੋ ਮਨੁ ਰਾਜਾ॥ ਕਰਮ ਧਰਮ ਜਗ ਮੋ ਭਲ ਸਾਜਾ॥**
**ਸਕਲ ਕੁਪੰਥੀ ਪੰਥ ਚਲਾਏ॥ ਪਾਪ ਕਰਮ ਤੇ ਧਰਮ ਲਗਾਏ॥੭॥**

***ਭਾਵਾਰਥ:–*** ਮਨੁ ਰਾਜਾ (ਰਾਜਾਵਤਾਰ) ਰਾਜੇ ਦਾ ਰੂਪ ਹੋਇਆ। (ਜਿਸ) ਸੰਸਾਰ ਵਿੱਚ ਚੰਗਾ ਕਰਮ ਧਰਮ (ਸਾਜਾ) ਚਲਾਇਆ। ਬੁਰੇ ਰਾਹ ਚੱਲਣ ਵਾਲੇ ਸਾਰੇ (ਚੰਗੇ) ਰਾਹ ਤੋਰੇ। ਪਾਪ ਦੇ ਕਰਮ ਤੋਂ (ਹਟਾ ਕੇ) ਧਰਮ ਵਿੱਚ ਲਾ ਦਿੱਤੇ॥੭॥

**ਦੋਹਰਾ॥**
**ਪੰਥ ਕੁਪੰਥੀ ਸਬ ਲਗੇ ਸ੍ਰਾਵਗ ਮਤ ਭਯੋ ਦੂਰ॥**
**ਮਨੁ ਰਾਜਾ ਕੋ ਜਗਤ ਮੋ ਰਹਯੋ ਸੁ ਜਸੁ ਭਰਪੂਰ॥੮॥**

***ਭਾਵਾਰਥ:–*** ਸਾਰੇ ਕੁਪੰਥੀ ਲੋਕ ਸੁਰਾਹ ਲੱਗ ਗਏ ਅਤੇ ਸ੍ਰਾਵਗ (ਜੈਨ) ਮੱਤ (ਦੂਰ) ਨਾਸ ਹੋ ਗਿਆ। ਸੰਸਾਰ ਵਿੱਚ ਮਨੁ ਰਾਜੇ ਦਾ ਸੁ-ਜਸ (ਇਓਂ) ਪਰਿਪੂਰਨ ਹੋ ਰਿਹਾ ਹੈ॥੮॥

**ਇਤਿ ਸ੍ਰੀ ਬਚਿਤ੍ਰ ਨਾਟਕੇ ਮਨੁ ਰਾਜਾ ਸੋਲਵੋਂ ਅਵਤਾਰ ਸਮਾਪਤ ਮਸਤੁ ਸੁਭ ਮਸਤੁ॥੧੬॥**

**ਸ੍ਰੀ ਭਗਉਤੀ ਜੀ ਸਹਾਇ॥ ਅਥ ਧਨੰਤਰਿ ਬੈਦ ਅਵਤਾਰ ਕਥਨੰ॥ ਚੌਪਈ॥**
**ਸਬ ਧਨਵੰਤ ਭਏ ਜਗ ਲੋਗਾ॥ ਏਕ ਨ ਰਹਾ ਤਿਨੋ ਤਨੁ ਸੋਗਾ॥**
**ਭਾਂਤਿ ਭਾਂਤਿ ਭੱਛਤ ਪਕਵਾਨਾ॥ ਉਪਜਤ ਰੋਗ ਦੇਹ ਤਿਨਿ ਨਾਨਾ॥੧॥**

***ਭਾਵਾਰਥ:–*** (ਰਾਜੇ ਮਨੁ ਦੇ ਵੇਲੇ) ਸਾਰੇ ਸੰਸਾਰ ਦੇ ਲੋਕ ਧਨਵਾਨ ਹੋ ਗਏ। ਉਨ੍ਹਾਂ (ਤਨੁ) ਨੂੰ ਇੱਕ ਵੀ ਗ਼ਮ ਨਾ ਰਿਹਾ। ਤਰ੍ਹਾਂ ਤਰ੍ਹਾਂ ਦੇ ਭੋਜਨ ਖਾਂਦੇ ਸਨ ਤਾਂ ਉਨ੍ਹਾਂ ਨੂੰ ਬਹੁਤ ਤਰ੍ਹਾਂ ਦੇ ਰੋਗ ਪੈਦਾ ਹੋ ਜਾਂਦੇ ਸਨ॥੧॥

**ਰੋਗਾਕੁਲਿ ਤਬ ਹੀ ਭਏ ਲੋਗਾ॥ ਉਪਜਾ ਅਧਿਕ ਪ੍ਰਜਾ ਕੋ ਸੋਗਾ॥**
**ਪਰਮ ਪੁਰਖ ਕੀ ਕਰੀ ਬਡਾਈ॥ ਕ੍ਰਿਪਾ ਕਰੀ ਤਿਨਿ ਪਰ ਹਰਿ ਰਾਈ॥੨॥**

***ਭਾਵਾਰਥ:–*** ਉਦੋਂ ਹੀ ਲੋਕ ਰੋਗ ਤੋਂ (ਆਕੁਲਿ) ਦੁਖੀ ਹੋ ਗਏ। (ਪ੍ਰਜਾ) ਦੁਨੀਆਂ ਨੂੰ ਬਹੁਤ ਗ਼ਮ ਹੋਇਆ। (ਪਰਮ ਪੁਰਖ) ਕਾਲ ਦਾ (ਬਡਾਈ) ਸਿਮਰਨ ਕੀਤਾ। (ਹਰਿ ਰਾਇ) ਕਾਲ ਪੁਰਖ ਨੇ ਉਨ੍ਹਾਂ 'ਤੇ ਮਿਹਰ ਕੀਤੀ॥੨॥

**ਬਿਸਨੁ ਚੰਦ ਕੋ ਕਹਾ ਬੁਲਾਈ॥ ਧਰ ਅਵਤਾਰ ਧਨੰਤਰਿ ਜਾਈ॥**

---

[1] ਪਾਠ- ਜੇ ਜੇ ਭਾਜਿ ਕਹੂੰ ਦੂਰਿ ਗਏ।

**ਆਯੁਰਬੇਦ ਕੋ ਕਰੋ ਪ੍ਰਕਾਸਾ॥ ਰੋਗ ਪ੍ਰਜਾ ਕੋ ਕਰਿਯਹੁ ਨਾਸਾ॥੩॥**

***ਭਾਵਾਰਥ:-*** ਚੰਦ ਸਰੂਪ (ਸੁੰਦਰ) ਵਿਸ਼ਨੂੰ ਜੀ ਨੂੰ (ਕਾਲ ਨੇ) ਬੁਲਾ ਕੇ ਆਖਿਆ ਕਿ ਧਨੰਤਰ ਦਾ ਅਵਤਾਰ ਜਾ ਕੇ ਧਰ ਅਤੇ ਆਯੁਰਵੇਦ ਦਾ (ਪ੍ਰਕਾਸਾ) ਗਿਆਨ (ਉਪਦੇਸ) ਕਰੋ। ਦੁਨੀਆਂ ਦਾ (ਸਭ) ਰੋਗ ਨਾਸ ਕਰਨਾ॥੩॥

**ਦੋਹਰਾ॥**

**ਤਾ ਤੇ ਦੇਵ ਇਕਤ੍ਰ ਹ੍ਵੈ ਮਥਯੋ ਸਮੁਦ੍ਰਹਿ ਜਾਇ॥**

**ਰੋਗ ਬਿਨਾਸਨ ਪ੍ਰਜਾ ਹਿਤੁ ਕਢ੍ਯੋ ਧਨ੍ਵੰਤਰਿ ਰਾਇ॥੪॥**

***ਭਾਵਾਰਥ:-*** ਉਸ ਤੋਂ ਹੀ ਦੇਵਤਿਆਂ (ਅਤੇ ਦੈਂਤਾਂ) ਨੇ ਇਕੱਤਰ ਹੋ ਸਮੁੰਦਰ ਨੂੰ ਜਾ ਰਿੜਕਿਆ ਅਤੇ ਦੁਨੀਆਂ ਦੇ ਰੋਗ ਨਾਸ ਕਰਨ ਨੂੰ ਧਨੰਤਰ ਦੇ (ਰਾਇ) ਪ੍ਰਕਾਸ਼ (ਗਿਆਨ) ਨੂੰ ਕੱਢਿਆ ਸੀ॥੪॥

**ਚੌਪਈ॥**

**ਆਯੁਰਬੇਦ ਤਿਨਿ ਕੀਯੋ ਪ੍ਰਕਾਸਾ॥ ਜਗ ਕੇ ਰੋਗ ਕਰੇ ਸਬ ਨਾਸਾ॥**

**ਬੈਦਜ ਸਾਸਤ੍ਰ ਕਹੁ ਪ੍ਰਗਟ ਦਿਖਾਵਾ॥ ਭਿੰਨ ਭਿੰਨ ਅਉਖਧੀ ਬਤਾਵਾ॥੫॥**

***ਭਾਵਾਰਥ:-*** ਆਯੁਰਵੇਦ ਦਾ ਉਸਨੇ ਹੀ (ਪ੍ਰਕਾਸਾ) ਗਿਆਨ ਕੀਤਾ ਹੈ। ਸੰਸਾਰ ਦੇ ਸਾਰੇ ਰੋਗ ਨਾਸ ਕੀਤੇ ਹਨ। ਦੈਂਤ (ਜਨਾਂ) ਦੇ ਸ਼ਾਸਤਰ ਨੂੰ ਪ੍ਰਗਟ ਕਰ ਕੇ ਵਿਖਾਇਆ ਅਤੇ ਅੱਡ ਅੱਡ (ਅਉਖਧੀ) ਬੂਟੀਆਂ (ਦਵਾਈਆਂ) ਨੂੰ ਦੱਸਿਆ॥੫॥

**ਦੋਹਰਾ॥**

**ਰੋਗ ਰਹਤ ਕਰਿ ਅਉਖਧੀ ਸਬ ਹੀ ਕਰੋ ਜਹਾਨ॥**

**ਕਾਲ ਪਾਇ ਤੱਛਕ ਹਨ੍ਯੋ ਸੁਰ ਪੁਰ ਕਿਯੋ ਪਯਾਨ॥੬॥**

***ਭਾਵਾਰਥ:-*** (ਅਉਖਧੀ) ਬੂਟੀਆਂ (ਦਵਾਈਆਂ) (ਕਰਿ) ਨਾਲ ਸਾਰੇ ਹੀ ਸੰਸਾਰ ਨੂੰ ਰੋਗਾਂ ਤੋਂ ਰਹਿਤ ਕੀਤਾ ਸੀ। (ਕਾਲ) ਸਮਾਂ ਪਾ ਕੇ (ਪ੍ਰੀਛਿਤ ਦੇ ਮਰਨ ਵੇਲੇ) ਤੱਛਕ ਨੇ (ਹਨ੍ਯੋ) ਮਾਰਿਆ ਤਾਂ (ਸੁਰਪੁਰ) ਸਵਰਗ ਨੂੰ ਚਲਿਆ ਗਿਆ ਸੀ॥੬॥

**ਇਤਿ ਸ੍ਰੀ ਬਚਿਤ੍ਰ ਨਾਟਕੇ ਧਨ੍ਵੰਤਰਿ ਸਪਤਦਸਮੋ ਅਵਤਾਰ ਸਮਾਪਤ ਮਸਤੁ ਸੁਭ ਮਸਤੁ॥੧੭॥**

**ਸ੍ਰੀ ਭਗਉਤੀ ਜੀ ਸਹਾਇ॥ ਅਥ ਸੂਰਜ ਅਵਤਾਰ ਕਥਨੰ॥ ਚੌਪਈ॥**

**ਬਹੁਰਿ ਬਢੇ ਦਿਤਿਪੁਤ੍ਰ ਅਤੁਲਿ ਬਲਿ॥ ਅਰਿ ਅਨੇਕ ਜੀਤੇ ਜਿਨ ਜਲਿ ਥਲਿ॥**

**ਕਾਲ ਪੁਰਖ ਕੀ ਆਗਯਾ ਪਾਈ॥ ਰਵਿ ਅਵਤਾਰ ਧਰ੍ਯੋ ਹਰਿ ਰਾਈ॥੧॥**

***ਭਾਵਾਰਥ:-*** ਫੇਰ (ਅਤੁਲਿ ਬਲਿ) ਮਹਾਂਬਲੀ (ਦਿਤਿਪੁਤ੍ਰ) ਦੈਂਤ ਵਧ ਗਏ, ਜਿਨ੍ਹਾਂ ਨੇ ਅਨੇਕਾਂ ਵੈਰੀ ਜਲਾਂ ਥਲਾਂ 'ਚੋਂ ਜਿੱਤ ਲਏ। ਕਾਲ ਪੁਰਸ਼ ਦਾ ਹੁਕਮ ਪਾ ਕੇ (ਹਰਿ ਰਾਈ) ਵਿਸ਼ਨੂੰ ਨੇ ਸੂਰਜਾਵਤਾਰ ਧਰਿਆ॥੧॥

**ਚੌਪਈ॥**

**ਜੇ ਜੇ ਹੋਤ ਅਸੁਰ ਬਲਵਾਨਾ॥ ਰਵਿ ਮਾਰਤ ਤਿਨ ਕੋ ਬਿਧਿ ਨਾਨਾ॥**
**ਅੰਧਕਾਰ ਧਰਨੀ ਤੇ ਹਰੇ॥ ਪ੍ਰਜਾ ਕਾਜ ਗ੍ਰਿਹ ਕੇ ਉਠਿ ਪਰੇ॥੨॥**

***ਭਾਵਾਰਥ:-*** ਜਿਹੜੇ ਜਿਹੜੇ ਬਲੀ ਦੈਂਤ ਹੁੰਦੇ ਹਨ, ਉਨ੍ਹਾਂ ਨੂੰ ਬਹੁਤ ਤਰ੍ਹਾਂ ਨਾਲ ਸੂਰਜ ਮਾਰਦਾ ਹੈ। ਜ਼ਮੀਨ (ਸੰਸਾਰ) ਤੋਂ ਹਨ੍ਹੇਰਾ ਦੂਰ ਕਰਦਾ ਹੈ। (ਪ੍ਰਜਾ) ਦੁਨੀਆਂ ਘਰ ਦੇ ਕੰਮਾਂ ਲਈ ਉੱਠ ਪੈਂਦੀ ਹੈ॥੨॥

**ਨਰਾਜ ਛੰਦ॥**

**ਬਿਸਾਰ ਆਲਸੰ ਸਬੈ ਪ੍ਰਭਾਤਿ ਲੋਗ ਜਾਗਹੀਂ॥**
**ਅਨੰਤ ਜਾਪ ਕੋ ਜਪੈਂ ਬਿਅੰਤ ਧਯਾਨ ਪਾਗਹੀਂ॥**
**ਦੁਰੰਤ ਕਰਮ ਕੋ ਕਰੈਂ ਅਥਾਪ ਥਾਪ ਥਾਪਹੀਂ॥**
**ਸੁ ਗਾਯਤ੍ਰੀ ਸੰਧਯਾਨ ਕੈ[1] ਅਜਾਪ ਜਾਪ ਜਾਪਹੀਂ॥੩॥**

***ਭਾਵਾਰਥ:-*** ਸਾਰੇ ਲੋਕ ਸਵੇਰੇ ਦਲਿੱਦਰ ਛੱਡ ਕੇ ਜਾਗਦੇ ਹਨ। ਬਹੁਤ (ਜਾਪ) ਮੰਤਰਾਂ ਨੂੰ ਜਪਦੇ ਅਤੇ ਬਹੁਤ ਧਿਆਨਾਂ ਵਿੱਚ ਲੱਗਦੇ ਹਨ। ਬੇਅੰਤ ਕਰਮਾਂ ਨੂੰ ਕਰਦੇ ਹਨ ਅਤੇ (ਅਥਾਪ) ਬ੍ਰਹਮ ਦੀ (ਥਾਪ) ਪੂਜਾ (ਪ੍ਰਤਿਸ਼ਠਾ) ਕਰਦੇ ਹਨ।। ਗਾਇਤਰੀ ਅਤੇ ਸੰਧਿਆਵਾਂ ਰਾਹੀਂ (ਅਜਾਪ) ਬ੍ਰਹਮ ਜਪ ਨੂੰ ਜਪਦੇ ਹਨ॥੩॥

**ਸੁ ਦੇਵ ਕਰਮ ਆਦਿ ਲੈ ਪ੍ਰਭਾਤਿ ਜਾਗ ਕੈ ਕਰੈਂ॥**
**ਸੁ ਜਗਯ ਧੂਪ ਦੀਪ ਹੋਮ ਬੇਦ ਬਯਾਕਰਨ ਰਰੈਂ॥**
**ਸੁ ਪਿਤ੍ਰ ਕਰਮ ਹੈਂ ਜਿਤੇ ਸਬ੍ਰਿਤਿ ਬ੍ਰਤ ਕੋ ਕਰੈਂ॥**
**ਜੁ ਸਾਸਤ੍ਰ ਸਿਮ੍ਰਿਤਿ ਉਚਰੰ ਸੁ ਧਰਮ ਧਯਾਨ ਕੋ ਧਰੈਂ॥੪॥**

***ਭਾਵਾਰਥ:-*** ਸਵੇਰੇ ਜਾਗ ਕੇ (ਸੁ ਦੇਵ ਕਰਮ) ਸਨਾਨ ਤੋਂ ਆਦਿ ਲੈ ਕੇ (ਸਾਰੇ ਹੀ) ਕਰਦੇ ਹਨ। ਯੱਗ, ਧੂਪ, ਦੀਵੇ, ਹਵਨ, ਵੇਦ, ਵਿਆਕਰਨ (ਆਦਿਕ) (ਰਰੈਂ) ਪੜ੍ਹਦੇ ਹਨ। ਜਿੰਨੇ ਵੀ (ਪਿਤ੍ਰ ਕਰਮ) ਸਰਾਧ ਖਯਾਹ (ਆਦਿਕ) ਹਨ ਅਤੇ (ਸਬ੍ਰਿਤਿ) ਧਰਮ ਸਹਿਤ ਵਰਤਾਂ ਨੂੰ ਕਰਦੇ ਹਨ। ਜੋ ਸ਼ਾਸ਼ਤਰ ਅਤੇ ਸਿਮ੍ਰਿਤੀਆਂ ਉਚਾਰਦੀਆਂ ਹਨ, ਉਹ ਹੀ ਧਰਮ ਅਤੇ ਧਿਆਨ ਨੂੰ ਧਾਰਦੇ ਹਨ॥੪॥

**ਅਰਧ ਨਰਾਜ ਛੰਦ॥**

**ਸੁ ਧੂਮ ਧੂਮ ਧੂਮਿ ਹੀ॥ ਕਰੰਤ ਸੈਨ ਭੂਮਿ ਹੀ॥**
**ਬਿਅੰਤ ਧਯਾਨ ਧਯਾਵਹੀਂ॥ ਦੁਰੰਤ ਠੌਰ ਪਾਵਹੀਂ॥੫॥**

***ਭਾਵਾਰਥ:-*** (ਸੁ) ਉੱਤਮ (ਧੂਮ) ਧੂਣੇ (ਧੂਮ) ਬਾਲ ਕੇ (ਧੂਮਿਹੀਂ) ਤਪਦੇ ਹਨ। ਜ਼ਮੀਨ ’ਤੇ ਹੀ ਸੌਣਾ ਕਰਦੇ ਹਨ। ਬੇਅੰਤ (ਧਯਾਨ) ਧਯੇਯਾਂ ਨਾਲ ਸਿਮਰਦੇ ਹਨ। (ਦੁਰੰਤ ਠਉਰ- ਅੰਤ ਤੱਕ ਲੁਕੀ ਰਹਿਣ ਵਾਲੀ ਥਾਂ, ਭਾਵ-) ਅਧਿਆਤਮਿਕ ਵਿਵਸਥਾ ਨੂੰ ਪ੍ਰਾਪਤ ਕਰਦੇ ਹਨ॥੫॥

**ਅਨੰਤ ਮੰਤ੍ਰ ਉਚਰੈਂ॥ ਸੁ ਜੋਗ ਜਾਪਨਾ ਕਰੈਂ॥**
**ਨ੍ਰਿਬਾਨ ਪੁਰਖ ਧਯਾਵਹੀਂ॥ ਬਿਮਾਨ ਅੰਤਿ ਪਾਵਹੀਂ॥੬॥**

---

[1] ਪਾਠ- ਸੰਧਯਾਦਿ ਕੈ

***ਭਾਵਾਰਥ:-*** ਬੇਅੰਤ ਮੰਤਰਾਂ ਨੂੰ ਜਪਦੇ ਹਨ। (ਸੁਯੋਗ) ਅਤਿ ਉੱਤਮ (ਜਾਪਨਾ) ਪੂਜਾ (ਉਪਾਸਨਾ) ਕਰਦੇ ਹਨ। (ਨ੍ਰਿਬਾਨ ਪੁਰਖ) ਮੁਕਤ ਪੁਰਸ਼ (ਪਾਰਬ੍ਰਹਮ) ਸਿਮਰਦੇ ਹਨ। (ਬਿਮਾਨ- ਮਾਪ ਰਹਿਤ, ਭਾਵ-) ਮੁਕਤੀ ਅੰਤ ਵਿੱਚ ਪਾਉਂਦੇ ਹਨ॥੬॥

**ਦੋਹਰਾ॥**

**ਬਹੁਤ ਕਾਲ ਇਮ ਬੀਤਯੋ ਕਰਤ ਧਰਮੁ ਅਰੁ ਦਾਨ॥**
**ਬਹੁਰਿ ਅਸੁਰ ਬਢ੍ਯੋ ਪ੍ਰਬਲ ਦੀਰਘੁ ਕਾਇ ਦੁਤਿ ਮਾਨ॥੭॥**

***ਭਾਵਾਰਥ:-*** (ਸੰਸਾਰ ਨੂੰ) ਇਸ ਤਰ੍ਹਾਂ ਬਹੁਤ ਸਮੇਂ ਧਰਮ ਅਤੇ ਦਾਨ ਕਰਦਿਆਂ ਨੂੰ ਬੀਤ ਗਿਆ। ਫੇਰ (ਇਕ) ਬਹੁਤ ਬਲੀ ਅਤੇ (ਦੁਤਿ ਮਾਨ) ਸੋਭਾ ਵਾਲਾ (ਸੋਹਣਾ) ਦੀਰਘ ਕਾਇ (ਨਾਮੇ) ਦੈਂਤ ਵਧਿਆ॥੭॥

**ਚੌਪਈ॥**

**ਬਾਣ ਪ੍ਰਜੰਤ ਬਢਤ ਨਿਤਿ ਪ੍ਰਤਿ ਤਨ॥ ਨਿਸਿ ਦਿਨ ਘਾਤ ਕਰਤ ਦਿਜ ਦੇਵਨ॥**
**ਦੀਰਘੁ ਕਾਇ ਐਸੋ ਰਿਪੁ ਭਯੋ॥ ਰਵਿ ਰਥ ਹਟਕਿ ਚਲਨ ਤੇ ਗਯੋ॥੮॥**

***ਭਾਵਾਰਥ:-*** (ਦੀਰਘ ਕਾਇ ਦੈਂਤ ਦਾ) ਸਰੀਰ ਹਮੇਸ਼ਾ ਹੀ (ਇੱਕ) ਤੀਰ (ਗਜ਼) ਤੱਕ ਵਧਦਾ ਸੀ। ਰਾਤ ਦਿਨ ਬ੍ਰਾਹਮਣਾਂ ਅਤੇ ਦੇਵਤਿਆਂ ਦਾ (ਘਾਤ) ਨਾਸ ਕਰਦਾ ਸੀ। ਦੀਰਘ ਕਾਇ (ਨਾਮੇ ਦੈਂਤ, ਦੇਵਤਿਆਂ ਦਾ) ਐਹੋ ਜਿਹਾ ਵੈਰੀ (ਪੈਦਾ) ਹੋਇਆ ਕਿ (ਰਵਿ) ਸੂਰਜ ਦਾ ਰਥ ਵੀ ਚੱਲਣ ਤੋਂ (ਹਟਕਿ) ਰੁਕ ਗਿਆ॥॥੮॥

**ਅੜਿੱਲ॥**

**ਹਟਕ ਚਲਤੁ ਰਥ ਭਯੋ ਭਾਨੁ ਕੋਪ੍ਯੋ ਤਬੈ॥**
**ਅਸਤ੍ਰ ਸਸਤ੍ਰ ਲੈ ਚਲ੍ਯੋ ਸੰਗ ਲੈ ਦਲ ਸਬੈ॥**
**ਮੰਡ੍ਯੋ ਬਿਬਿਧਿ ਪ੍ਰਕਾਰ ਤਹਾਂ ਰਣ ਜਾਇ ਕੈ॥**
**ਹੋ ਨਿਰਖਿ ਦੇਵ ਅਰੁ ਦੈਤਜ ਰਹੇ ਉਰਝਾਇ ਕੈ॥੯॥**

***ਭਾਵਾਰਥ:-*** ਤੁਰਦਾ (ਤੁਰਦਾ) ਰਥ ਜਦੋਂ ਰੁਕ ਰਿਹਾ, ਤਾਂ (ਭਾਨੁ) ਸੂਰਜ ਕ੍ਰੋਧਵਾਨ ਹੋਇਆ। ਅਸਤਰ, ਸ਼ਸਤਰ ਅਤੇ ਸਾਰੀ ਫ਼ੌਜ ਨਾਲ ਲੈ ਤੁਰ ਪਿਆ। ਓਥੇ ਜਾ ਕੇ ਬਹੁਤ ਤਰ੍ਹਾਂ ਦਾ ਜੰਗ (ਮੰਡ੍ਯੋ) ਸ਼ੁਰੂ ਕਰ ਦਿੱਤਾ। (ਹੋ) ਹੇ (ਭਾਈ)! ਦੇਵਤੇ ਅਤੇ ਦੈਂਤ (ਸੂਰਜ ਨੂੰ ਲੜਦਿਆਂ) ਵੇਖ ਕੇ (ਜੰਗ ਵਿੱਚ ਹੀ) ਉਲਝ (ਰਹੇ) ਗਏ॥੯॥

**ਗਹਿ ਗਹਿ ਪਾਨਿ ਕ੍ਰਿਪਾਣ ਦੁਬਹੀਯਾ ਰਣ ਭਿਰੇ॥**
**ਟੂਕ ਟੂਕ ਹ੍ਵੈ ਗਿਰੇ ਨ ਪਗ ਪਾਛੇ ਫਿਰੇ॥**
**ਅੰਗਨਿ ਸੋਭੈ ਘਾਇ ਪ੍ਰਭਾ ਅਤਿ ਹੀ ਬਢੇ॥**
**ਹੋ ਬਸਤ੍ਰ ਮਨੋ ਛਿਟਕਾਇ ਜਨੇਤੀ ਸੇ ਚਢੇ[੧]॥੧੦॥**

---

[੧] ਪਾਠ- ਜਨੇਤਹਿ ਸੰਗ ਚਢੇ

***ਭਾਵਾਰਥ:-*** ਹੱਥਾਂ ਵਿੱਚ ਤਲਵਾਰਾਂ ਫੜ ਫੜ ਕੇ (ਦੁਬਹਿਯਾ) ਯੋਧੇ ਜੰਗ ਵਿੱਚ ਲੜੇ। (ਟੂਕ ਟੂਕ) ਰਤਾ ਰਤਾ ਹੋ ਕੇ ਡਿੱਗ ਪਏ, ਪਰ (ਇੱਕ) ਪੈਰ ਵੀ ਪਿਛਾਂਹ ਨਹੀਂ ਮੁੜੇ। ਸਰੀਰਾਂ ਵਿੱਚ ਜ਼ਖ਼ਮ ਲੱਗੇ ਹੋਏ ਜੋ ਸੋਭਦੇ ਸਨ (ਕਵੀ ਜੀ ਕਹਿੰਦੇ ਹਨ ਕਿ ਉਨ੍ਹਾਂ ਦੀ) ਸੋਭਾ ਬਹੁਤ ਹੀ ਵਧਦੀ ਸੀ। ਹੋ! ਮਾਨੋ ਕਿ ਕੱਪੜਿਆਂ ਤੇ (ਕੇਸਰ ਆਦਿਕ) ਛਿੜਕਾ ਕੇ ਬਰਾਤੀਆਂ ਵਾਂਗ ਚੜ੍ਹੇ ਹਨ॥੧੦॥

**ਅਨੁਭਵ ਛੰਦ॥**

**ਅਨਹਦ ਬੱਜੇ॥ ਧੁਨਿ ਘਣ ਲੱਜੇ॥**
**ਘਣ ਹਣ ਘੋਰੰ॥ ਜਣੁ ਬਣ ਮੋਰੰ॥੧੧॥**

***ਭਾਵਾਰਥ:-*** (ਅਨਹਦ) ਬੇਗਿਣਤ (ਬੱਜੇ) ਵਾਜਿਆਂ ਦੀ (ਧੁਨਿ) ਆਵਾਜ਼ ਤੋਂ ਬੱਦਲ ਵੀ ਸ਼ਰਮਸਾਰ ਹੁੰਦਾ ਹੈ। (ਘੋਰੰ) ਬਹੁਤ ਹੀ (ਘਣਹਣ) ਰੁਣਝੁਣ (ਲੱਗੀ ਹੋਈ)ਹੈ। ਮਾਨੋ ਕਿ ਜੰਗਲ ਵਿੱਚ ਮੋਰ (ਬੋਲਦੇ) ਹਨ॥੧੧॥

**ਮਧੁਰਧੁਨਿ ਛੰਦ॥**

**ਢਲ ਹਲ ਢਾਲੰ॥ ਜਿਮ ਗੁਲ ਲਾਲੰ॥**
**ਖੜ ਭੜ ਬੀਰੰ॥ ਤੜ ਸੜ ਤੀਰੰ॥੧੨॥**

***ਭਾਵਾਰਥ:-*** ਢਾਲਾਂ (ਢਲ ਹਲ) ਫਿਰਦੀਆਂ ਹਨ, ਜਿਵੇਂ ਲਾਲ ਫੁੱਲ (ਫਿਰਦੇ ਹੁੰਦੇ) ਹਨ। ਯੋਧਿਆਂ ਦੀ (ਖੜ ਭੜ) ਖਲਬਲੀ (ਮੱਚੀ)। ਤੀਰ (ਤੜ ਸੜ) ਤੜਾਕ ਸੜਾਕ (ਚੱਲੇ)॥੧੨॥

**ਰੁਣ ਝੁਣ ਬਾਜੇ॥ ਜਣੁ ਘਣ ਗਾਜੇ॥**
**ਢੰਮਕ ਢੋਲੰ॥ ਖੜ ਰੜ ਖੋਲੰ॥੧੩॥**

***ਭਾਵਾਰਥ:-*** ਵਾਜਿਆਂ ਦੀ ਰੁਣ-ਝੁਣਕਾਰ ਲੱਗੀ। ਮਾਨੋ ਕਿ ਬੱਦਲ ਗੱਜਦੇ ਹਨ। ਢੋਲਾਂ ਦੇ ਢਮੱਕੇ ਵੱਜੇ। (ਖੋਲ) ਢੋਲਾਂ ਦੇ ਪੋਲ (ਖੜ ਰੜ) ਖੜਕੇ॥੧੩॥

**ਥਰ ਹਰ ਕੰਪੈ॥ ਹਰਿ ਹਰਿ ਜੰਪੈ॥**
**ਰਣ ਰੰਗ ਰੱਤੇ॥ ਜਣੁ ਗਜ ਮੱਤੇ॥੧੪॥**

***ਭਾਵਾਰਥ:-*** (ਥਰ ਹਰ) ਡਰ ਨਾਲ ਕੰਬ ਗਏ। ਹਰਿ ਹਰਿ ਜਪਦੇ ਹਨ। (ਰਣ ਰੰਗੇ ਰੱਤੇ) ਸੂਰਬੀਰ ਮਾਨੋ ਕਿ ਮਸਤ ਹਾਥੀ ਹਨ॥੧੪॥

**ਥਰਕਤ ਸੂਰੰ॥ ਨਿਰਖਤਿ ਹੂਰੰ॥**
**ਸਰਬਰ ਛੁੱਟੇ॥ ਕਟ ਭਟ ਲੱਟੇ॥੧੫॥**

***ਭਾਵਾਰਥ:-*** ਯੋਧੇ (ਥਰਕਤ) ਨੱਚਦੇ ਹਨ। ਅਪਸਰਾਂ ਵੇਖਦੀਆਂ ਹਨ। ਚੰਗੇ ਤੀਰ ਚੱਲੇ। ਯੋਧੇ ਕੱਟ ਕੇ (ਲੱਟੇ) ਕਮਜ਼ੋਰ ਹੋ ਗਏ (ਅਥਵਾ- ਸੂਰਮਿਆਂ ਦੇ ਲੱਕ ਨਿਓਂ ਗਏ, ਭਾਵ-ਬਹੁਤ ਲੜੇ)॥੧੫॥

**ਚਮਕਤ ਬਾਣੰ॥ ਫਰਹ ਨਿਸਾਣੰ॥**
**ਚਟ ਪਟ ਜੂਟੇ॥ ਅਰਿ ਉਰ ਫੂਟੇ॥੧੬॥**

***ਭਾਵਾਰਥ:-*** ਤੀਰ ਅਤੇ (ਨਿਸਾਣੰ) ਝੰਡਿਆਂ ਦੇ ਫਰਰੇ ਚਮਕਦੇ ਹਨ। (ਜੰਗ ਵਿੱਚ) ਜੁੱਟੇ ਹੋਏ ਵੈਰੀਆਂ ਦੀਆਂ (ਉਰ) ਛਾਤੀਆਂ ਝਟਪਟ ਹੀ (ਫੂਟੇ) ਪਾਟ ਜਾਂਦੀਆਂ ਹਨ॥੧੬॥

**ਨਰ ਬਰ ਗੱਜੇ॥ ਸਰ ਬਰ ਸੱਜੇ॥**
**ਸਿਲਹ ਸੰਜੋਯੰ॥ ਸੁਰ ਪੁਰ ਪੋਯੰ॥੧੭॥**

***ਭਾਵਾਰਥ:–*** ਚੰਗਿਆਂ ਤੀਰਾਂ ਦੇ ਵੱਜਿਆਂ ਹੋਇਆਂ (ਨਰ ਬਰ) ਰਾਜੇ ਗੱਜੇ। ਹਥਿਆਰਾਂ ਅਤੇ ਸੰਜੋਆਂ ਨਾਲ (ਸੁਰ ਪੁਰ) ਆਕਾਸ਼ ਨੂੰ (ਪੋਯੰ) ਪਰੋ ਦਿੱਤਾ ਗਿਆ॥੧੭॥

**ਸਰਬਰ ਛੂਟੇ॥ ਅਰਿ ਉਰ ਫੂਟੇ॥**
**ਚਟ ਪਟ ਚਰਮੰ॥ ਫਟ ਫੁਟ ਬਰਮੰ॥੧੮॥**

***ਭਾਵਾਰਥ:–*** ਵੈਰੀਆਂ ਦੀਆਂ ਛਾਤੀਆਂ ਪਾਟਣ ਤੋਂ (ਸਰਬਰ) ਹਨ੍ਹੇਰਾ (ਭੁਲੇਖਾ) ਦੂਰ ਹੋ ਜਾਂਦਾ ਹੈ। (ਚਰਮ) ਢਾਲਾਂ ਅਤੇ (ਬਰਮ) ਸੰਜੋਆਂ ਝਟਪਟ ਹੀ ਫਟ ਫੁਟ ਜਾਂਦੀਆਂ ਹਨ॥੧੮॥

**ਨਰਾਜ ਛੰਦ॥**

**ਦਿਨੇਸ ਬਾਣ ਪਾਣਿ ਲੈ ਰਿਪੇਸੁ ਤਾਕ ਧਾਇਯੰ॥**
**ਅਨੰਤ ਜੁੱਧ ਕ੍ਰੁੱਧਿ ਸੁੱਧਿ[1] ਭੂਮਿ ਮੈ ਮਚਾਇਯੰ॥**
**ਕਿਤੇਕ ਭਾਜਿ ਚਾਲਿਯੰ ਸੁਰੇਸ ਲੋਗ ਕੋ ਗਏ॥**
**ਨਿਸੰਤ ਜੀਤਿ ਜੀਤਿ ਕੈ ਅਨੰਤ ਸੂਰਮਾ ਲਏ॥੧੯॥**

***ਭਾਵਾਰਥ:–*** ਸੂਰਜ ਹੱਥ ਵਿੱਚ ਤੀਰ ਲੈ ਕੇ (ਰਿਪੇਸ) ਮਹਾਂ ਵੈਰੀ ਨੂੰ ਤੱਕ ਕੇ ਦੌੜਿਆ। ਮੈਦਾਨ ਵਿੱਚ ਕ੍ਰੋਧ ਅਤੇ ਹੋਸ਼ ਨਾਲ ਮਹਾਂ ਜੰਗ ਮਚਾਇਆ। ਕੁਝ ਕੁ ਤਾਂ ਭੱਜ ਕੇ ਵੀ ਚਲੇ ਗਏ ਅਤੇ (ਕੋ) ਕੋਈ (ਸੁਰੇਸ ਲੋਗ) ਇੰਦਰ ਲੋਕ (ਸਵਰਗ ਲੋਕ, ਭਾਵ– ਮਰ) ਗਏ। (ਨਿਸੰਤ– ਰਾਤ ਦਾ ਅੰਤ ਕਰਨ ਵਾਲੇ) ਸੂਰਜ ਨੇ ਬੇਅੰਤ ਹੀ ਸੂਰਮੇ ਜਿੱਤ ਜਿੱਤ ਕੇ (ਲਏ– ਲੈ ਲਏ) ਮਾਰ ਸੁੱਟੇ॥੧੯॥

**ਸਿਮਟਿ ਸੇਲ ਸਾਮੁਹੇ ਸਰੱਕ ਸੂਰ ਝਾਰਹੀਂ॥**
**ਬਬੱਕ ਬਾਘ ਜਯੋਂ ਬਲੀ ਹਲੱਕ ਹਾਕ ਮਾਰਹੀਂ॥**
**ਅਭੰਗ ਅੰਗ ਭੰਗ ਹ੍ਵੈ ਉਤੰਗ ਜੰਗ ਮੋ ਗਿਰੇ॥**
**ਸੁਰੰਗ ਸੂਰਮਾ ਸਬੈ ਨਿਸੰਗ ਜਾਨ ਕੈ ਅਰੇ॥੨੦॥**

***ਭਾਵਾਰਥ:–*** ਸਾਹਮਣੇ (ਸੇਲ) ਬਰਛਿਆਂ ਨੂੰ (ਸਿਮਟਿ) ਹੱਥ ਵਿੱਚ ਲੈ ਕੇ ਸੂਰਮੇ ਸੜੱਕ ਦੇ ਕੇ ਮਾਰ ਦੇਂਦੇ ਹਨ। (ਬਲੀ) ਯੋਧੇ ਸ਼ੇਰ ਵਾਂਗ ਗੱਜ ਕੇ (ਹਲੱਕ) ਹੌਲਨਾਕ ਆਵਾਜ਼ਾਂ ਮਾਰਦੇ ਹਨ। (ਅਭੰਗ) ਤੰਦਰੁਸਤ ਅਤੇ (ਉਤੰਗ) ਉੱਚੇ (ਸੂਰਬੀਰ) (ਅੰਗ ਭੰਗ) ਮੁਰਦੇ ਹੋ ਕੇ ਜੰਗ ਵਿੱਚ ਡਿੱਗ ਪਏ। ਸਾਰੇ ਯੋਧੇ (ਸੁਰੰਗ) ਆਨੰਦ ਨਾਲ ਨਿਸੰਗ (ਜਾਨ) ਹੋ ਕੇ ਅੜ ਗਏ॥੨੦॥

**ਅਰਧ ਨਰਾਜ ਛੰਦ॥**

**ਨਵੰ ਨਿਸਾਣ ਬਾਜਿਯੰ॥ ਘਟਾ ਘਮੰਡ ਲਾਜਿਯੰ॥**
**ਤਬੱਲ ਤੁੰਦਰੰ ਬਜੇ॥ ਸੁਣੰਤ ਸੂਰਮਾ ਗਜੇ॥੨੧॥**

***ਭਾਵਾਰਥ:–*** ਨਵੇਂ ਨਗਾਰੇ ਵੱਜ ਪਏ, ਬੱਦਲ ਦੀ (ਘਮੰਡ) ਧ੍ਵਨੀ ਵੀ ਲੱਜਿਤ ਹੁੰਦੀ ਹੈ। (ਤਬੱਲ) ਨਗਾਰਿਆਂ ਦੇ (ਤੁੰਦਰੰ) ਘਨਘੋਰ (ਬਜੇ) ਪੈਂਦੀ ਹੈ। ਸੁਣਦਿਆਂ ਸਾਰ ਹੀ ਯੋਧੇ ਗੱਜ ਪੈਂਦੇ ਹਨ॥੨੧॥

---

[1] ਪਾਠ– ਜੁਧ

**ਸੁ ਜੁਝਿ ਜੁਝਿ ਕੈ ਪਰੈਂ॥ ਸੁਰੇਸ ਲੋਗ ਬਿਚਰੈਂ॥**
**ਚੜੈ ਬਿਵਾਨ ਸੋਭਹੀਂ॥ ਅਦੇਵ ਦੇਵ ਲੋਭਹੀਂ॥੨੨॥**

***ਭਾਵਾਰਥ:–*** ਚੰਗੀ ਲੜਾਈ ਵਿੱਚ ਮਰ ਕੇ (ਡਿੱਗ) ਪੈਂਦੇ ਹਨ। ਇੰਦਰ ਲੋਕ (ਸਵਰਗ) ਨੂੰ ਜਾਂਦੇ ਹਨ। ਵਿਮਾਨਾਂ 'ਤੇ ਚੜੇ ਹੋਏ ਸੋਂਹਦੇ ਹਨ। ਦੈਂਤ ਅਤੇ ਦੇਵਤੇ ਵੀ ਮੋਹਿਤ ਹੁੰਦੇ ਹਨ॥੨੨॥

**ਬੇਲੀ ਬਿਦ੍ਰਮ ਛੰਦ॥**

**ਡਹ ਡਹਸੁ ਡਾਮਰ ਡੰਕਣੀ॥ ਕਹ ਕਹਸੁ ਕੂਕਤ ਕੰਕਣੀ[1]॥**
**ਝਮ ਝਮਕ ਸਾਂਗ ਝਮੱਕਿਯੰ॥ ਰਣ ਗਾਜ ਬਾਜਿ ਉਥੱਕਿਯੰ॥੨੩॥**

***ਭਾਵਾਰਥ:–*** ਡਉਰੂ ਦੀਆਂ (ਡੰਕਣੀ) ਚੋਬਾਂ ਡਹ ਡਹ ਕਰ ਕੇ ਵੱਜੀਆਂ। (ਕੰਕਣੀ) ਇੱਲਾਂ ਕਹ ਕਹ ਕਰ ਕੇ ਕੂਕਦੀਆਂ ਸਨ। ਝਮਝਮ ਕਰਦੀਆਂ ਬਰਛੀਆਂ ਚਮਕੀਆਂ। ਜੰਗ ਵਿੱਚ ਹਾਥੀ ਘੋੜੇ (ਉਥਕਿਯੰ) ਉਲਟਾ ਮਾਰੇ॥੨੩॥

**ਢਮ ਢਮਕ ਢੋਲ ਢਮੱਕਿਯੰ॥ ਝਲ ਝਲਕ ਤੇਗ ਝਮੱਕਿਯੰ॥**
**ਜਟ ਛੋਰ ਰੁਦ੍ਰ ਤਹ ਨਚਿਯੰ॥ ਬਿਕ੍ਰਾਰ ਮਾਰ ਜਹ ਮੱਚਿਯੰ॥੨੪॥**

***ਭਾਵਾਰਥ:–*** ਢਮਢਮ ਕਰਕੇ ਢੋਲ (ਢਮੱਕਿਯੰ) ਵੱਜੇ। ਝਲਝਲ ਕਰ ਕੇ ਤੇਗਾਂ ਲਿਸ਼ਕੀਆਂ। ਜਟਾਂ ਖੋਲ੍ਹ ਕੇ ਓਥੇ ਸ਼ਿਵ ਨੱਚਿਆ। ਜਿੱਥੇ (ਬਿਕ੍ਰਾਰ) ਮਹਾਨ (ਮਾਰ) ਲੜਾਈ ਮੱਚੀ ਹੋਈ ਸੀ॥੨੪॥

**ਤੋਟਕ ਛੰਦ॥**

**ਉਥਕੇ ਰਣ ਬੀਰਣ ਬਾਜਿ ਬਰੰ॥ ਝਮਕੀ ਰਣ ਬਿੱਜੁ ਕ੍ਰਿਪਾਣ ਕਰੰ॥**
**ਲਹਕੇ ਰਣ ਧੀਰਣ ਬਾਣ ਉਰੰ॥ ਰੰਗ ਸ੍ਰੋਣਤ ਰੱਤ ਕਢੇ ਦੁਸਰੰ॥੨੫॥**

***ਭਾਵਾਰਥ:–*** ਜੰਗੀ ਸੂਰਮਿਆਂ ਦੇ (ਬਾਜਿ ਬਰੰ) ਉੱਤਮ ਘੋੜੇ (ਉਥਕੇ) ਡਿੱਗ ਪਏ (ਉੱਛਲੇ)। ਹੱਥ ਦੀ ਤਲਵਾਰ ਰੂਪ ਜੰਗ ਦੀ (ਬਿੱਜੁ) ਬਿਜਲੀ ਚਮਕੀ। (ਰਣ ਧੀਰਣ) ਸੂਰਬੀਰਾਂ ਦੀਆਂ ਛਾਤੀਆਂ ਵਿੱਚ ਦੀ ਲਹੂ ਦੇ ਰੰਗ ਵਿੱਚ ਰੰਗੇ ਹੋਏ ਅਤੇ (ਦੁਸਰੰ) ਦੁਸਾਰ (ਪਾਰ) ਕੱਢੇ ਹੋਏ ਤੀਰ (ਲਹਕੇ) ਲਿਸ਼ਕੇ॥੨੫॥

**ਫਹਰੰਤ ਧੁਜਾ ਥਹਰੰਤ ਭਟੰ॥ ਨਿਰਖੰਤ ਲਜੀ ਛਬਿ ਸਜਾਮ ਘਟੰ॥**
**ਚਮਕੰਤ ਸੁ ਬਾਣ ਕ੍ਰਿਪਾਣ ਰਣੰ॥ ਜਿਮ ਕਉਧਿਤ ਸਾਵਣ ਬਿੱਜੁ ਘਣੰ॥੨੬॥**

***ਭਾਵਾਰਥ:–*** ਝੰਡੇ ਝੂਲਦੇ ਅਤੇ ਯੋਧੇ (ਥਰਹੰਤ) ਨੱਚਦੇ (ਟੱਪਦੇ) ਹਨ, (ਜਿਨ੍ਹਾਂ ਨੂੰ) ਵੇਖਦਿਆਂ ਹੀ ਕਾਲੀ ਘਟ ਦੀ ਛਬ ਵੀ ਸ਼ਰਮਿੰਦੀ ਹੋ ਗਈ। ਜੰਗ ਵਿੱਚ ਤੀਰ ਅਤੇ ਤਲਵਾਰਾਂ ਚਮਕਦੀਆਂ ਹਨ– ਜਿਵੇਂ ਕਿ ਸਾਉਣ ਦੇ ਬੱਦਲ ਵਿੱਚ ਬਿਜਲੀ (ਕਉਧਿਤ) ਚਮਕਦੀ ਹੈ॥੨੬॥

**ਦੋਹਰਾ॥**

**ਕਥਾ ਬ੍ਰਿਧਤੇ ਮੈ ਡਰੋਂ ਕਹਾਂ ਕਰੋ ਬਖਜਾਨ॥**
**ਨਿਸਾਹੰਤ ਅਸੁਰੇਸ ਕੋ ਸਰ ਤੇ ਭਯੋ ਨਿਦਾਨ॥੨੭॥**

---

[1] ਪਾਠ– ਕੂਕਤ ਜੁੱਗਣੀ

***ਭਾਵਾਰਥ:-*** (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ) ਕਥਾ ਦੇ ਵਧਣ ਤੋਂ ਮੈਂ ਡਰਦਾ ਹਾਂ, ਕੀ ਵਖਿਆਨ ਕਰਾਂ? (ਨਿਸਾਹੰਤ- ਰਾਤ ਨੂੰ ਨਾਸ ਕਰਨ ਵਾਲੇ) ਸੂਰਜ ਦੇ ਤੀਰ (ਸੋ) ਤੋਂ (ਅਸੁਰੇਸ- ਦੈਂਤ ਰਾਜ) ਦੀਰਘਕਾਇ ਦਾ (ਨਿਦਾਨ) ਅੰਤ ਹੋਇਆ ਸੀ॥੨੭॥

**ਇਤਿ ਸ੍ਰੀ ਬਚਿਤ੍ਰ ਨਾਟਕੇ ਸੂਰਜਾਵਤਾਰ ਅਸ੍ਰਦਸਮੋ ਸਮਾਪਤ ਮਸਤੁ ਸੁਭ ਮਸਤੁ॥੧੮॥**

**ਸ੍ਰੀ ਭਗਉਤੀ ਜੀ ਸਹਾਇ॥ ਅਥ ਚੰਦ੍ਰਮਾਵਤਾਰ[1] ਕਥਨੰ॥ ਦੋਧਕ ਛੰਦ॥**
**ਫੇਰਿ ਗਨੋ ਨਿਸਿਰਾਜ ਬਿਚਾਰਾ॥ ਜੈਸਿ ਧਰਜੋ ਅਵਤਾਰ ਮੁਰਾਰਾ॥**
**ਬਾਤ ਪੁਰਾਤਨ ਭਾਖ ਸੁਨਾਊਂ॥ ਜਾ ਤੇ ਕਬਿ ਕੁਲ ਸਰਬ ਰਿਝਾਊਂ॥੧॥**

***ਭਾਵਾਰਥ:-*** (ਫੇਰਿ) ਹੁਣ (ਨਿਸਿਰਾਜ) ਚੰਦ੍ਰਮਾ ਦੀ ਵਿਚਾਰ (ਗਨੋਂ) ਕਰਦਾ ਹਾਂ। ਜਿਵੇਂ ਕਿ (ਮੁਰਾਰਾ) ਵਿਸ਼ਨੂੰ ਨੇ ਅਵਤਾਰ ਧਰਿਆ। ਪੁਰਾਣੀ ਗੱਲ ਕਹਿ ਕੇ ਸੁਣਾਉਂਦਾ ਹਾਂ। ਜਿਸ ਤੋਂ ਸਾਰੇ ਕਵੀਆਂ ਦੀ ਕੁਲ (ਸੰਪ੍ਰਦਾਇ) ਨੂੰ ਪ੍ਰਸੰਨ ਕਰੂੰਗਾ॥੧॥

**ਦੋਧਕ॥**
**ਨੈਕ ਕ੍ਰਿਸਾ ਕਹੁ ਠੌਰ ਨ ਹੋਈ॥ ਭੂਖਨ ਲੋਗ ਮਰੈ ਸਭਿ ਕੋਈ॥**
**ਅੰਧਿ ਨਿਸਾ ਦਿਨ ਭਾਨੁ ਜਰਾਵੈ॥ ਤਾ ਤੇ ਕ੍ਰਿਸ ਕਹੂੰ ਹੋਨ ਨ ਪਾਵੈ॥੨॥**

***ਭਾਵਾਰਥ:-*** ਕਿਸੇ ਥਾਂ (ਨੈਕ) ਥੋੜ੍ਹੀ (ਮਾਤ੍ਰ) (ਕ੍ਰਿਸਾ) ਖੇਤੀ ਵੀ ਨਹੀਂ ਹੁੰਦੀ ਸੀ। ਹਰ ਕੋਈ ਲੋਕ (ਭਖੂਨ) ਭੁੱਖ ਨਾਲ ਮਰਦੇ ਸਨ। ਰਾਤ ਹਨੇਰੀ ਸੀ ਅਤੇ ਦਿਨੇ (ਭਾਨੁ) ਸੂਰਜ ਸਾੜਦਾ ਸੀ। ਉਸ ਤੋਂ ਹੀ ਕਿਤੇ (ਕ੍ਰਿਸ) ਖੇਤੀ ਨਹੀਂ ਹੁੰਦੀ ਸੀ॥੨॥

**ਲੋਗ ਸਬੈ ਇਹ ਤੇ ਅਕੁਲਾਨੇ॥ ਭਾਜਿ ਚਲੇ ਜਿਮ ਪਾਤ ਪੁਰਾਨੇ॥**
**ਭਾਂਤਿਹਿ ਹੀ ਭਾਂਤਿ ਕਰੈਂ ਹਰਿ ਸੇਵਾ॥ ਤਾਂ ਤੇ ਪ੍ਰਸੰਨ ਭਏ ਗੁਰੁਦੇਵਾ॥੩॥**

***ਭਾਵਾਰਥ:-*** ਏਸ ਤੋਂ ਸਾਰੇ ਲੋਕ (ਅਕੁਲਾਨੇ) ਦੁਖੀ ਹੋ ਕੇ ਪੁਰਾਣੇ (ਸੁੱਕੇ) ਪੱਤਿਆਂ ਵਾਂਗ ਭੱਜ ਚੱਲੇ। ਤਰ੍ਹਾਂ ਤਰ੍ਹਾਂ ਨਾਲ (ਹਰਿ) ਪਰਮੇਸ਼ਰ ਦੀ ਸੇਵਾ ਕਰਦੇ ਸਨ। ਉਸ ਤੋਂ (ਗੁਰੁਦੇਵਾ) ਪਾਰਬ੍ਰਹਮ ਜੀ ਖੁਸ਼ ਹੋ ਗਏ ਸਨ॥੩॥

**ਨਾਰਿ ਨ ਸੇਵ ਕਰੈਂ ਨਿਜ ਨਾਥੰ॥ ਲੀਨਹਿਂ ਰੋਸ ਫਿਰੈ ਜੀਅ ਸਾਥੰ॥**
**ਕਾਮਨਿ ਕਾਮੁ ਕਹੂੰ ਨ ਸੰਤਾਵੈ॥ ਕਾਮੁ ਬਿਨਾ ਕੋਊ ਕਾਮੁ ਨ ਭਾਵੈ॥੪॥**

***ਭਾਵਾਰਥ:-*** ਔਰਤਾਂ ਆਪਣੇ ਮਾਲਕ ਦੀ ਸੇਵਾ ਨਹੀਂ ਕਰਦੀਆਂ ਸਨ। ਦਿਲ ਦੇ ਨਾਲ ਹੀ ਗੁੱਸਾ ਲਈ ਫਿਰਦੀਆਂ ਸਨ। ਇਸਤਰੀਆਂ ਨੂੰ ਕਿਤੇ ਵੀ ਕਾਮ (ਭੋਗ) ਦੁੱਖ ਨਹੀਂ ਦੇਂਦਾ ਸੀ। (ਅਤੇ ਮਨੁੱਖ ਨੂੰ) ਕਾਮ (ਭੋਗ) ਤੋਂ ਬਿਨਾਂ ਕੋਈ ਕੰਮ ਚੰਗਾ ਨਹੀਂ ਲੱਗਦਾ ਸੀ॥੪॥

**ਤੋਮਰ ਛੰਦ॥**
**ਪੂਜੇ ਨ ਕੋ ਤ੍ਰਿਯ ਨਾਥ॥ ਐਂਠੀ ਫਿਰੈਂ ਜਿਯ ਸਾਥ॥**
**ਦੁਖੁਵੈ ਨ ਤਿਨ ਕਹੁ ਕਾਮ॥ ਤਾ ਤੇ ਨ ਬਿਨਵਤਿ ਬਾਮ॥੫॥**

---

[1] ਪਾਠ- 'ਚੰਦ੍ਰਾਵਤਾਰ' ਅਤੇ 'ਚੰਦ ਅਵਤਾਰ' ਵੀ ਹਨ।

***ਭਾਵਾਰਥ:-*** ਕੋਈ ਇਸਤਰੀ ਪਤੀ ਨੂੰ ਨਹੀਂ ਪੂਜਦੀ ਸੀ। ਦਿਲ ਨਾਲ ਹੀ ਆਕੜੀਆਂ ਫਿਰਦੀਆਂ ਸਨ। ਉਨ੍ਹਾਂ ਨੂੰ ਕਾਮਦੇਵ ਦੁਖਾਉਂਦਾ ਨਹੀਂ ਸੀ। ਏਸੇ ਤੋਂ ਹੀ (ਬਾਮ) ਔਰਤਾਂ ਨਿਉਂਦੀਆਂ ਨਹੀਂ ਸਨ॥੫॥

**ਕਰਹੈਂ ਨ ਪਤਿ ਕੀ ਸੇਵ॥ ਪੂਜੈਂ ਨ ਗੁਰੁ ਗੁਰੁਦੇਵ॥**
**ਧਰਿਹੈਂ ਨ ਹਰਿ ਕੋ ਧਯਾਨ॥ ਕਰਿਹੈਂ ਨ ਨਿਤਯ ਸਨਾਨ॥੬॥**

***ਭਾਵਾਰਥ:-*** ਮਾਲਕ ਦੀ ਸੇਵਾ ਨਹੀਂ ਕਰਦੀਆਂ ਸਨ। ਗੁਰੂ ਅਤੇ ਪਰਮੇਸ਼ਰ ਨੂੰ ਪੂਜਦੀਆਂ ਨਹੀਂ ਸਨ। (ਹਰਿ) ਵਿਸ਼ਨੂੰ ਦਾ ਧਿਆਨ ਨਹੀਂ ਧਰਦੀਆਂ ਸਨ। ਸਦਾ ਸਨਾਨ ਨਹੀਂ ਕਰਦੀਆਂ ਸਨ॥੬॥

**ਤਬ ਕਾਲ ਪੁਰਖ ਬੁਲਾਇ॥ ਬਿਸਨੈ ਕਹਯੋ ਸਮਝਾਇ॥**
**ਸਸਿ ਕੋ ਧਰਹੁ ਅਵਤਾਰ॥ ਨਹੀ ਆਨ ਬਾਤ ਬਿਚਾਰ॥੭॥**

***ਭਾਵਾਰਥ:-*** ਤਾਂ ਕਾਲ ਪੁਰਸ਼ ਨੇ ਵਿਸ਼ਨੂੰ ਨੂੰ ਬੁਲਾ ਕੇ ਅਤੇ ਸਮਝਾ ਕੇ ਕਹਿਆ ਕਿ (ਸਸਿ) ਚੰਦ੍ਰਮਾ ਦਾ ਅਵਤਾਰ ਧਾਰੋ, ਹੋਰ ਗੱਲ ਹੀ ਨਾ ਸੋਚੋ॥੭॥

**ਤਬ ਬਿਸਨੁ ਸੀਸ ਨਿਵਾਇ॥ ਕਰ ਜੋਰਿ ਕਹੀ ਬਨਾਇ॥**
**ਧਰਿਹੋਂ ਦਿਨਾਂਤ ਵਤਾਰ॥ ਜਿਤ ਹੋਇ ਜਗਤ ਕੁ ਮਾਰ॥੮॥**

***ਭਾਵਾਰਥ:-*** ਤਾਂ ਵਿਸ਼ਨੂੰ ਨੇ ਸਿਰ ਝੁਕਾ ਕੇ, ਹੱਥ ਜੋੜ ਕੇ (ਬਨਾਇ- ਬਿਨਯ) ਬੇਨਤੀ ਕਹੀ। ਮੈਂ (ਦਿਨਾਂਤ- ਦਿਨ ਦੇ ਨਾਸ ਕਰਨ ਵਾਲੇ) ਚੰਦ ਦਾ ਅਵਤਾਰ ਧਰਾਂਗਾ। ਜਿਸ ਤੋਂ ਸੰਸਾਰ (ਕੁ) ਨੂੰ (ਮਾਰ) ਕਾਮਦੇਵ ਪੈਦਾ ਹੋ ਜਾਵੇਗਾ॥੮॥

**ਤਬਿ ਮਹਾ ਤੇਜ ਮੁਰਾਰਿ॥ ਧਰਯੋ ਸੁ ਚੰਦ੍ਰ ਅਵਤਾਰ॥**
**ਤਨ ਕੈ ਮਦਨ ਕੋ ਬਾਨ॥ ਮਾਰਯੋ ਤ੍ਰਿਯਨ ਕਹੁ ਤਾਨ॥੯॥**

***ਭਾਵਾਰਥ:-*** ਤਾਂ ਪ੍ਰਬਲ ਪ੍ਰਤਾਪੀ ਵਿਸ਼ਨੂੰ ਹੀ ਨੇ, ਚੰਦ੍ਰਾਵਤਾਰ ਧਾਰਿਆ। (ਮਦਨ) ਕਾਮ ਦਾ ਤੀਰ ਖਿੱਚ ਕੇ (ਤਾਨ) ਜ਼ੋਰ ਨਾਲ ਔਰਤਾਂ ਨੂੰ ਮਾਰਿਆ॥੯॥

**ਤਾਂ ਤੇ ਭਈ ਤ੍ਰਿਯ ਦੀਨ॥ ਸਬ ਗਰਬ ਹ੍ਵੈ ਗਯੋ ਛੀਨ॥**
**ਲਾਗੀ ਕਰਨ ਪਤਿ ਸੇਵ॥ ਯਾ ਤੇ ਪ੍ਰਸੰਨਿ ਭਏ ਦੇਵ॥੧੦॥**

***ਭਾਵਾਰਥ:-*** ਉਸ ਤੋਂ ਔਰਤਾਂ (ਦੀਨ) ਅਨੁਸਾਰੀ ਹੋ ਗਈਆਂ। ਸਾਰਾ ਅਹੰਕਾਰ ਨਾਸ ਹੋ ਗਇਆ। (ਪਤਿ) ਮਾਲਕ ਦੀ ਸੇਵਾ ਕਰਨ ਲੱਗ ਪਈਆਂ। ਏਸ ਤੋਂ ਹੀ (ਦੇਵ) ਕਾਲ ਪੁਰਸ਼ ਜੀ ਖੁਸ਼ ਹੋਏ ਸਨ॥੧੦॥

**ਬਹੁ ਕ੍ਰਿਸਾ ਲਾਗੀ ਹੋਨਿ॥ ਲਖਿ ਚੰਦ੍ਰਮਾ ਕੀ ਜੌਨਿ॥**
**ਸਬ ਭਏ ਸਿੱਧ ਬਿਚਾਰ॥ ਇਮ ਭਯੋ ਚੰਦ੍ਰ ਅਵਤਾਰ॥੧੧॥**

***ਭਾਵਾਰਥ:-*** ਬਹੁਤ ਖੇਤੀ ਹੋਣ ਲੱਗ ਪਈ। ਚੰਦ੍ਰਮਾ ਦੀ (ਜੌਨਿ) ਚਾਨਣੀ ਨੂੰ ਵੇਖ ਕੇ। ਸਾਰੇ (ਵਿਚਾਰ) ਖਿਆਲ (ਸਿੱਧ) ਪੂਰੇ ਹੋ ਗਏ। ਇਓਂ ਚੰਦ੍ਰਾਵਤਾਰ ਹੋਇਆ ਹੈ॥੧੧॥

**ਚੌਪਈ॥**

**ਇਮ ਹਰਿ ਧਰਾ ਚੰਦ੍ਰ ਅਵਤਾਰਾ॥ ਬਢਯੋ ਗਰਬ ਲਹਿ ਰੂਪ ਅਪਾਰਾ॥**
**ਆਨ ਕਿਸੂ ਕਹੁ ਚਿਤਿ ਨ ਲਯਾਯੋ॥ ਤਾ ਤੇ ਤਾਹਿ ਕਲੰਕ ਲਗਾਯੋ ॥੧੨॥**

***ਭਾਵਾਰਥ:-*** ਇਉਂ ਵਿਸ਼ਨੂੰ ਜੀ ਨੇ ਚੰਦ੍ਰਾਵਤਾਰ ਧਾਰਿਆ। ਮਹਾਂ ਰੂਪ ਵੇਖ ਕੇ ਅਹੰਕਾਰ ਵਧ ਗਿਆ। ਹੋਰ ਕਿਸੇ ਨੂੰ ਦਿਲ ਤੇ ਹੀ ਨਾ ਰੱਖਿਆ। ਏਸ ਤੋਂ ਹੀ ਉਸਨੂੰ ਕਲੰਕ ਲਾ ਦਿੱਤਾ ਹੈ॥੧੨॥

**ਭਜਤ ਭਯੋ ਅੰਬਰ ਕੀ ਦਾਰਾ॥ ਤਾ ਤੇ ਕਿਯ ਮੁਨਿ ਰੋਸ ਅਪਾਰਾ॥**
**ਕਿਸਨਾਰਜੁਨ ਮ੍ਰਿਗ ਚਰਮ ਚਲਾਯੋ॥ ਤਿਹ ਕਰਿ ਤਾਹਿ ਕਲੰਕ ਲਗਾਯੋ॥੧੩॥**

***ਭਾਵਾਰਥ:-*** (ਅੰਬਰ ਕੀ- ਅਨ+ਵਰ+ਕੀ) ਬਿਨਾਂ ਵਿਆਹ ਦੀ ਔਰਤ ਭੋਗੀ (ਭਾਵ- ਬ੍ਰਹਸਪਤੀ ਦੀ ਇਸਤਰੀ ਨੂੰ ਭੋਗਿਆ), ਉਸ ਤੋਂ ਹੀ ਮੁਨੀ (ਬ੍ਰਹਸਪਤੀ) ਨੇ ਬਹੁਤ ਗੁੱਸਾ ਕਰ ਕੇ (ਕਿਸਨਾਰਜੁਨ ਮ੍ਰਿਗ = ਕਾਲਾ ਚਿੱਟਾ ਹਿਰਨ) ਚਿਤ ਕਬਰੇ ਮ੍ਰਿਗ ਦੀ ਖੱਲ (ਚਲਾਯੋ) ਮਾਰੀ, ਉਸ ਤੋਂ ਹੀ ਉਸ ਨੂੰ ਕਲੰਕ ਲੱਗਾ ਹੈ॥੧੩॥

**ਸ੍ਰਾਪ ਲਗਯੋ ਤਾਂ ਕੋ ਮੁਨਿ ਸੰਦਾ॥ ਘਟਤ ਬਢਤ ਤਾ ਦਿਨ ਤੇ ਚੰਦਾ॥**
**ਲਜਿਤ ਅਧਿਕ ਹਿਰਦੈ ਮੋ ਭਯੋ॥ ਗਰਬ ਅਖਰਬ ਦੂਰ ਹ੍ਵੈ ਗਯੋ॥੧੪॥**

***ਭਾਵਾਰਥ:-*** ਉਸ ਨੂੰ ਮੁਨੀ (ਗੌਤਮ) ਦਾ ਵੀ ਸਰਾਪ ਲੱਗਿਆ ਹੈ, ਉਸ ਦਿਨ ਤੋਂ ਚੰਦ੍ਰਮਾ ਘਟਦਾ ਵਧਦਾ ਹੈ। (ਇਓਂ) ਹਿਰਦੇ ਵਿੱਚ ਬਹੁਤ ਸ਼ਰਮਿੰਦਾ ਹੋਇਆ। (ਅਖਰਬ) ਬੇਅੰਤ ਅਭਿਮਾਨ (ਇਓਂ) ਦੂਰ ਹੋ ਗਿਆ॥੧੪॥

**ਤਪਸਾ ਕਰੀ ਬਹੁਰਿ ਬਹੁ ਕਾਲਾ॥ ਕਾਲ ਪੁਰਖ ਪੁਨਿ ਭਯੋ ਦਯਾਲਾ॥**
**ਛਈ ਰੋਗ ਤਿਹ ਸਕਲ ਬਿਨਾਸਾ॥ ਭਯੋ ਸੂਰ ਤੇ ਊਚ ਨਿਵਾਸਾ॥੧੫॥**

***ਭਾਵਾਰਥ:-*** ਫੇਰ ਬਹੁਤ ਸਮੇਂ ਤੱਕ ਤਪੱਸਿਆ ਕੀਤੀ, ਫਿਰ ਕਾਲ ਪੁਰਖ ਮਿਹਰਬਾਨ ਹੋਇਆ। ਉਸ (ਤਪੱਸਿਆ) ਤੋਂ ਸਾਰਾ ਛਈ ਰੋਗ ਨਾਸ ਹੋਇਆ ਅਤੇ (ਊਚ) ਉੱਤਮ (ਸੂਰਤੇ) ਸ਼ਕਲ (ਸੁਹੱਪਣ) ਵਿੱਚ ਨਿਵਾਸ ਹੋਇਆ॥੧੫॥

**ਇਤਿ ਬਚਿਤ੍ਰ ਨਾਟਕੇ ਚੰਦ੍ਰਮਾ ਅਵਤਾਰ ਉਨੀਸਮੋਂ ਸਮਾਪਤ ਮਸਤੁ ਸੁਭ ਮਸਤੁ॥੧੯॥**